ISSN 2516-9009

# ਅਨਹਦ

## ਈ-ਮੈਗਜ਼ੀਨ

ਸਾਲ 8, ਅੰਕ 1
ਜਨਵਰੀ - ਮਾਰਚ 2026

A Peer Reviewed Punjabi Research Journal
E-mail: anhadmagazine@gmail.com
anhadmagazine2026@gmail.com
Website: anhadmagazine.com
follow us on facebook anhadmagazine
Contact: 98684-54545, 94643-46677

ISSN 2516-9009

# ਅਨਹਦ

## ਅੰਤਰ-ਰਾਸ਼ਟਰੀ ਈ-ਮੈਗਜ਼ੀਨ

**Chief Patron**
Dr. Parminder Singh
Vill. Fatehgarh Chhanna, (Sangrur)
parmindersinghshonkey@gmail.com

**Chief Editor**
Prof. Jaspal Kaur
University of Delhi
drjaspalkaur@gmail.com

**Editorial Panel**
Dr. Ishwar Dayal Gaur
Dr. Bhim Inder Singh
Dr. Ashish Kumar
Dr. Barjinder Singh Chowhan
Dr. Pritam Singh
Dr. Major Singh
Dr. Balwinder Singh
Dr. Lakhwinder Singh
Dr. Anureet Kaur
Dr. Kawaljeet Kaur
Dr. Gurnam Singh
Dr. Sandeep Kaur
Dr. Sarabjit Singh (Bathinda)
Ms. Veer Kaur
Amanpreet Singh Bhana
Jaspal Singh
Shamsher singh

**Supporting Panel**
Simranjeet Kaur
Gagan Brar (London)
Rajinder Singh
Gurtej Singh
Manpreet Kaur Banga
Satvinder Kaur
Sonam
Jasvir Singh Longowal
Prabjot Kaur
Harman Singh Chohla

**Designed by**
Simrik

**Legal Advisor**
Adv. Molsari S.Chabba Chowhan
Supreme Court, New Delhi-110001

-ਅਨਹਦ ਈ-ਮੈਗਜ਼ੀਨ ਦੇ ਸਾਰੇ ਕਾਮੇ ਆਰਜ਼ੀ ਤੌਰ 'ਤੇ ਬਿਨਾਂ ਕਿਸੇ ਮੁਆਵਜ਼ੇ ਦੇ ਕੰਮ ਕਰਦੇ ਹਨ।
-ਲੇਖਕ ਆਪਣੇ ਵਿਚਾਰਾਂ ਲਈ ਆਪ ਜਿੰਮੇਵਾਰ ਹੋਵੇਗਾ।
-ਅਨਹਦ ਈ-ਮੈਗਜ਼ੀਨ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਕਾਨੂੰਨੀ ਕਾਰਵਾਈ ਦਿੱਲੀ ਅਤੇ ਸੰਗਰੂਰ ਦੀ ਅਦਾਲਤਾਂ ਵਿਚ ਹੀ ਹੋ ਸਕੇਗੀ।

# ਵਿਸ਼ਾ-ਸੂਚੀ


**ਸੰਪਾਦਕੀ**

ਪ੍ਰੋ. ਜਸਪਾਲ ਕੌਰ........................................................................................................1

1. **ਬਦਲਦੇ ਸਮਾਜਕ-ਸੱਭਿਆਚਾਰਕ ਮੁੱਲਾਂ ਦੀ ਉਪਜ : ਨਾਵਲ ਕਲਾਕਾਰ**

   ਡਾ. ਮਨੀਸ਼ਾ ਬੱਤਰਾ........................................................................................................2

2. **ਸੁਖਵਿੰਦਰ ਅੰਮ੍ਰਿਤ ਦੀ ਕਵਿਤਾ ਵਿਚ ਉਭਰਦਾ ਬੇਬਾਕ ਔਰਤ ਦਾ ਅਕਸ**

   ਡਾ. ਸੁਖਵਿੰਦਰ ਕੌਰ........................................................................................................18

3. **ਨਾਰੀ ਤ੍ਰਾਸਦੀ ਦੀ ਗਾਥਾ : ਨਾਵਲ ਇਸਤਰੀ ਕਥਾ**

   ਡਾ. ਅਕਵਿੰਦਰ ਕੌਰ........................................................................................................25

4. **ਗੁਰਬਾਣੀ ਵਿੱਚ ਪੇਸ਼ ਧਰਮ ਦੀ ਸੱਤਾ: ਪੁਨਰ ਮੰਥਨ**

   ਡਾ. ਗੁਰਨਾਮ ਸਿੰਘ........................................................................................................30

5. **ਆਪਣੇ ਆਪਣੇ ਮਰਸੀਏ : ਨਾਰੀ ਸੰਵੇਦਨਾ**

   ਡਾ. ਦੀਦਾਰ ਸਿੰਘ........................................................................................................39

6. **ਝਾਂਜਰਾਂ ਵਾਲੇ ਪੈਰ : ਸਭਿਆਚਾਰਕ ਤਣਾਓ ਦਾ ਬਿਰਤਾਂਤ**

   ਸਿਮਰਜੀਤ ਕੌਰ........................................................................................................45

7. **ਦੇਹ ਕੀ ਸਾਖੀ : ਸਵੈ-ਪਾਰਗਾਮੀਕਰਨ**

   ਸਤਵਿੰਦਰ ਕੌਰ........................................................................................................51

8. **ਭਖਦਾ ਪਤਾਲ: ਦਲਿਤ ਚੇਤਨਾ ਦੀ ਪੇਸ਼ਕਾਰੀ**

   ਹਰਜਿੰਦਰ ਸਿੰਘ........................................................................................................60

9. ਕਵੀਸ਼ਰੀ ਕਾਵਿ ਵਿਚ ਵਰਣਿਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਚਰਿੱਤਰ : ਇਕ ਅਧਿਐਨ

ਪਰਮਿੰਦਰ ਸਿੰਘ......69

10. ਹਰਜੀਤ ਅਟਵਾਲ ਦੀ ਨਾਵਲ ਦ੍ਰਿਸ਼ਟੀ : ਸਾਊਥਾਲ ਦੇ ਵਿਸ਼ੇਸ਼ ਪ੍ਰਸੰਗ ਵਿਚ

ਰਵਿੰਦਰ ਸਿੰਘ......82

11. ਸ਼ਾਇਰੀ : ਹਾਸ਼ੀਆਗਤ ਧਿਰਾਂ ਦਾ ਬਿਰਤਾਂਤ

ਸੋਨਮ......88

## ਪੁਸਤਕ ਰੀਵੀਊ

12. ਖ਼ਾਮੋਸ਼ ਰਾਹਾਂ ਦੇ ਭੇਦ (ਰੂਹ ਦੀ ਅੰਤਹੀਣ ਯਾਤਰਾ)/ਡਾ.ਪਰਮਿੰਦਰ ਸਿੰਘ ਸ਼ੌਂਕੀ

ਸਿਫ਼ਰਨਵੀਸ ਇਕਵਿੰਦਰ ਪਾਲ ਸਿੰਘ......98

13.ਘਰ/ਹਰਜੀਤ ਅਟਵਾਲ

ਜਗਮੀਤ ਸਿੰਘ......103

# ਸੰਪਾਦਕੀ

ਵਿਸ਼ਵ ਇਕਾਈ ਅੱਜ ਜਦੋਂ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਦੌਰ ਵਿਚੋਂ ਲੰਘ ਰਹੀ ਹੈ ਤਾਂ ਅਜਿਹੇ ਵੇਲੇ ਇਹ ਹੋਰ ਵੀ ਅਹਿਮ ਜਾਪਦਾ ਹੈ ਕਿ ਲਿਖਤ ਦਾ ਵਜੂਦ ਕਿਹੋ ਜਿਹਾ ਰਵੇਗਾ? ਸੂਚਨਾ ਤਕਨੋਲੋਜੀ ਦੀ ਸਪੇਸ ਸਦਕਾ ਸਾਹਿਤਕ ਦੁਨੀਆਂ ਵਿਚ ਵੀ ਵੱਡੀਆਂ ਤਬਦੀਲੀਆਂ ਵਾਪਰਦੀਆਂ ਹਨ। ਨਵੀਂ ਤਕਨੋਲੋਜੀ ਦੇ ਆਉਣ ਨਾਲ ਆਉਣ ਵਾਲੀਆਂ ਸਾਹਿਤਕ ਕਿਰਤਾਂ ਤੇ ਉਨ੍ਹਾਂ ਦੀ ਚਿੰਤਨੀ ਪ੍ਰਕ੍ਰਿਆ ਕੀ ਇਸ ਤੋਂ ਪ੍ਰਭਾਵਿਤ ਹੋਵੇਗੀ ? ਇਹ ਪ੍ਰਭਾਵ ਕਿਹੋ ਜਿਹੇ ਹੋਣਗੇ? ਸਾਹਿਤਕ ਮਿਆਰ ਕਿਹੋ ਜਿਹਾ ਹੋਵੇਗਾ? ਪਾਠਕੀ-ਪੜ੍ਹਤ ਉਪਰ ਵੀ ਕੀ ਇਸ ਦਾ ਪ੍ਰਭਾਵ ਹੋਵੇਗਾ? ਇਹ ਕੁਝ ਅਜਿਹੇ ਪ੍ਰਸ਼ਨ ਹਨ ਜਿਹੜੇ ਜਿਹਨ ਵਿਚ ਪੈਦਾ ਹੋਣੇ ਸੁਭਾਵਕ ਹੀ ਹਨ।

ਸਾਹਿਤ ਸਿਰਜਣਾ ਤੋਂ ਅਧਿਐਨ ਦੇ ਅਨੰਤ ਸਫਰ ਤੀਕ ਰਚਨਾ ਵਿਰਚਿਤ ਹੁੰਦੀ ਹੈ। ਇੰਝ ਅਧਿਐਨ ਪ੍ਰਕ੍ਰਿਆ ਨਿੱਤ ਨਵੀਆਂ ਦਿਸ਼ਾਵਾਂ ਵੱਲ ਨੂੰ ਫੈਲਦੀ ਦੇਖੀ ਜਾ ਸਕਦੀ ਹੈ। ਜਿੱਥੇ ਸਾਹਿਤਕ ਕਿਰਤ ਦੀ ਸਿਰਜਣਾਤਮਕਤਾ ਵਿਚ ਤਬਦੀਲੀਆਂ ਦੇਖਣ ਨੂੰ ਮਿਲਦੀਆਂ ਹਨ ਉੱਥੇ ਸਿਰਜਣਾ ਦੀ ਪੜ੍ਹਤ ਵੀ ਇਕਹਰੀ ਜਾਂ ਲਕੀਰੀ ਨਹੀਂ ਰਹੀ, ਸਗੋਂ ਅੰਤਰ-ਅਨੁਸ਼ਾਸਨੀ ਅਧਿਐਨ ਵਿਧੀਆਂ ਰਾਹੀਂ ਵਿਗਿਆਨਕ ਆਧਾਰਾਂ ਵਾਲੀਆਂ ਪਾਠਕੀ-ਪੜ੍ਹਤਾਂ ਰਚਨਾ ਦੇ ਉਚਾਰ ਤੋਂ ਲੈੰਗ ਤੀਕ ਪਹੁੰਚ ਕਰਨ ਦਾ ਤਰੱਦਦ ਕਰਦੀਆਂ ਹਨ। ਪੱਥਰ ਯੁਗ ਤੋਂ ਆਰਟੀਫੀਸ਼ੀਅਲ ਇੰਟੈਲੀਜੈਂਸ ਤੀਕ ਲਿਖਤ ਦੇ ਫੈਲਾਅ ਨੂੰ ਨਵੇਂ ਦਿੱਸਹੱਦਿਆਂ ਤੀਕ ਵਿਗਸਦਿਆ ਦੇਖਿਆ ਜਾ ਸਕਦਾ ਹੈ। ਅਜੋਕੇ ਸਮੇਂ ਤੀਕ ਪਾਠ (Text) ਅਣਗਿਣਤ ਉਤਰਾਅ-ਚੜ੍ਹਾਅ ਚੋਂ ਲੰਘਦਾ ਸੁਹਿਰਦ ਲਿਖਤ ਤੇ ਸੁਹਿਰਦ ਪਾਠਕ ਦਾ ਮੁਹਾਂਦਰਾ ਨਿਸ਼ਚਿਤ ਕਰਦਾ ਹੈ। ਸਿਰਜਣਾਤਮਕ ਲਿਖਤ ਆਪਣੇ ਸੁਭਾਅ ਪੱਖੋਂ ਲੋਕਪੱਖੀ ਹੁੰਦੀ ਹੈ, ਕਿਸੇ ਇਕੱਲੀ ਇਕਹਿਰੀ ਧਿਰ ਦੀ ਨੁਮਾਇੰਦਗੀ ਕਰਨਾ ਉਸਦਾ ਟੀਚਾ ਨਹੀਂ ਹੁੰਦਾ। ਨਾ ਹੀ ਲਿਖਤ ਦਾ ਸੁਭਾਅ ਪ੍ਰਭੁਤਾ ਵਾਲਾ ਹੁੰਦਾ ਹੈ। ਅਸਲ ਵਿਚ ਕੋਈ ਲੇਖਕ ਤਾਂ ਹੀ ਸੁਹਿਰਦ ਲੇਖਕ ਹੋ ਸਕਦਾ ਹੈ ਜੇਕਰ ਉਹ ਲੋਕਹਿੱਤ ਦੀ ਨੁਕਤਾ-ਨਿਗਾਹ ਤੋਂ ਆਪਣਾ ਕਲਮੀ ਸਫਰ ਹੀ ਤੈਅ ਨਹੀਂ ਕਰਦਾ ਸਗੋਂ ਉਸਦੀ ਸੰਵੇਦਨਾ ਮਨੁੱਖਤਾ ਦੇ ਹੱਕ ਵਿਚ ਆਪਣਾ ਪੱਖ ਪੂਰਦੀ ਹੈ। ਇਸੇ ਕ੍ਰਮ ਵਿਚ ਲਿਖਤ ਦੀ ਪੜ੍ਹਤ ਲਈ ਵੀ ਸੁਹਿਰਦਤਾ ਤੇ ਪ੍ਰਤੀਬੱਧਤਾ ਉੰਨੀ ਹੀ ਜਰੂਰੀ ਹੈ ਜਿੰਨੀ ਲਿਖਤ ਲਈ। ਪਾਠਕੀ ਪੜ੍ਹਤ ਲਈ ਕਿਸੇ ਪੂਰਵ ਨਿਰਧਾਰਿਤ ਸੋਚ ਰਾਹੀਂ ਸਹੀ ਮੁਕਾਮ ਉਪਰ ਅਪੜਨਾ ਮੁਮਕਿਨ ਨਹੀਂ ਹੁੰਦਾ ਇਸ ਲਈ ਜਰੂਰੀ ਹੈ ਕਿ ਲਿਖਤ ਨੂੰ ਕੇਂਦਰ ਵਿਚ ਰੱਖ ਉਸ ਦੇ ਹਰ ਪਹਿਲੂ ਨੂੰ ਉਭਾਰਿਆ ਜਾਵੇ ਅਤੇ ਉਸ ਦੀਆਂ ਅੰਤਰੀਵ ਤੈਹਾਂ ਨੂੰ ਖੰਗਾਲਿਆ ਜਾਵੇ, ਇਹ ਇਕ ਸੁਹਿਰਦ ਪਾਠਕ ਦੀ ਨੈਤਿਕ ਜਿੰਮੇਵਾਰੀ ਵੀ ਹੈ। ਇੰਝ ਲਿਖਤ ਤੇ ਪੜ੍ਹਤ ਦਾ ਇਹ ਸਿਲਸਿਲਾ ਨੈਤਿਕਤਾ ਦੇ ਨੁਕਤਾ-ਨਿਗਾਹ ਤੋਂ ਹੀ ਅੰਜਾਮ ਤੀਕ ਪਹੁੰਚਣਾ ਚਾਹੀਦਾ ਹੈ।

ਸਾਹਿਤ ਸਿਰਜਣਾ ਲਈ ਰਚਨਾਕਾਰ ਦੀ ਨੈਤਿਕਤਾ, ਸੁਹਿਰਦਤਾ ਅਤੇ ਪ੍ਰਤੀਬੱਧਤਾ ਹੀ ਕਿਸੀ ਮਿਆਰੀ, ਸ਼ਾਹਕਾਰ ਰਚਨਾ ਦਾ ਸਬੱਬ ਬਣਦੀ ਹੈ ਇਨ੍ਹਾਂ ਲਿਖਤਾਂ ਦੀ ਪੜ੍ਹਤ ਉਸ ਤੋਂ ਵੀ ਵੱਧ ਨੈਤਿਕ ਜਿੰਮੇਵਾਰੀ ਦੀ ਮੰਗ ਕਰਦੀ ਹੈ। ਲੇਖਕ ਤੇ ਪਾਠਕ ਦੀ ਸਮੱਰਥਾ ਵੀ ਇਸ ਕਾਰਜ ਵਿਚ ਅਹਿਮ ਰੋਲ ਅਦਾ ਕਰਦੀ ਹੈ। ਇੰਝ ਪਾਠ ਤੋਂ ਪਠਨ ਤੀਕ ਦਾ ਇਹ ਸਫਰ ਲਕੀਰੀ ਨਹੀਂ ਰਹਿੰਦਾ ਸਗੋਂ ਬਹੁ-ਦਿਸ਼ਾਵੀ, ਬਹੁ-ਪਾਸਾਰੀ, ਬਹੁ-ਸੰਭਾਵੀ ਪ੍ਰਸੰਗਾਂ ਵੱਲ ਖੁਲ੍ਹਦਾ ਹੈ। ਅਨਹਦ ਦੇ ਇਸ ਅੰਕ ਨਾਲ ਇਹ ਜਤਨ ਜਾਰੀ ਰਹੇਗਾ ਕਿ ਅਕਾਦਮਿਕ ਮਿਆਰ ਨੂੰ ਧਿਆਨ ਵਿਚ ਰੱਖਦੀਆਂ ਗਹਿਨ ਪੜ੍ਹਤਾਂ ਵਾਲੇ ਖੋਜ-ਪਰਚਿਆਂ ਨੂੰ ਪਹਿਲ ਦਿੱਤੀ ਜਾਵੇ ਤਾਂ ਜੋ ਪੰਜਾਬੀ ਚਿੰਤਨ ਦਾ ਚਿਹਰਾ-ਮੁਹਰਾ ਹੋਰ ਨਿਖਰ ਕੇ ਉਘੜ ਸਕੇ।

ਪ੍ਰੋ. ਜਸਪਾਲ ਕੌਰ

ਮੁੱਖ ਸੰਪਾਦਕ

ਅਨਹਦ ਈ-ਮੈਗਜੀਨ

# ਬਦਲਦੇ ਸਮਾਜਕ-ਸੱਭਿਆਚਾਰਕ ਮੁੱਲਾਂ ਦੀ ਉਪਜ : ਨਾਵਲ ਕਲਾਕਾਰ

**ਡਾ. ਮਨੀਸ਼ਾ ਬੱਤਰਾ**
**ਅਸਿਸਟੈਂਟ ਪ੍ਰੋਫ਼ੈਸਰ**
**ਪੰਜਾਬੀ ਵਿਭਾਗ, ਮਾਤਾ ਸੁੰਦਰੀ ਕਾਲਜ**

ਆਧੁਨਿਕ ਪੰਜਾਬੀ ਸਾਹਿਤ ਵਿਚ ਨਾਵਲ ਸਾਹਿਤ ਦਾ ਇਕ ਅਹਿਮ ਰੂਪਾਕਾਰ ਹੈ। ਵਿਸ਼ਾਲ ਕਾਰਜ ਖੇਤਰ ਹੋਣ ਕਾਰਨ ਇਹ ਮਾਨਵ ਜੀਵਨ ਨਾਲ ਸੰਬੰਧਿਤ ਘਟਨਾਵਾਂ ਤੇ ਸਥਿਤੀਆਂ ਨੂੰ ਆਪਣੇ ਅੰਦਰ ਸਮੋਈ ਰੱਖਣ ਦੀ ਸਮਰੱਥਾ ਰੱਖਦਾ ਹੈ। ਅਨੇਕ ਗਲਪਕਾਰਾਂ ਨੇ ਆਪਣੀਆਂ ਰਚਨਾਵਾਂ ਰਾਹੀਂ ਭਾਰਤੀ ਤੇ ਪਰਵਾਸੀ ਪੰਜਾਬੀ ਗਲਪ ਰਚਨਾ ਦੇ ਖੇਤਰ ਵਿਚ ਆਪਣੇ ਹਸਤਾਖ਼ਰ ਸਥਾਪਤ ਕੀਤੇ ਹਨ। ਇਨ੍ਹਾਂ ਹਸਤਾਖ਼ਰਾਂ ਵਿਚੋਂ ਇਕ ਬਹੁ-ਚਰਚਿਤ ਨਾਂ ਹਰਜੀਤ ਅਟਵਾਲ ਦਾ ਹੈ। ਜਿਸ ਦਾ ਡਾਇਸਪੋਰਿਕ ਗਲਪ ਸੰਸਾਰ ਵਿਚ ਉੱਭਾਰ ਵੱਖਰੇ ਅੰਦਾਜ਼ ਦਾ ਧਾਰਨੀ ਹੈ। ਹਰਜੀਤ ਅਟਵਾਲ ਨੇ ਆਪਣੇ ਸਾਹਿਤਕ ਸਫ਼ਰ ਦੀ ਸ਼ੁਰੂਆਤ ਭਾਵੇਂ ਸਰਦ ਪੈਰਾਂ ਦੀ ਉਡੀਕ (ਕਾਵਿ-ਸੰਗ੍ਰਹਿ) ਨਾਲ ਕੀਤੀ ਪਰ ਛੇਤੀ ਹੀ ਉਹ ਕਹਾਣੀਆਂ ਲਿਖਣ ਵੱਲ ਰੁਚਿਤ ਹੋ ਗਿਆ ਤੇ ਸਹਿਜੇ ਹੀ ਉਹ ਬਰਤਾਨੀਆ ਦੇ ਬਹੁ-ਚਰਚਿਤ ਕਹਾਣੀਕਾਰਾਂ ਦੀ ਕਤਾਰ ਵਿਚ ਸ਼ਾਮਿਲ ਹੋ ਗਿਆ। ਪਰ ਉਸ ਦੀ ਸਾਹਿਤਕ ਸਮਰੱਥਾ ਦੀ ਵਾਸਤਵਿਕ ਪਛਾਣ ਉਸ ਦੀ ਨਾਵਲ ਰਚਨਾ ਤੋਂ ਮੰਨੀ ਜਾਂਦੀ ਹੈ। ਅਟਵਾਲ ਆਪਣੇ ਨਾਵਲਾਂ ਰਾਹੀਂ ਯੂਰੋਪ ਦੇ ਵਿਕਸਤ ਸਰਮਾਏਦਾਰੀ ਪ੍ਰਬੰਧ ਵਿਚ ਵਿਚਰਦੇ ਪੰਜਾਬੀ ਭਾਈਚਾਰੇ ਦੀ ਜੀਵਨ ਵਿਧੀ ਦੇ ਯਥਾਰਥ ਦਾ ਪ੍ਰਵਚਨ ਸਿਰਜਦਿਆਂ, ਉਸ ਦੇ ਹੋਂਦ-ਮੁਖੀ ਸੰਘਰਸ਼ ਨੂੰ ਨਵੀਨ ਸਥਿਤੀਆਂ ਅਨੁਕੂਲ ਸਿਰਜਦਾ ਹੈ।

ਹਰਜੀਤ ਅਟਵਾਲ ਦੇ ਨਾਵਲ ਭਾਰਤੀ/ਪੰਜਾਬੀ ਦੇ ਯੂਰੋਪੀਅਨ/ਪੱਛਮੀ ਧਰਾਤਲ ਉੱਤੇ ਸਥਾਪਤ ਹੋਣ ਦੇ ਸਮੁੱਚੇ ਇਤਿਹਾਸਕ ਵੇਰਵਿਆਂ ਤੋਂ ਅਗਾਂਹ, ਉਸ ਜਟਿਲ ਸਭਿਆਚਾਰਕ ਸਥਿਤੀ ਨੂੰ ਕੇਂਦਰ ਪੱਖੋਂ ਉੱਭਾਰਦੇ ਹਨ ਜਿਸ ਅੰਤਰਗਤ ਪੂੰਜੀਵਾਦੀ ਕਦਰਾਂ-ਕੀਮਤਾਂ ਸਾਡੇ ਰਵਾਇਤੀ ਰਿਸ਼ਤਿਆਂ ਦੇ ਨੈੱਟਵਰਕ ਨੂੰ ਤਹਿਸ-ਨਹਿਸ ਕਰ ਦਿੰਦੀਆਂ ਹਨ। ਇਵੇਂ ਅਟਵਾਲ ਦੀ ਨਾਵਲੀ ਸਮਰੱਥਾ ਪਰੰਪਰਕ ਪਰਵਾਸੀ ਚੇਤਨਾ ਤੋਂ ਪਾਰ ਅਜਿਹੇ ਵਸਤੂਗਤ ਧਰਾਤਲ ਦੀ ਨਿਰਮਾਣਕਾਰੀ ਕਰਦੀ ਹੈ, ਜਿਸ ਦੇ ਅੰਤਰਗਤ ਭੂ-ਹੇਰਵਾ, ਪੂਰਬੀ-ਪੱਛਮੀ ਕਦਰਾਂ-ਕੀਮਤਾਂ ਦੇ ਟਕਰਾਉ ਵਰਗੇ ਇਕਹਿਰੇ ਵਿਚਾਰਧਾਰਾਈ ਸੂਤਰਾਂ ਲਈ ਕੋਈ ਥਾਂ ਨਹੀਂ ਸਗੋਂ ਉਸ ਦੇ ਨਾਵਲ ਸਹੀ ਅਰਥਾਂ ਵਿਚ ਪਰਵਾਸੀ ਜੀਵਨ-ਯਥਾਰਥ ਦੀ ਪੇਸ਼ਕਾਰੀ ਕਰਦੇ ਨਜ਼ਰੀ ਪੈਂਦੇ ਹਨ। ਅਟਵਾਲ ਆਪਣੇ ਨਾਵਲਾਂ ਵਿਚ ਪਰਵਾਸ ਨੂੰ ਭੌਤਿਕੀ ਵਰਤਾਰੇ ਤੋਂ ਵੱਧ ਮਾਨਸਿਕ ਤੌਰ 'ਤੇ ਚਿੱਤਰਦਾ ਹੈ। ਉਸ ਦੇ ਨਾਵਲਾਂ ਵਿਚ ਖ਼ਾਮੋਸ਼ੀਆਂ, ਸੰਕੇਤ, ਪ੍ਰਤੀਕ ਅਤੇ ਵਿਰੋਧਾਭਾਸ ਅਜਿਹੇ ਗਲਪੀ ਆਧਾਰਾਂ ਦੀ ਸਿਰਜਣਾ ਕਰਦੇ ਹਨ, ਜਿਨ੍ਹਾਂ ਵਿਚੋਂ ਪਾਤਰ ਆਪਣੇ ਸੰਘਰਸ਼ ਅਤੇ ਪ੍ਰਤੀਕਰਮਾਂ ਦੁਆਰਾ ਪਰਵਾਸ ਵਿਚ ਆਪਣੀ ਥਾਂ ਨਿਸ਼ਚਤ ਕਰਨ ਲਈ ਯਤਨਸ਼ੀਲ ਰਹਿੰਦੇ ਹਨ। ਉਹ ਆਪਣੇ ਨਾਵਲਾਂ ਵਿਚ ਪੱਛਮੀ ਖੁੱਲ੍ਹ, ਉਪਭੋਗੀ ਮਾਨਸਿਕਤਾ ਦੇ ਸੰਦਰਭਾਂ ਰਾਹੀਂ ਪੰਜਾਬੀ ਮਨੁੱਖ ਦੀ ਪਰਵਾਸੀ ਹੋਂਦ, ਰਿਸ਼ਤਿਆਂ ਵਿਚਲੀ ਟੁੱਟ-ਭੱਜ ਦੀਆਂ ਪਰਤਾਂ ਨੂੰ ਖ਼ੂਬਸੂਰਤੀ ਨਾਲ ਚਿੱਤਰਦਾ ਹੈ। ਨਾਵਲਕਾਰ ਵਜੋਂ ਅਟਵਾਲ ਮੂਲਵਾਸੀਆਂ ਤੇ ਪਰਵਾਸੀਆਂ ਦੇ ਜੀਵਨ ਯਥਾਰਥ, ਵੱਖਰਤਾਵਾਂ ਤੇ ਸਾਂਝ ਦੀਆਂ ਮਹੀਨ ਤੰਦਾਂ ਦੀ ਪਛਾਣ ਕਰਦਾ ਹੋਇਆ, ਉਨ੍ਹਾਂ ਵਿਚਲੇ ਅੰਤਰ-ਸੰਬੰਧਾਂ ਦਾ ਗਲਪੀ ਪ੍ਰਵਚਨ ਸਿਰਜਦਾ

ਹੈ। ਉਹ ਪੂਰਵਲੀਆਂ ਸਥਿਤੀਆਂ ਤੋਂ ਮੁਕਤ ਹੋ ਕੇ ਰਿਸ਼ਤਿਆਂ ਦੇ ਪੂਰਬੀ ਤੇ ਪੱਛਮੀ ਮਾਡਲਾਂ ਨੂੰ ਵਿਸ਼ਾਲ ਮਾਨਵੀ ਧਰਾਤਲ ਉੱਤੇ ਰੱਖ ਕੇ ਨਿਰਖਦਾ-ਪਰਖਦਾ ਹੈ।

ਅਟਵਾਲ ਨੇ ਆਪਣੇ ਨਾਵਲੀ ਸਫ਼ਰ ਦਾ ਆਗਾਜ਼ ਨਾਵਲ ਵਨਵੇਅ (1998) ਰੇਤ (2003), ਸਵਾਰੀ (2005), ਸਾਊਥਾਲ (2009), ਬ੍ਰਿਟਿਸ਼ ਬੌਰਨ ਦੇਸੀ (2011), ਅਕਾਲ ਸਹਾਇ (2012), ਗੀਤ (2012), ਮੁੰਦਰੀ ਡੌਟ ਕੌਮ (2013), ਮੋਰ ਉਡਾਰੀ (2015), ਆਪਣਾ (2015), ਕਾਲੇ ਰੰਗ ਗੁਲਾਬ ਦੇ (2017), ਜੇਠੂ (2018), ਹਾਦਸੇ (2018), ਸਫ਼ਰ (2022), ਘਰ (2024), ਕਾਦਰ (2025), ਅਤੇ ਕਲਾਕਾਰ (2025) ਰਾਹੀਂ ਡਾਇਸਪੋਰਿਕ ਨਾਵਲ ਜਗਤ ਵਿਚ ਆਪਣੀ ਵੱਖਰੀ ਪਛਾਣ ਸਥਾਪਤ ਕੀਤੀ।

ਹਰਜੀਤ ਅਟਵਾਲ ਦਾ ਨਵ-ਪ੍ਰਕਾਸ਼ਿਤ ਨਾਵਲ 'ਕਲਾਕਾਰ' ਇੱਕ ਮੰਚੀ ਪੇਸ਼ਕਾਰੀ ਵਰਗੀ ਬਿਰਤਾਂਤਕ ਰਚਨਾ ਹੈ। ਨਾਵਲ ਜਿਸ ਸਥਾਨ, ਸਥਿਤੀਆਂ ਤੇ ਸੰਵਾਦ ਤੋਂ ਆਰੰਭਦਾ ਹੈ ਅੰਤ ਵਿੱਚ ਉਨ੍ਹਾਂ ਹੀ ਸਥਿਤੀਆਂ ਤੇ ਸੰਵਾਦ ਤੀਕ ਪਹੁੰਚ ਕਰਦਾ ਹੈ। ਅਗਰ ਬਦਲਾਉ ਵਾਪਰਦਾ ਹੈ ਤਾਂ ਉਹ ਸਿਰਫ਼ ਪਾਤਰਾਂ ਦੀ ਮਾਨਸਿਕਤਾ ਤੇ ਪ੍ਰਸਥਿਤੀਆਂ ਵਿੱਚ, ਜੋ ਕਿ ਉਨ੍ਹਾਂ ਦੇ ਵਿਹਾਰ ਦੀ ਹੀ ਉਪਜ ਹੁੰਦੀਆਂ ਹਨ। ਇਸ ਦੇ ਆਗਾਜ਼ ਤੇ ਅੰਤ ਵਿਚ ਭਾਰਤੀ/ਪੰਜਾਬੀ ਪਰਿਵਾਰ ਨਾਲ ਸੰਬੰਧਿਤ ਉਹ ਪੂਰਾ ਬਿਰਤਾਂਤ ਪੇਸ਼ ਕੀਤਾ ਗਿਆ ਹੈ ਜਿਸ ਵਿੱਚ ਉਹ ਇੱਛਤ ਰੂਪ 'ਚ ਪੱਛਮੀ/ਯੂਰੋਪੀਅਨ ਸਭਿਆਚਾਰ ਦਾ ਹਿੱਸਾ ਬਣਦੇ ਹਨ। ਨਾਵਲ ਵਿਚਲੇ ਅਧਿਕਤਰ ਪਾਤਰ ਸੁੱਖ-ਸੁਵਿਧਾਵਾਂ ਦੀ ਭਾਲ ਵਿੱਚ ਆਪਣੇ ਘਰ, ਆਪਣੀ ਜੱਦੀ ਭੂਮੀ ਨੂੰ ਛੱਡ ਪੱਛਮ ਵੱਲ ਵਿਸਥਾਪਤ ਹੋ ਜਾਂਦੇ ਹਨ। ਨਾਵਲ ਵਿਚਲਾ ਹਰ ਪਾਤਰ ਪਰਿਵਾਰਕ/ਸਮਾਜਕ ਅੰਤਰ-ਸੰਬੰਧਾਂ ਤੇ ਭਾਈਚਾਰੇ ਦੇ ਬਾਵਜੂਦ ਇੱਕ ਦੂਜੇ ਦਾ ਮਾਨਸਿਕ ਤੇ ਆਰਥਕ ਸੋਸ਼ਣ ਕਰਨ ਵੱਲ ਰੁੱਚਿਤ ਹੁੰਦੇ ਹਨ।

ਨਾਵਲ ਦਾ ਬਿਰਤਾਂਤ ਬਹੁ-ਪਾਤਰਾਂ ਦੀ ਥਾਂ ਇੱਕ ਪਰਿਵਾਰ ਨਾਲ ਜੁੜੇ ਰਿਸ਼ਤਿਆਂ ਦੀ ਤਸਵੀਰਕਸ਼ੀ ਕਰਦਾ ਹੈ ਜੋ ਨਾਵਲੀ ਕਥਾਨਕ ਨੂੰ ਗਤੀਮਾਨ ਕਰਦੇ ਹਨ। ਨਾਵਲ ਦਾ ਮੁੱਖ ਪਾਤਰ (ਧਰਮ ਸਿੰਘ) ਨਿੱਜੀ ਜ਼ਿੰਦਗੀ ਵਿੱਚ ਅਧਿਐਨ-ਅਧਿਆਪਨ ਜਗਤ ਨਾਲ ਜੁੜਿਆ ਹੋਇਆ ਹੈ। ਉਹ ਆਪਣੇ ਪੇਸ਼ੇ ਵਾਂਗ ਹੀ ਹਰ ਚੀਜ਼ ਨੂੰ ਅਨੁਮਾਨਿਤ ਸਮੇਂ ਮੁਤਾਬਕ ਤੇ ਨਿਯਮਨੁਸਾਰ ਚਲਾਉਣ ਵਿੱਚ ਯਕੀਨ ਰੱਖਦਾ ਹੈ। ਇਹ ਵਿਉਂਤ ਉਹ ਨਿਰੰਤਰ ਰੂਪ ਵਿੱਚ ਆਪਣੀ ਨਿੱਜੀ ਜ਼ਿੰਦਗੀ ਦੇ ਨਾਲ-ਨਾਲ ਆਪਣੇ ਸਮਾਜਕ ਭਾਈਚਾਰੇ ਵਿੱਚ ਵੀ ਲਾਗੂ ਕਰਦਾ ਰਹਿੰਦਾ ਹੈ। ਉਸ ਮੁਤਾਬਕ ਕਿਸੀ ਵੀ ਪਦਾਰਥ ਦੀ ਨਿਰਮਾਣਕਾਰੀ ਤੋਂ ਜ਼ਿਆਦਾ ਮਹੱਤਵਪੂਰਣ ਉਸ ਵਸਤੂ ਦਾ ਬਾਜ਼ਾਰੀ ਪ੍ਰਯੋਗ 'ਤੇ ਨਿਰਭਰ ਹੋਣਾ ਹੈ। ਨਾਵਲੀ ਬਿਰਤਾਂਤ ਮੁੱਖ ਪਾਤਰ ਦੁਆਰਾ 'ਖੋਟਾ ਪੈਸਾ' ਬਣਾਉਣ ਤੋਂ ਵੱਧ, ਉਸ ਨੂੰ ਚਲਾਉਣ ਵਰਗੀ ਵਿਚਾਰਧਾਰਾ ਤੋਂ ਆਰੰਭਦਾ ਹੈ। ਜੇ 'ਖੋਟਾ ਪੈਸਾ' ਬਾਜ਼ਾਰ ਵਿੱਚ ਚੱਲ ਜਾਵੇਂ ਤਾਂ ਬਹੁ-ਇੱਛਾਵਾਂ ਦੀ ਪੂਰਤੀ ਦੇ ਨਾਲ-ਨਾਲ ਉਹ ਮੁੜ ਵਾਪਸ ਆ ਮਿਲਦਾ ਹੈ। ਇਸ ਨੂੰ ਚਲਾਉਣ ਲਈ ਮਨੁੱਖ ਵਿੱਚ ਆਤਮ-ਵਿਸ਼ਵਾਸ ਦੇ ਨਾਲ ਬਿਰਤਾਂਤ ਰਚਾਉਣ ਦੀ ਕਲਾ ਵੀ ਹੋਣੀ ਚਾਹੀਦੀ ਹੈ ਤਾਂ ਜੋ ਸਮਾਜ ਨੂੰ ਉਸ ਦੇ ਖੋਟੇਪਣ ਦਾ ਅਹਿਸਾਸ ਨਾ ਹੋ ਸਕੇ। ਇਸ ਲਈ ਹਨੇਰੇ ਨੂੰ ਬਿੰਬ ਜਾਂ ਕਥਾਨਕ ਦੇ ਰੂਪ ਵਿੱਚ ਪ੍ਰਯੋਗ ਕਰਨਾ ਮਨੁੱਖੀ ਕਲਾਕਾਰੀ ਦੀ ਸਫ਼ਲਮਈ ਸਿਖ਼ਰ ਵੱਲ ਸੰਕੇਤ ਕਰਦਾ ਹੈ ਜਿਵੇਂ:

ਧਰਮ ਸਿੰਘ ਉਸ ਤੋਂ ਨੋਟ ਫੜਦਾ ਬੋਲਿਆ, "ਲਿਆ ਉਰੇ, ਇਹ ਤੇਰੇ ਵੱਸ ਦਾ ਰੋਗ ਨਹੀਂ, ਖੋਟਾ ਸਿੱਕਾ ਚਲਾਉਣ ਲਈ ਅਕਲ ਵੀ ਚਾਹੀਦੀ ਐ, ਇਹ ਕਲਾ ਐ, ਦੇਖ ਮੈਂ ਕਿਵੇਂ ਚਲਾਉਨਾਂ।"[1]

ਪਾਤਰ ਧਰਮ ਸਿੰਘ ਦਾ ਉਪਰੋਕਤ ਸੰਵਾਦ ਉਸ ਦੇ ਕਲਾਤਮਕ ਪੱਖ ਦੇ ਨਾਲ-ਨਾਲ ਉਸ ਦੇ ਬੋਧਿਕ ਪੱਧਰ ਵੱਲ ਇਸ਼ਾਰਾ ਕਰਦਾ ਹੈ ਜੋ ਨਾਵਲੀ ਬਿਰਤਾਂਤ ਨੂੰ ਅਗਾਂਹ ਤੋਰਨ ਵਿੱਚ ਮਦਦਗਾਰ ਸਾਬਿਤ ਹੁੰਦਾ ਹੈ। ਸਕੂਲ ਅਧਿਆਪਕ ਦੇ ਪਦ ਤੋਂ ਰਿਟਾਇਰਡ ਹੋਣ ਦੇ ਬਾਵਜੂਦ ਧਰਮ ਸਿੰਘ ਆਪਣੇ ਆਰਥਕ ਅਤੇ ਸਮਾਜਕ ਝਮੇਲਿਆਂ ਨਾਲ ਨਿਰੰਤਰ ਤੌਰ 'ਤੇ ਜੂਝਦਾ ਰਹਿੰਦਾ ਹੈ। ਇੱਥੋਂ ਤਕ ਕਿ ਉਹ ਆਪਣੀ ਕਬੀਲਦਾਰੀ ਨੂੰ ਵੀ ਸੁਚਾਰੂ ਰੂਪ ਵਿੱਚ ਨਜਿੱਠਣ ਤੋਂ ਅਸਮਰਥ ਹੁੰਦਾ ਹੈ। ਪਰਿਵਾਰਕ ਤੌਰ 'ਤੇ ਵੀ ਉਹ ਬਹੁ-ਸਮੱਸਿਆਵਾਂ ਨਾਲ ਘਿਰਿਆ ਰਹਿੰਦਾ ਹੈ। ਜਿੱਥੇ ਇੱਕ ਪਾਸੇ ਘੱਟ ਪੜ੍ਹੀ ਅਤੇ ਵਿਆਹ ਲਾਇਕ ਹੋਣ ਦੇ ਬਾਵਜੂਦ ਉਸ ਦੀ ਧੀ ਜੀਤੀ ਦਾ ਰਿਸ਼ਤਾ ਨਹੀਂ ਹੋ ਪਾਉਂਦਾ ਉੱਥੇ ਉਸ ਨੇ ਆਪਣੇ ਦੋਵੇਂ ਵੱਡੇ ਮੁੰਡਿਆਂ ਸੁਖਪਾਲ ਤੇ ਅਮਰੀਕ ਨੂੰ ਪੜ੍ਹਾਉਣ ਖਾਤਰ ਆਪਣੀ ਜ਼ਮੀਨ ਗਹਿਣੇ ਰੱਖੀ ਹੋਈ ਸੀ। ਉਸ ਦਾ ਨਿੱਕਾ ਮੁੰਡਾ ਹਰਦੀਪ ਅਵਾਰਾਗਰਦੀ ਤੋਂ ਇਲਾਵਾ ਕੁਝ ਵੀ ਨਹੀਂ ਕਰਦਾ। ਅਹਿਜੀ ਸਥਿਤੀ ਵਿੱਚ ਉਸ ਦੀ ਸਭ ਤੋਂ ਵੱਡੀ ਰੜਕਣ ਉਸ ਦੇ ਵੱਡੇ ਪੁੱਤਰ ਸੁਖਪਾਲ ਜੋ ਚੰਡੀਗੜ੍ਹ ਵਿੱਚ ਇਨਕਮ ਟੈਕਸ ਦੀ ਵਕਾਲਤ ਕਰ ਰਿਹਾ ਹੁੰਦਾ ਹੈ ਦਾ ਆਪਣੀ ਜ਼ਿੰਮੇਵਾਰੀ ਤੋਂ ਭੱਜਣਾ ਹੈ। ਧਰਮ ਸਿੰਘ ਉਸ ਨੂੰ ਕਈ ਵਾਰ ਖੇਤ ਛੁਡਵਾਉਣ ਬਾਰੇ ਯਾਦ ਕਰਵਾਉਂਦਾ ਹੈ ਪਰ ਇਸ ਦੇ ਵਿਪਰੀਤ ਉਹ ਚੰਡੀਗੜ੍ਹ ਵਿੱਚ ਕੋਠੀ ਖਰੀਦਣ ਖਾਤਰ ਇੱਕ ਜ਼ਮੀਨ ਵਿੱਚੋਂ ਹਿੱਸਾ ਮੰਗਣ ਲੱਗਦਾ ਹੈ:

> "ਸੁਖਪਾਲ, ਮੈਂ ਗਲ ਗਲ ਕਰਜ਼ੇ 'ਚ ਡੁਬਿਆ ਪਿਆਂ, ਤੂੰ ਮੱਦਦ ਦੀ ਥਾਂ ਹਿੱਸਾ ਮੰਗਣ ਆ ਗਿਆ?" ਧਰਮ ਸਿੰਘ ਨੇ ਗੁੱਸੇ ਵਿੱਚ ਆਉਂਦਿਆਂ ਕਿਹਾ।
> "ਪਿਤਾ ਜੀ, ਮੈਂ ਆਪਣਾ ਹਿੱਸਾ ਹੀ ਮੰਗ ਰਿਹਾਂ।" ਸੁਖਪਾਲ ਨੇ ਖਿਝਦੇ ਹੋਏ ਆਖਿਆ।
> "ਪਹਿਲਾਂ ਗਹਿਣੇ ਪਿਆ ਖੇਤ ਛੁਡਵਾ ਫੇਰ ਗੱਲ ਕਰਦੇ ਆਂ।" ਧਰਮ ਸਿੰਘ ਨੇ ਆਪਣਾ ਗੁੱਸਾ ਕਾਇਮ ਰੱਖਦਿਆਂ ਕਿਹਾ। ਇਸ ਗੱਲ ਨੂੰ ਲੈ ਕੇ ਪਿਓ-ਪੁੱਤਰ ਵਿੱਚ ਵਾਹਵਾ ਤੂੰ ਤੂੰ-ਮੈਂ ਮੈਂ ਹੋ ਗਈ।[2]

ਬਿਰਤਾਂਤਕ ਸੰਵਾਦ ਮਨੁੱਖੀ ਰਿਸ਼ਤਿਆਂ ਵਿਚਲੇ ਉਸ ਤਣਾਉ ਦੀ ਪੇਸ਼ਕਾਰੀ ਕਰਦਾ ਹੈ ਜਿਸ ਅੰਤਰਗਤ ਰਿਸ਼ਤੇ ਪਦਾਰਥਕ ਲੋੜਾਂ ਦੀ ਪੂਰਤੀ ਖਾਤਰ ਇੱਕ ਦੂਜੇ ਨਾਲ ਜੁੜੇ ਹੋਏ ਹਨ। ਜਦੋਂ ਇਹ ਪੂਰਤੀ ਇੱਕ ਰਿਸ਼ਤੇ ਤੋਂ ਪੂਰੀ ਨਹੀਂ ਹੁੰਦੀ ਤਾਂ ਮਨੁੱਖੀ ਮਾਨਸਿਕਤਾ ਆਪਣੀਆਂ ਜਰੂਰਤਾਂ ਮੁਤਾਬਕ ਨਵੇਂ ਰਾਹ ਭਾਲ ਲੈਂਦੀ ਹੈ। ਨਾਵਲੀ ਪਾਤਰ ਧਰਮ ਸਿੰਘ ਵੀ ਇਸੀ ਵਿਹਾਰ ਨੂੰ ਅਪਣਾਉਂਦਾ ਆਪਣੇ ਵੱਡੇ ਪੁੱਤਰ ਸੁਖਪਾਲ ਤੋਂ ਨਿਰਾਸ਼ ਜਦੋਂ ਛੋਟੇ ਪੁੱਤਰ ਅਮਰੀਕ, ਜੋ ਪੜ੍ਹ-ਲਿਖ ਕੇ ਇੰਗਲੈਂਡ ਦਾ ਸਥਾਨਕ ਵਸਨੀਕ ਬਣ ਚੁੱਕਿਆ ਹੈ ਤੋਂ ਮਦਦ ਦੀ ਉਮੀਦ ਕਰਦਾ ਹੈ ਤਾਂ ਉਸ ਵੱਲੋਂ ਵੀ ਨਿਰਾਸ਼ਾ ਹੱਥ ਆਉਂਦੀ ਹੈ। ਇੱਥੋਂ ਤੱਕ ਇੰਡੀਆ ਆਇਆ ਅਮਰੀਕ ਜਦੋਂ ਆਪਣੇ ਪੰਜਾਹ ਪੌਂਡ ਦੀ ਚੋਰੀ ਬਾਰੇ ਰੌਲਾ ਪਾਉਂਦਾ ਹੈ ਤਾਂ ਧਰਮ ਸਿੰਘ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰਦਾ ਹੈ। ਉਹ ਦੋਵੇਂ ਪੁੱਤਰਾਂ ਤੋਂ ਨਿਰਾਸ ਆਪਣੀ ਸਥਿਤੀ ਨੂੰ ਆਪ ਬਦਲਣ ਦਾ ਫੈਸਲਾ ਕਰਦਾ ਹੈ। ਨਾਵਲੀ ਪਾਠ ਅਨੁਸਾਰ ਧਰਮ ਸਿੰਘ ਵਰਗਾ ਬੰਦਾ ਕਦੇ ਸਥਿਤੀਆਂ ਸਾਹਮਣੇ ਗੋਡੇ ਨਹੀਂ ਟੇਕਦਾ ਸਗੋਂ ਉਹ ਸਥਿਤੀਆਂ ਵਿੱਚੋਂ ਮੌਕੇ ਦੀ ਭਾਲ ਕਰਨ ਵਾਲੀ 'ਕਲਾਕਾਰ' ਸ਼ਖ਼ਸੀਅਤ ਬਣ ਉਭਰਦਾ ਹੈ। ਆਪਣੇ ਵਿਹਾਰ ਮੁਤਾਬਕ ਉਹ ਮੁਕੱਦਮੇਬਾਜ਼ੀ ਨੂੰ ਇੱਕ ਪ੍ਰਕਾਰ ਦਾ ਨਿਵੇਸ਼ ਸਮਝਦਾ ਹੈ, ਜਿਸ ਅੰਦਰ ਲਾਇਆ ਪੈਸਾ ਇੱਕ ਦਿਨ ਸੂਤ ਸਮੇਤ ਕਈ ਗੁਣਾਂ ਬਣ ਵਾਪਸ ਜਰੂਰ ਪਰਤਦਾ ਹੈ। ਪਾਠ ਅਨੁਸਾਰ ਇਸ ਉਦੇਸ਼ ਦੀ ਪੂਰਤੀ ਹੇਠ ਉਹ ਅਦਾਲਤੀ ਮੁਕੱਦਮਾਂ ਜਿੱਤ ਜਾਂਦਾ ਹੈ ਪਰ ਉਸ ਨੂੰ ਗੜ੍ਹੀ ਪਿੰਡ ਵਾਲੀ ਜ਼ਮੀਨ ਦਾ ਕਬਜ਼ਾ ਨਹੀਂ ਮਿਲ ਪਾਉਂਦਾ। ਨਾਵਲੀ ਬਿਰਤਾਂਤ ਦੀ ਪਿੱਛਲ ਝਾਤ ਮੁਤਾਬਕ ਧਰਮ ਸਿੰਘ ਦੀ ਪਤਨੀ ਰੇਸ਼ਮ ਕੌਰ ਇਸੇ ਪਿੰਡ ਵਿੱਚ ਪਲੀ-ਵੱਡੀ ਹੋਈ,

ਉਸ ਦੀ ਮਾਸੀ ਜੁਗਿੰਦਰ ਕੌਰ ਨੇ ਉਸ ਨੂੰ ਗੋਦ ਲਿਆ ਹੋਇਆ ਸੀ। ਮਾਸੜ ਬਲਬੀਰ ਸਿੰਘ ਮਰਨ ਲੱਗਿਆਂ ਆਪਣੇ ਪੰਜ ਖੇਤਾਂ ਦੀ ਵਸੀਅਤ ਰੇਸ਼ਮ ਕੌਰ ਦੇ ਨਾਂ ਕਰਾ ਗਿਆ। ਜ਼ਮੀਨ ਉਪਰ ਬਲਬੀਰ ਸਿੰਘ ਦੇ ਭਰਾ ਗੁਰਬਚਨ ਸਿੰਘ ਦਾ ਕਬਜ਼ਾ ਸੀ। ਮੁਕੱਦਮਾ ਜਿੱਤਣ ਤੋਂ ਬਾਅਦ ਉਹ ਕਬਜ਼ਾ ਨਹੀਂ ਛੱਡਦਾ। ਅਜਿਹੀ ਸਥਿਤੀ ਵਿੱਚ ਕਾਨੂੰਨੀ ਕਾਰਵਾਈ ਵੀ ਵਿਅਰਥ ਹੋ ਗਈ।

ਜ਼ਮੀਨ ਛੁਡਾਉਣ ਖ਼ਾਤਰ ਧਰਮ ਸਿੰਘ ਦੇ ਅਵਚੇਤਨ ਵਿੱਚ ਕਈ ਪ੍ਰਕਾਰ ਦੀਆਂ ਯੋਜਨਾਵਾਂ ਨਿਰਮਿਤ ਹੁੰਦੀਆਂ ਹਨ। ਇਸ ਸੰਬੰਧੀ ਉਹ ਨਿਰੰਤਰ ਰੂਪ ਵਿੱਚ ਹੋਮ ਵਰਕ ਕਰਦਾ ਰਹਿੰਦਾ ਹੈ। ਕਿਸਮਤ ਤੋਂ ਜ਼ਿਆਦਾ ਵਿਉਂਤਬੰਦੀ ਵਿੱਚ ਯਕੀਨ ਰੱਖਣ ਵਾਲਾ ਧਰਮ ਸਿੰਘ ਹੁਣ ਨਵੀਂ ਬਾਜ਼ੀ ਦੀ ਤਿਆਰੀ ਕਰਦਾ ਹੈ। ਆਪਣੀਆਂ ਪੂਰਵਲੀਆਂ ਸਥਿਤੀਆਂ ਵਿੱਚ ਉਸ ਦੇ ਪਹਿਲੇ ਦੋ ਖੋਟੇ ਸਿੱਕੇ ਜਿਨ੍ਹਾਂ ਨੂੰ ਉਸ ਨੇ ਜ਼ਮੀਨ ਗਿਰਵੀ ਰੱਖ ਕੇ ਪੜ੍ਹਾਇਆ-ਲਿਖਾਇਆ ਸੀ ਕਿਸੇ ਕੰਮ ਦੇ ਨਹੀਂ ਹੁੰਦੇ। ਹੁਣ ਉਹ ਆਪਣੇ ਅਗਲੇ ਖੋਟੇ ਸਿੱਕੇ ਦੀ ਭਾਲ ਲਈ ਯਤਨਸ਼ੀਲ ਰਹਿੰਦਾ ਹੈ, ਜਿਸ ਨੂੰ ਉਹ ਤਿਆਰ ਕਰ ਬਾਜ਼ਾਰ ਵਿੱਚ ਚਲਾ ਸਕੇ। ਯੋਜਨਾ ਮੁਤਾਬਕ ਉਸ ਲਈ ਸਿਰਫ਼ ਖੋਟਾ ਸਿੱਕਾ ਚਲਾਉਣਾ ਹੀ ਜ਼ਰੂਰੀ ਨਹੀਂ ਸਗੋਂ ਖੋਟੇ ਸਿੱਕੇ ਦਾ ਘਰ ਵਾਪਸ ਪਰਤਣਾ ਅਤੇ ਬਾਰ-ਬਾਰ ਚੱਲਣਾ ਹੋਰ ਜ਼ਰੂਰੀ ਹੁੰਦਾ ਹੈ। ਇਸ ਸੰਬੰਧੀ ਉਹ ਬਹੁ-ਮੰਥਨ ਦੀ ਅਵਸਥਾ 'ਚੋਂ ਗੁਜ਼ਰਦਿਆਂ ਆਪਣੇ ਨਿੱਕੇ ਪੁੱਤਰ ਹਰਦੀਪ ਤੇ ਉਸ ਦੇ ਮਿੱਤਰਾਂ ਬਾਰੇ ਵਿਚਾਰ ਕਰਦਾ ਹੈ। ਪਦਾਰਥਵਾਦੀ ਮਾਨਸਿਕਤਾ ਦਾ ਧਾਰਣੀ ਧਰਮ ਸਿੰਘ ਹੁਣ ਆਪਣੇ ਨਿੱਕੇ ਪੁੱਤਰ ਨੂੰ ਆਪਣੀ ਸੁਆਰਥਪੂਰਤੀ ਲਈ ਵਰਤਦਾ ਹੈ। ਉਹ ਆਪਣੀ ਮਨਸ਼ਾ ਦੀ ਪੂਰਤੀ ਲਈ ਆਪਣੇ ਪੁੱਤਰ ਨੂੰ ਜਮੀਨ ਦੀ ਅਹਿਮੀਅਤ ਬਾਰੇ ਬਾਰ-ਬਾਰ ਕਹਿੰਦਾ ਹੈ:
"ਜਿੱਦਣ ਢਾਬ (ਗੜ੍ਹੀ) ਆਲੀ ਜ਼ਮੀਨ ਦਾ ਕਬਜ਼ਾ ਮਿਲ ਗਿਆ, ਮੋਟਰ ਸਾਈਕਲ ਤੇਰਾ ਅਗਲੇ ਦਿਨ ਹੀ ਪੱਕਾ।" ਧਰਮ ਸਿੰਘ ਗੜ੍ਹੀ ਵਾਲੀ ਜ਼ਮੀਨ ਦੀ ਅਹਿਮੀਅਤ ਹਰਦੀਪ ਦੇ ਮਨ ਉਪਰ ਅੰਕਿਤ ਕਰਦਾ ਰਹਿੰਦਾ ਸੀ। ਉਸ ਨੇ ਜ਼ਮੀਨ ਛੁਡਵਾਉਣ ਦੀ ਰੂਪ ਰੇਖਾ ਮਨ ਵਿੱਚ ਬਣਾ ਲਈ ਸੀ"।[3]

ਅਧਿਆਪਨ ਦੇ ਕਾਰਜ ਤੋਂ ਰਿਟਾਇਰਡ ਧਰਮ ਸਿੰਘ ਭਾਵੇਂ ਇਤਿਹਾਸ ਦਾ ਅਧਿਆਪਕ ਹੁੰਦਾ ਹੈ ਪਰ ਆਪਣੀ ਨਿੱਜੀ ਜ਼ਿੰਦਗੀ ਵਿੱਚ ਉਹ ਗਣਿਤ ਦੇ ਹਰ ਫ਼ਾਰਮੂਲੇ ਦਾ ਪ੍ਰਯੋਗ ਕਰਦਾ ਨਜ਼ਰੀ ਪੈਂਦਾ ਹੈ। ਉਸ ਦੇ ਵਿਹਾਰ ਵਿੱਚ ਅਰਥਸ਼ਾਸਤਰੀ ਵਾਲੇ ਗੁਣ ਵੀ ਸ਼ਾਮਿਲ ਹਨ ਕਿਉਂ ਜੋ ਉਹ ਆਪਣੀ ਸਾਰੀ ਜ਼ਿੰਦਗੀ 'ਵਿਉਂਤਮਈ ਪੂੰਜੀ' ਤੋਂ ਪ੍ਰਾਪਤ ਮੁਨਾਫ਼ੇ ਨੂੰ ਦੁੱਗਣਾ ਕਰ ਸਕੇ। ਪਾਠ ਅਨੁਸਾਰ ਇਸ ਵਿਸ਼ੇ ਵਿੱਚ ਉਸ ਨੂੰ ਮਾਹਰਤ ਹਾਸਿਲ ਹੋ ਜਾਂਦੀ ਹੈ। ਧਰਮ ਸਿੰਘ ਜਿੱਥੇ ਇੱਕ ਪਾਸੇ ਆਪਣੇ ਪੁੱਤਰ ਹਰਦੀਪ ਦੇ ਹਮਲਾਵਾਰਾਨਾ ਸੁਭਾਅ ਤੋਂ ਚੰਗੀ ਤਰ੍ਹਾਂ ਵਾਕੀਫ਼ ਹੁੰਦਾ ਹੈ ਉੱਥੇ ਦੂਜੇ ਪਾਸੇ ਸਾਹਮਣੇ ਵਾਲੇ ਧਿਰ ਦਾ ਪੂਰਾ ਅਲਜਬਰਾ ਸਮਝ ਜਾਂਦਾ ਹੈ। ਸਹੀ ਸਮਾਂ ਆਉਣ ਤੇ ਇੱਕ ਸ਼ਿਕਾਰੀ ਵਾਂਗ ਉਹ ਆਪਣੇ ਪੁੱਤਰ ਨੂੰ ਇੱਕ ਅਖੀਰਲੇ ਤੀਰ ਵਾਂਗੂ ਪ੍ਰਯੋਗ ਕਰ ਕਈ ਸਾਲਾਂ ਤੋਂ ਕਬਜ਼ੇ ਪਈ ਜ਼ਮੀਨ ਨੂੰ ਛੁਡਵਾ ਲੈਂਦਾ ਹੈ। ਪਾਠਗਤ ਵੇਰਵਿਆਂ ਅਨੁਸਾਰ ਧਰਮ ਸਿੰਘ ਉਸ ਵਿੱਚੋਂ ਕੁਝ ਹਿੱਸੇ ਨੂੰ ਆਪਣੇ ਕੋਲ ਰੱਖ ਕੇ ਬਾਕੀ ਦੀ ਸਾਰੀ ਜਮੀਨ ਦਾ ਸੌਦਾ ਕਰ ਪ੍ਰਾਪਤ ਧਨ ਦੀ ਐਫ.ਡੀ ਕਰਵਾ ਦਿੰਦਾ ਹੈ।
ਨਾਵਲੀ ਬਿਰਤਾਂਤ ਵਿਚਲੀ ਇਹ ਘਟਨਾ ਨਾਵਲੀ ਕਥਾਨਕ ਨੂੰ ਗਤੀ ਪ੍ਰਦਾਨ ਕਰਦੀ ਹੈ। ਮੌਕਾਪ੍ਰਸਤ ਦੀ ਭੂਮਿਕਾ ਨਿਭਾਉਣ ਵਾਲਾ ਮਾਸਟਰ ਧਰਮ ਸਿੰਘ ਹੁਣ 'ਪੂੰਜੀਪਤੀ ਧਰਮ ਸਿੰਘ' ਬਣ ਜਾਂਦਾ ਹੈ। ਉਹ ਆਪਣੀ ਕਾਮਯਾਬ

ਤਕਨੀਕਾਂ ਨੂੰ ਅਕਸਰ ਚੇਤੇ ਕਰਦਾ ਭਵਿੱਖਮੁਖੀ ਤਰਕੀਬਾਂ ਬਣਾਉਂਦਾ ਹੈ। ਜ਼ਮੀਨ ਦਾ ਕਬਜ਼ਾ ਮਿਲਣ ਉਪਰੰਤ ਜਦੋਂ ਉਸ ਦਾ ਵੱਡਾ ਪੁੱਤਰ ਸੁਖਪਾਲ ਉਸ ਤੋਂ ਆਪਣਾ ਹਿੱਸਾ ਮੰਗਣ ਪਹੁੰਚਦਾ ਹੈ ਤਾਂ ਉਹ ਕਹਿੰਦਾ ਹੈ:

> 'ਉਹ ਸਭ ਸਾਡੇ ਮਰਨ ਤੋਂ ਬਾਅਦ ਹੀ, ਤੁਸੀਂ ਤਾਂ ਆਪਣਾ ਹਿੱਸਾ ਲੈ ਕੇ ਤੁਰਦੇ ਬਨੋਂਗੇ ਤੇ ਸਾਨੂੰ ਬੁੱਢਿਆਂ ਨੂੰ ਮਰਨ ਲਈ ਇਥੇ ਛੱਡ ਜਾਓਗੇ, ਤੂੰ ਚੰਡੀਗੜ੍ਹ ਜਾ ਕੇ ਬਹਿ ਗਿਆਂ, ਇੱਕ ਲੰਡਨ ਜਾ ਬੈਠਾ ਤੇ ਇਹ ਛੋਟਾ ਵੀ ਕਿਸੇ ਕੰਢੇ ਲੱਗ ਜਾਊ, ਅਸੀਂ ਤੁਹਾਡੇ ਹਿੱਸੇ ਹੁਣੇ ਵੰਡ ਦਿੱਤੇ ਤਾਂ ਸਾਨੂੰ ਕੌਣ ਸੰਭਾਲੂ।" ਧਰਮ ਸਿੰਘ ਨੇ ਗੱਲ ਸਾਫ ਕਰ ਦਿੱਤੀ।[4]

ਧਰਮ ਸਿੰਘ ਦਾ ਉਪਰੋਕਤ ਕਥਨ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਉਹ ਆਪਣੀਆਂ ਨੀਤੀਆਂ ਤੇ ਵਿਧੀਆਂ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹੁੰਦਾ ਹੈ। ਭਵਿੱਖਮੁਖੀ ਬਿਰਤੀਆਂ ਦਾ ਮਾਲਕ ਉਹ ਅਗਲੀ ਵਿਉਂਤ ਦੀ ਤਿਆਰੀ ਬਹੁਤ ਹੀ ਸੁਹਿਰਦਤਾ ਨਾਲ ਕਰਦਾ ਹੈ। ਉਹ ਆਪਣੀ ਕੁੜੀ ਜੀਤੀ ਲਈ ਮੁੰਡਾ ਭਾਲਦਾ ਹੋਇਆ, ਇੱਕ ਇਸ਼ਤਿਹਾਰ ਵਿੱਚ ਆਪਣੇ ਪੁੱਤਰ ਹਰਦੀਪ ਲਈ ਇੱਕ ਕੁੜੀ ਲੱਭ ਲੈਂਦਾ ਹੈ। ਯੋਜਨਾ ਮੁਤਾਬਕ ਆਸਟ੍ਰੇਲੀਆ ਦੇ ਪਰਿਵਾਰ ਦੀ ਪਿੰਕੀ ਨਾਂ ਦੀ ਕੁੜੀ ਨਾਲ ਹਰਦੀਪ ਦਾ ਰਿਸ਼ਤਾ ਪੱਕਾ ਹੋ ਜਾਂਦਾ ਹੈ। ਪਿਛਲੇ ਜ਼ਮੀਨੀ ਕਬਜ਼ੇ ਦੀ ਤਰ੍ਹਾਂ ਇੱਥੇ ਵੀ ਪੀਓ-ਪੁੱਤਰ ਇਸ ਨੂੰ ਇੱਕ ਬਾਜ਼ੀ ਮਾਰਨ ਵਰਗੀ ਧਾਰਣਾ ਅਨੁਸਾਰ ਦੇਖਦੇ ਹਨ। ਦੋਵੇਂ ਹਰ ਉਹ ਵਿਉਂਤ ਅਪਣਾਉਂਦੇ ਹਨ ਜਿਸ ਰਾਹੀਂ ਇਹ ਰਿਸ਼ਤਾ ਸਿਰੇ ਚੜ ਜਾਵੇਂ ਤੇ ਹਰਦੀਪ ਆਸਟ੍ਰੇਲੀਆ ਵਿੱਚ ਪੱਕਾ ਹੋ ਜਾਏ। ਆਪਣੇ ਪੁੱਤਰ ਦੇ ਸੁਭਾਅ ਤੋਂ ਚੰਗੀ ਤਰ੍ਹਾਂ ਵਾਕੀਫ਼ ਧਰਮ ਸਿੰਘ ਉਸ ਨੂੰ ਸਮਝਾਉਂਦਾ ਹੈ:

> "ਬਾਜ਼ੀ ਤਾਂ ਮਾਰ ਲਈ ਪਰ ਜਦ ਤਕ ਗੱਲ ਸਿਰੇ ਨਹੀਂ ਚੜ੍ਹਦੀ, ਇਹਨੂੰ ਇਹੀ ਸਮਝਾਉਨਾ ਕਿ ਅਸਟਰੇਲੀਆ ਪੁੱਜਣ ਤਕ ਮੂੰਹ ਬੰਦ ਰੱਖੇ, ਕਹਿੰਦੇ ਹੁੰਦੈ ਆ ਕਿ ਹਰ ਆਦਮੀ ਓਨਾ ਚਿਰ ਅਕਲਮੰਦ ਹੁੰਦਾ ਜਿੰਨਾ ਚਿਰ ਉਹ ਬੋਲਦਾ ਨਹੀਂ, ਇੱਕ ਮੂੰਹ ਬੰਦ ਤੇ ਦੂਜਾ ਦਾਰੂ ਤੋਂ ਦੂਰ ਰਹੇ।" ...ਦੀਪਿਆ, ਤੂੰ ਕਾਹਲਾ ਪੈ ਜਾਨਾਂ ਪਰ ਉਹ ਮੁਲਕ ਹੈਗਾ ਓਪਰਾ, ਉਥੇ ਦੀ ਜ਼ਿੰਦਗੀ ਤੇਰੇ ਲਈ ਨਵੀਂ ਹੋਣੀ ਐਂ, ਬਹੁਤ ਕੁਝ ਨਵਾਂ ਸਿੱਖਣ ਵਾਲਾ ਹੋਣਾ, ਚੇਤੇ ਰੱਖੀਂ ਜਿਹੜੇ ਰਾਹਾਂ ਦਾ ਪਤਾ ਨਾ ਹੋਵੇ ਉਥੇ ਹੌਲੀ ਚੱਲੀਦਾ।"[5]

ਪਾਠਗਤ ਵੇਰਵਿਆਂ ਅਨੁਸਾਰ ਆਪਣੇ ਪਿਓ ਦੀ ਮਦਦ ਰਾਹੀਂ ਹਰਦੀਪ ਆਵਾਸੀ ਤੋਂ ਪ੍ਰਵਾਸੀ ਹੁੰਦਾ ਸਿਡਨੀ ਸ਼ਹਿਰ ਦਾ ਵਸਨੀਕ ਬਣ ਜਾਂਦਾ ਹੈ। ਸ਼ੁਰੂਆਤ ਵਿੱਚ ਉੱਥੇ ਦਾ ਮਾਹੌਲ ਉਸ ਨੂੰ ਅਣਸੁਖਾਵਾਂ ਪ੍ਰਤੀਤ ਹੁੰਦਾ ਹੈ ਪਰ ਆਪਣੇ ਪਿਤਾ ਦੇ ਕਥਨ ਅਨੁਸਾਰ ਉਹ ਖ਼ੁਦ ਤੇ ਕਾਬੂ ਰੱਖਦਾ ਉੱਥੇ ਦੇ ਸਥਾਨਕ ਸੱਭਿਆਚਾਰ ਵਿੱਚ ਵਿਲੀਨ ਹੋ ਜਾਂਦਾ ਹੈ। ਨਾਵਲੀ ਬਿਰਤਾਂਤ ਅਨੁਸਾਰ ਉਸ ਦੀ ਪਦਾਰਥਵਾਦੀ ਮਾਨਸਿਕਤਾ ਵਿੱਚ ਵਿਸਤਾਰ ਹੋਣ ਲੱਗਦਾ ਹੈ। ਸੁਹਰੇ ਪਰਿਵਾਰ ਤੇ ਆਸ਼ਰਿਤ ਹੁੰਦਾ ਹੋਇਆ ਵੀ ਉਹ ਬਾਹਰਲੇ ਮੁੱਲਕ ਵਿੱਚ ਆਪਣੀ ਸਵੈ-ਇੱਛਾਵਾਂ ਦੀ ਪੂਰਤੀ ਹੇਠ ਜਦੋਂ ਉਨ੍ਹਾਂ ਤੋਂ ਵਿਪਰੀਤ ਫ਼ੈਸਲੇ ਲੈਣੇ ਸ਼ੁਰੂ ਕਰਦਾ ਹੈ ਤਾਂ ਰਿਸ਼ਤਿਆਂ ਵਿੱਚ ਟਕਰਾਉ ਵਾਪਰਦਾ ਹੈ। ਪਿੰਕੀ ਤੇ ਉਸ ਦੇ ਮਾਪਿਆਂ ਤੇ ਹਰਦੀਪ ਦੇ ਰੂਪਾਂਤਰਿਤ ਵਿਹਾਰ ਦਾ ਡੂੰਘਾ ਪ੍ਰਭਾਵ ਪੈਂਦਾ ਹੈ ਜਿਸ ਕਾਰਣ ਪਰਿਵਾਰ ਵਿੱਚ ਵਿਖੰਡਨ ਪੈਦਾ ਹੋ ਜਾਂਦਾ ਹੈ:

'ਬਸ ਇੰਨੀ ਦੇਰ ਸੀ ਕਿ ਘਰ ਵਿੱਚ ਜਿਵੇਂ ਭੁਚਾਲ ਆ ਗਿਆ। ਇਕਬਾਲ ਸਿੰਘ, ਗੁਰਨਾਮ ਕੌਰ ਤੇ ਚਰਨਜੀਤ ਤਿੰਨਾਂ ਨੇ ਰਲ ਕੇ ਹਰਦੀਪ ਨੂੰ ਢਾਹ ਲਿਆ। ਉਸ ਦੀ ਵਾਹਵਾ ਕੁੱਟ ਮਾਰ ਕੀਤੀ । ਪਰ ਉਹ ਤਕੜਾ ਸੀ । ਉਹ ਸੱਟਾਂ ਖਾ ਕੇ ਵੀ ਉੱਠ ਖੜਿਆ ਤੇ ਉਸ ਨੇ ਤਿੰਨਾਂ ਨੂੰ ਹੀ ਕੁੱਟ ਧਰਿਆ ਤੇ ਘਰੋਂ ਨਿਕਲ ਗਿਆ। ਪਿੰਕੀ ਖੜ੍ਹੀ ਰੋਂਦੀ ਰਹੀ'। [6]

ਹਰਦੀਪ ਦੇ ਤੁਰੰਤ ਸਭਿਆਚਾਰੀ ਵਿਲੀਨੀਕਰਨ ਕਾਰਣ ਹਰਦੀਪ ਤੇ ਪਿੰਕੀ ਦੀ ਵਿਆਹੁਤਾ ਜ਼ਿੰਦਗੀ ਵਿੱਚ ਮਤਭੇਦ ਵੱਧਣ ਲੱਗ ਪਏ। ਉਨ੍ਹਾਂ ਦੋਹਾਂ ਦਾ ਪੁੱਤਰ ਹੋਣ ਤੋਂ ਬਾਅਦ ਸਥਿਤੀ ਇਸ ਕਦਰ ਤਬਦੀਲ ਹੋ ਗਈ ਕਿ ਪਿੰਕੀ ਦੇ ਮਾਪਿਆਂ ਨੇ ਹਰਦੀਪ ਨੂੰ ਘਰੋਂ ਕੱਢ ਦਿੱਤਾ। ਉਸ ਨੂੰ ਉਸ ਦੇ ਆਪਣੇ ਪੁੱਤਰ ਤੇ ਪਿੰਕੀ ਨੂੰ ਮਿਲਣ ਤੋਂ ਸਖ਼ਤੀ ਨਾਲ ਰੋਕਿਆ ਗਿਆ। ਇੱਥੋਂ ਤਕ ਕੇ ਉਸ ਨੂੰ ਦੁਬਾਰਾ ਉਸ ਘਰ ਵਾਪਸ ਨਾ ਆਉਣ ਲਈ ਪੁਲਸ ਦੀ ਧਮਕੀ ਵੀ ਦਿੱਤੀ ਗਈ। ਜਦੋਂ ਹਰਦੀਪ ਆਪਣੇ ਪਿਤਾ ਧਰਮ ਸਿੰਘ ਕੋਲੋਂ ਆਪਣਾ ਘਰ ਖਰੀਦਣ ਲਈ ਆਰਥਕ ਮਦਦ ਮੰਗਦਾ ਹੈ ਤਾਂ ਧਰਮ ਸਿੰਘ ਇੱਕ ਵਾਰ ਹੋਰ ਆਪਣੀ ਰਣਨੀਤੀ ਅਨੁਸਾਰ ਉਸ ਦੀ ਗੱਲ ਨੂੰ ਅਣਗੌਲਿਆ ਕਰ ਦਿੰਦਾ ਹੈ। ਉਸ ਦੇ ਅਨੁਮਾਨ ਮੁਤਾਬਕ ਹਰਦੀਪ ਦਾ ਆਸਟ੍ਰੇਲੀਆ ਵਿੱਚ ਟਿਕੇ ਰਹਿਣਾ ਤੇ ਪੱਕਾ ਹੋਣਾ ਹੁਣ ਮੁਸਕਲ ਕਾਰਜ ਹੋ ਨਿਬੜਦਾ ਹੈ। ਭਵਿੱਖਮੁਖੀ ਬਿਰਤੀ ਵਾਲੇ ਧਰਮ ਸਿੰਘ ਨੂੰ ਹਰਦੀਪ ਦੇ ਨਿਵਣ ਨਾ ਹੋਣ ਵਾਲੇ ਵਿਹਾਰ ਸਾਹਮਣੇ ਘਰ ਦੇ ਡਿਪੋਜ਼ਟ ਲਈ ਪੈਸੇ ਭੇਜਣਾ ਵਿਅਰਥ ਜਾਪਦਾ ਹੈ। ਹਰਦੀਪ ਦੇ ਪਿੰਕੀ ਵਿਚਕਾਰ  ਝਗੜਾ ਇਸ ਕਦਰ ਵੱਧ ਜਾਂਦਾ ਹੈ ਕਿ ਉਨ੍ਹਾਂ ਦਾ ਰਿਸ਼ਤਾ ਕੋਟ-ਕਚਿਰੀ ਤਕ ਪੁੱਜ ਜਾਂਦਾ ਹੈ। ਸਿਡਨੀ ਦੇ ਪੂਰੇ ਪੰਜਾਬੀ ਭਾਈਚਾਰੇ ਵਿੱਚ ਇਸ ਘਟਨਾ ਦੀ ਚਰਚਾ ਹੋਣ ਲੱਗ ਪੈਂਦੀ ਹੈ। ਸਥਿਤੀ ਦੀ ਗੰਭੀਰਤਾ ਨੂੰ ਸਮਝਦਾ ਧਰਮ ਸਿੰਘ ਆਪਣੇ ਕਿਤਾਬੀ ਅਨੁਭਵ ਅਨੁਸਾਰ ਹਰਦੀਪ ਨੂੰ ਸਿਡਨੀ ਛੱਡ, ਮੈਲਬੌਰਨ ਜਾਂ ਕਿਸੇ ਹੋਰ ਸ਼ਹਿਰ ਨੂੰ ਚਲੇ ਜਾਣ ਦੀ ਸਲਾਹ ਦਿੰਦਾ ਹੈ।

ਨਾਵਲ ਦਾ ਅਗਲਾ ਪਾਸਾਰ ਆਸਟ੍ਰੇਲੀਆ ਦੇ ਸ਼ਹਿਰ ਐਡਲੇਡ ਜੋ ਸਿਡਨੀ ਤੋਂ ਚੌਦਾਂ ਸੌ ਕਿਲੋਮੀਟਰ ਦੂਰ ਤਕ ਫੈਲਦਾ ਹੈ। ਪ੍ਰਸਥਿਤੀਆਂ ਦਾ ਸ਼ਿਕਾਰ ਹਰਦੀਪ ਨਵੀਂ ਜ਼ਿੰਦਗੀ ਦੀ ਭਾਲ ਵਿੱਚ ਐਡਲੇਡ ਪਹੁੰਚ ਜਾਂਦਾ ਹੈ। ਅਤੀਤ ਨੂੰ ਯਾਦ ਕਰਦਾ ਹਰਦੀਪ ਹੁਣ ਸ਼ਰਾਬ ਤੇ ਸਿਗਰਟਾਂ ਵਰਗੀ ਬੁਰੀ ਆਦਤਾਂ ਦਾ ਆਦੀ ਬਣ ਜਾਂਦਾ ਹੈ। ਉਹ ਹਰ ਪਲ ਆਪਣੇ ਪੁੱਤਰ ਸ਼ੇਰੇ ਤੇ ਪਿੰਕੀ ਨੂੰ ਯਾਦ ਕਰਦਾ ਹੈ। ਐਡਲੇਡ ਪਹੁੰਚ ਕੇ ਹਰਦੀਪ ਦੀ ਰਾਜੂ ਤੇ ਸ਼ਿੰਦਰ ਸਿੰਘ ਭਾਵਾਤਮਕ ਸਾਂਝ ਨਾਲ ਪੈ ਜਾਂਦੀ ਹੈ। ਹਰਦੀਪ ਸ਼ਿੰਦਰ ਸਿੰਘ ਦੀ ਬਹੁਤ ਲੰਮੇ ਸਮੇਂ ਤੋਂ ਰੁਕੀ ਹੋਈ ਤਨਖਾਹ ਪ੍ਰਾਪਤ ਕਰਨ ਤੇ ਡਰਾਈਵਿੰਗ ਟੈਸਟ ਪਾਸ ਕਰਨ ਵਿੱਚ ਬਹੁਤ ਮਦਦ ਕਰਦਾ ਹੈ। ਇਸ ਦੌਰਾਨ ਹਰਦੀਪ ਇੰਡੀਆ ਪਹੁੰਚ ਜਦੋਂ ਧਰਮ ਸਿੰਘ ਨੂੰ ਸ਼ਿੰਦਰ ਬਾਰੇ ਸਭ ਕੁਝ ਦੱਸਦਾ ਹੈ ਤਾਂ ਆਪਣੀਆਂ ਸੁਆਰਥ ਭਾਵਨਾਵਾਂ ਅਧੀਨ ਉਹ ਜੀਤੀ ਦਾ ਰਿਸ਼ਤਾ ਕਰਨ ਦੀ ਉਮੀਦ ਵਿੱਚ ਸ਼ਿੰਦਰ ਦੇ ਪਿੰਡ ਕੋਟਲੀ ਪਹੁੰਚ ਜਾਂਦੇ ਹਨ। ਆਪਣੀਆਂ ਅਕਾਂਖਿਆਵਾਂ ਦੀ ਪੂਰੀਤ ਹੁੰਦਾ ਦੇਖ ਧਰਮ ਸਿੰਘ ਨੂੰ ਲੱਗਦਾ ਹੈ ਜੇ ਜੀਤੀ ਦਾ ਰਿਸ਼ਤਾ ਇੱਥੇ ਹੋ ਜਾਵੇਂ ਤਾਂ ਉਸ ਨੂੰ ਜ਼ਿਆਦਾ ਦਾਜ ਨਹੀਂ ਦੇਣਾ ਪਏਗਾ ਤੇ ਕੁੜੀ ਵੀ ਆਸਟ੍ਰੇਲੀਆ ਪਹੁੰਚ ਜਾਏਗੀ। ਇਸ ਦੇ ਉਲਟ ਹਰਜੀਤ ਆਪਣੀ ਭੈਣ ਦੀ ਉਮਰ ਲੁਕਾਉਣ ਖਾਤਰ ਸ਼ਿੰਦਰ ਨੂੰ ਕਾਰ ਦੇਣ ਦਾ ਫੈਸਲਾ ਸੁਣਾ ਦਿੰਦਾ ਹੈ:

“ਮੁੰਡੇ ਨੂੰ ਰਿਸ਼ਤੇ ਲਈ ਤਿਆਰ ਕਰਨ ਲਈ ਕਾਰ ਦਾ ਲਾਲਚ ਦੇਣਾ ਜ਼ਰੂਰੀ ਐ, ਮੈਂ ਪਹਿਲਾਂ ਹੀ ਕਾਰ ਦੇਣ ਦੀ ਗੱਲ ਕਰ ਦੇਣੀ ਆਂ।"

“ਨਾ ਓਏ, ਇਹ ਬੰਦੇ ਕਾਰ ਵਾਲੇ ਹੈ ਨਹੀਂ, ਕਾਰ ਆਉਣੀ ਐਂ ਇੱਕ ਲੱਖ ਦੇ ਨੇੜੇ ਤੇੜੇ, ਲੱਖ ਵਾਲੇ ਬੰਦੇ ਇਹ ਹੈ ਨਹੀਂ, ਇਹ ਤਾਂ ਸਾਈਕਲ ਵਾਲੇ ਹੀ ਮਸਾਂ ਹੈਗੇ।”

"ਅਸੀਂ ਕੁੜੀ ਕੋਟਲੀ ਨਹੀਂ ਅਸਟਰੇਲੀਆ ਵਿਆਹੁਣੀ ਆਂ, ਅਸਟਰੇਲੀਆ ਵਾਲੇ ਮੁੰਡੇ ਨੂੰ ਪੰਜਾਹ ਰਿਸ਼ਤੇ ਖੜ੍ਹੇ ਹੋ ਜਾਣੇ ਆਂ, ਉਸ ਨੂੰ ਕਾਰ ਹੀ ਘੇਰ ਸਕਦੀ ਐ। ਦੂਜੀ ਗੱਲ, ਜੇ ਇਹ ਰਿਸ਼ਤਾ ਹੱਥੋਂ ਨਿਕਲ ਗਿਆ ਤਾਂ ਜੀਤੀ ਨੂੰ ਮੁੜ ਕੇ ਮੁੰਡਾ ਨਹੀਂ ਮਿਲਣਾ।" ਹਰਦੀਪ ਆਪਣੀ ਗੱਲ 'ਤੇ ਜ਼ੋਰ ਪਾਉਂਦਾ ਕਹਿ ਰਿਹਾ ਸੀ।[7]

ਉਪਰੋਕਤ ਸੰਵਾਦ ਵਿੱਚ ਸੁਆਰਥਵਾਦੀ ਮਾਨਸਿਕਤਾ ਦੇ ਧਾਰਣੀ ਦੋਵੇਂ ਪਿਓ-ਪੁੱਤਰ ਸੰਵਾਦੀ ਰੂਪ ਪੱਧਰ ’ਤੇ ਭਾਵੇਂ ਇੱਕ ਦੂਜੇ ਦੇ ਵਿਪਰੀਤ ਹਨ ਪਰ ਵਿਚਾਰਧਾਰਕ ਪੱਧਰ ’ਤੇ  ਦੋਹਾਂ ਦਾ ਮਕਸਦ ਇੱਕੋ ਹੀ ਨਜ਼ਰੀ ਪੈਦਾ ਹੈ। ਇਹ ਸਥਿਤੀ ਰਿਸ਼ਤਿਆਂ ਵਿੱਚ ਸਮਾਜਕ-ਸਭਿਆਚਾਰ ਬਦਲਾਉ ਦੀ ਉਹ ਤਸਵੀਰ ਪੇਸ਼ ਕਰਦੀ ਹੈ ਜਿੱਥੇ ਲੋਕ ਆਪਣੇ ਸੁਆਰਥ ਜਾਂ ਹਿਰਸਾਂ ਦੀ ਪੂਰਤੀ ਲਈ ਕਿਸੇ ਵੀ ਹੱਦ ਤਕ ਗੁਜ਼ਰ ਸਕਦੇ ਹਨ। ਨੈਤਿਕਤਾ ਦਾ ਭਾਵ ਇਨ੍ਹਾਂ ਲੋਕਾਂ ਵਿੱਚ ਸ਼ੂਨਯ ਦੇ ਬਰਾਬਰ ਹੋ ਜਾਂਦਾ ਹੈ। ਇਹ ਹਰ ਰਿਸ਼ਤਿਆਂ ਦੇ ਗਣਿਤ ਵਿੱਚੋਂ ਸਾਰਾ ਲਾਭ ਆਪ ਕਮਾਉਣਾ ਚਾਹੁੰਦੇ ਹਨ। ਨਾਵਲੀ ਪਾਤਰ ਧਰਮ ਸਿੰਘ ਹਮੇਸ਼ਾਂ ਹੀ ਆਪਣੇ ਤਖ਼ਮੀਨੇ ਵਿੱਚ ਖ਼ਰਾ ਉੱਤਰਦਾ। ਹਰ ਵਾਰ ਦੀ ਤਰ੍ਹਾਂ ਇਸ ਵਾਰ ਫਿਰ ਧਰਮ ਸਿੰਘ ਦਾ ਖੋਟਾ ਸਿੱਕਾ ਚੱਲ ਜਾਂਦਾ ਹੈ। ਇਸ ਵਾਰ ਤਾਂ ਉਸ ਦਾ ਇਹ ਖੋਟਾ ਸਿੱਕਾ ਸਿਰਫ਼ ਚੱਲਦਾ ਹੀ ਨਹੀਂ ਬਲਕਿ ਬਹੁਤ ਵੱਡੀ ਸ਼ੌਪਿੰਗ ਵੀ ਕਰਾ ਜਾਂਦਾ ਹੈ।

ਨਾਵਲੀ ਬਿਰਤਾਂਤ ਦੇ ਅਗਲੇ ਹਿੱਸੇ ਅਨੁਸਾਰ ਆਪਣੇ ਮਨਸੂਬਿਆਂ ਦੀ ਪੂਰਤੀ ਲਈ ਧਰਮ ਸਿੰਘ ਆਪਣੇ ਮਿੱਤਰ ਗੁਲਜ਼ਾਰ ਸਿੰਘ ਜੋ ਆਪਣੇ ਪੁੱਤਰ ਕੋਲ ਕਨੇਡਾ ਚਲਿਆ ਗਿਆ ਹੈ ਵਰਗਾ ਜੀਵਨ ਜਿਊਣਾਂ ਭਾਲਦਾ ਹੈ। ਹੁਣ ਉਹ ਆਵਾਸੀ ਸੁੱਖ-ਸੁਵਿਧਾਵਾਂ ਨੂੰ ਮਾਨਣ ਦੇ ਨਾਲ-ਨਾਲ ਬਹਾਰਲੇ ਮੁੱਲਕ ਵਿੱਚ ਜਾਉਣ ਦਾ ਸੁਪਨਾ ਲੈਣ ਲੱਗ ਪੈਂਦਾ ਹੈ। ਜਦੋਂ ਉਸ ਨੂੰ ਗੁਲਜ਼ਾਰ ਸਿੰਘ ਪਾਸੋਂ ਇੰਗਲੈਡ ਦੇ ਵਾਤਾਵਰਣ ਦੇ ਨਾਲ ਉੱਥੋਂ ਦੀਆਂ ਸੁਵਿਧਾਵਾਂ ਜਿਵੇਂ ਪੱਕੇ ਹੋਣਾ, ਪੈਨਸ਼ਨ ਲੱਗਣਾ, ਕੌਂਸਲ ਦਾ ਫਲੈਟ ਮਿਲਣਾ ਵਰਗੀਆਂ ਗੱਲਾਂ ਦਾ ਪਤਾ ਲੱਗਦਾ ਹੈ ਤਾਂ ਉਹ ਇੰਗਲੈਂਡ ਜਾਣ ਦੇ ਸੁਪਨੇ ਲੈਂਦਾ ਇੱਕ ਨਵੀਂ ਵਿਉਂਤ ਦੀ ਨਿਰਮਾਣਕਾਰਕ ਕਲਾ ਵਿੱਚ ਲੱਗ ਜਾਂਦਾ ਹੈ। ਉਹ ਇੰਗਲੈਂਡ ਜਾਣ ਤੇ ਉੱਥੇ ਰਹਿਣ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰਦਾ ਹੈ:

ਸ਼ਿੰਗਾਰਾ ਸਿੰਘ ਨੇ ਦੱਸਿਆ- "ਇੱਕ ਬਿਲਡਿੰਗ 'ਚ ਸਾਡਾ ਫਲੈਟ ਐ, ਇੱਕ ਬੈੱਡਰੂਮ ਤੇ ਇੱਕ ਬੈਠਕ..। ਹੋਰ ਵੀ ਸਾਡੇ ਵਰਗੇ ਰਿਟਾਇਰ ਬੰਦੇ ਹੈਗੇ, ਇੰਡੀਅਨ ਵੀ ਤੇ ਪਾਕਿਸਤਾਨੀ ਵੀ, ਹੋਰ ਮੁਲਕਾਂ ਦੇ ਵੀ। ਨਾਲ ਹੀ ਬੱਸ ਸਟੌਪ ਐ, ਬੱਸ ਸਿੱਧੀ ਗੁਰਦਵਾਰੇ ਜਾਂਦੀ ਐ, ਸਾਰਾ ਦਿਨ ਗੁਰਦਵਾਰੇ ਨਿਕਲ ਜਾਂਦਾ..।"

"ਪੈਨਸ਼ਨ ਕਿੰਨੀ ਕੁ ਮਿਲ ਜਾਂਦੀ ਐ ?"

"ਤਿੰਨ ਸੌ ਪੌਂਡ ਮਿਲਦੇ ਸਾਨੂੰ ਦੋਹਾਂ ਨੂੰ।”

“ਤਿੰਨ ਸੌ ਪੌਂਡ ਜਾਣੀ ਤੀਹ ਹਜ਼ਾਰ ਰੁਪਈਆ ਮਹੀਨਾ।"

"ਨਹੀਂ ਨਹੀਂ, ਤਿੰਨ ਸੌ ਪੌਂਡ ਹਫਤਾ।" ਸ਼ਿੰਗਾਰਾ ਸਿੰਘ ਨੇ ਕਿਹਾ। ਧਰਮ ਸਿੰਘ ਦਾ ਤਾਂ ਜਿਵੇਂ ਜਬਾੜ੍ਹਾ ਹੀ ਹੇਠਾਂ ਡਿਗ ਪਿਆ।
ਵਾਪਸ ਘਰ ਪੁੱਜਦਾ ਹੀ ਉਹ ਹਰਦੀਪ ਨੂੰ ਫੋਨ ਕਰ ਇੱਕ ਵਾਰ ਫਿਰ ਆਪਣੇ ਖੋਟੇ ਸਿੱਕੇ ਨੂੰ ਚਲਾਉਂਦਾ ਹੈ।[8]

ਇਸ ਦੌਰਾਨ ਹਰਦੀਪ ਦਾ ਇੰਡੀਆ ਦੀ ਕੁੜੀ ਕਰਮੀ ਨਾਲ ਮੁੜ ਵਿਆਹ ਹੋ ਜਾਂਦਾ ਹੈ। ਕਰਮੀ ਅਤੇ ਉਸ ਦੇ ਮਾਪਿਆਂ ਨੂੰ ਹਰਦੀਪ ਦੇ ਤਲਾਕਸ਼ੁਦਾ ਹੋਣ ’ਤੇ ਕੋਈ ਗੁਰੇਜ਼ ਨਹੀਂ ਹੁੰਦਾ। ਇੱਛਿਤ ਡਾਇਸਪੋਰਾਂ ਦੀ ਧਾਰਣੀ ਕਰਮੀ ਬਹੁਤ ਤੇਜ਼ੀ ਨਾਲ ਐਡਲੇਡ ਦੇ ਸਮਾਜਕ-ਸੱਭਿਆਚਾਰਕ ਮਾਹੌਲ ਵਿੱਚ ਵਿਲੀਨ ਜਾਂਦੀ ਹੈ। ਕਰਮੀ ਛੇਤੀ ਹੀ ਹਰਦੀਪ ਦੀ ਜਮ੍ਹਾਂ-ਤਕਸੀਮ ਕਰ ਲੈਂਦੀ ਹੈ। ਆਪਣੇ ਬੱਚਿਆਂ ਦੀ ਦੇਖਭਾਲ ਦੇ ਨਾਲ-ਨਾਲ ਉਹ ਜਲਦੀ ਹੀ ਤਕਨੀਕੀ ਦੁਨੀਆ ਦਾ ਹਿੱਸਾ ਬਣ ਜਾਂਦੀ ਹੈ। ਸ਼ੁਰੂ ਤੋਂ ਹੀ ਕੈਰੀਅਰ-ਮੁਖੀ ਹੋਣ ਕਾਰਣ ਉਹ ਇੱਕ ਔਨ ਲਾਈਨ ਟਰੈਵਿਲ ਏਜੰਸੀ ਦਾ ਕੋਰਸ ਸ਼ੁਰੂ ਛੇ ਮਹੀਨਿਆਂ ਦੇ ਅੰਦਰ ਹੀ ‘ਟਰੈਵਿਲ-ਲਾਈਕ’ ਨਾਂ ਦੀ ਰਜਿਸਟਰ ਕੰਪਨੀ ਸ਼ੁਰੂ ਕਰ ਲੈਂਦੀ ਹੈ। ਕਰਮੀ ਦੇ ਟਿਕਟਾਂ ਵੇਚਣ ਵਾਲੀ ਗੱਲ ਐਡਲੇਡ ਦੇ ਪੰਜਾਬੀ ਭਾਈਚਾਰੇ ਵਿੱਚ ਫੈਲ ਜਾਂਦੀ ਹੈ ਜਿਸ ਕਾਰਣ ਉੱਥੋਂ ਦੇ ਸਮਾਜ-ਸਭਿਆਚਾਰ ਵਿੱਚ ਉਸ ਨੂੰ ਇੱਕ ਖਾਸ ਪਛਾਣ ਮਿਲ ਜਾਂਦੀ ਹੈ। ਨਤੀਜੇ ਵਜੋਂ ਕਰਮੀ ਨੂੰ ਘਰ ਬੈਠੇ ਹੀ ਚੰਗਾ ਕਾਰੋਬਾਰ ਕਰਨ ਦਾ ਮੌਕਾ ਮਿਲ ਜਾਂਦਾ ਹੈ। ਬਦਲਦੇ ਸਮਾਜਕ-ਸੱਭਿਆਚਾਰਕ ਮੁੱਲਾਂ ਦੀ ਧਾਰਨੀ ਕਰਮੀ ਹੁਣ ਹਰਦੀਪ ਨੂੰ ਆਪਣੇ ਅਨੁਸਾਰ ਅਨੁਸ਼ਾਸਿਤ ਕਰਨਾ ਸ਼ੁਰੂ ਕਰ ਦਿੰਦੀ ਹੈ। ਹਰਦੀਪ ਜੋ ਆਪਣੇ ਪਿਓ ਦਾ ਖੋਟਾ ਸਿੱਕਾ ਜਿਸ ਨੂੰ ਉਸ ਦਾ ਪਿਓ ਧਰਮ ਸਿੰਘ ਬਣੇ ਮਾਣ ਨਾਲ ਬਾਰ-ਬਾਰ ਪ੍ਰਯੋਗ ਕਰਦਾ ਹੈ ਉਹ ਕੰਮ ਉਸ ਦੀ ਆਪਣੀ ਪਤਨੀ ਕਰਮੀ ਬੜੀ ਕਲਾਕਾਰੀ ਨਾਲ ਕਰਨਾ ਸ਼ੁਰੂ ਕਰਦੀ ਹੈ। ਉਹ ਹਰਦੀਪ ਦੀ ਮਰਦ ਹਉਮੈ ਨੂੰ ਸੰਤੁਸ਼ਟ ਕਰਨ ਖਾਤਰ ਹਰ ਕੰਮ ਵਿੱਚ ਉਸ ਨੂੰ ਮੂਹਰੇ ਰੱਖਦੀ ਹੈ। ਨਾਵਲੀ ਬਿਰਤਾਂਤ ਅਨੁਸਾਰ ਆਪਣੇ ਸੁਆਰਥ ਦੀ ਪੂਰਤੀ ਅਧੀਨ ਉਹ ਹਰਦੀਪ ਨੂੰ ਉਸ ਦਾ ਅਤੀਤ ਚੇਤੇ ਕਰਾਉਂਦੀ ਹੈ, ਜਿੱਥੇ ਉਸ ਨੇ ਆਪਣੇ ਦਮ ਤੇ ਕਬਜ਼ਾਨੁਮਾ ਜਮੀਨ ਛੁਡਵਾਈ ਸੀ ਤੇ ਉਹ ਜ਼ਮੀਨ ਵੇਚ ਕੇ ਧਰਮ ਸਿੰਘ ਨੇ ਉਸ ਦੀਆਂ ਐਫ. ਡੀਆਂ ਕਰਵਾਈਆਂ ਸਨ ਬਾਰੇ ਕਹਿੰਦੀ ਹੈ ਕਿ ਉਹ ਪਿੰਡ ਜਾ ਕੇ ਉਹ ਪੈਸੇ ਲੈ ਆਵੇਂ ਤਾਂਕਿ ਉਹ ਆਪਣੇ ਘਰ ਦਾ ਪੂਰਾ ਲੋਨ ਅਦਾ ਕਰ ਸਕਣ। ਕਰਮੀ ਦੇ ਕਹਿ ਅਨੁਸਾਰ ਹਰਦੀਪ ਪੂਰਾ ਲੋਨ ਚੁੱਕਾ ਦਿੰਦਾ ਹੈ। ਕਰਮੀ ਉਸ ਨੂੰ ਇਹ ਵੀ ਹਿਦਾਇਤ ਦਿੰਦੀ ਹੈ ਕਿ ਉਹ ਇਹ ਗੱਲ ਕਿਸੇ ਨੂੰ ਨਾ ਦੱਸੇ :
“ਦੀਪ ਜੀ, ਜੀਤੀ ਨੂੰ ਇਹ ਗੱਲ ਨਹੀਂ ਦੱਸਣੀ ਨਹੀਂ ਤਾਂ ਉਹ ਵੀ ਕੁਝ ਚਾਹੇਗੀ।”
“ਉਹ ਮੇਰੀ ਭੈਣ ਐ, ਉਹ ਮੇਰੇ ਤੋਂ ਕਦੇ ਕੁਝ ਨਹੀਂ ਮੰਗ ਸਕਦੀ।"
"ਮੈਨੂੰ ਪਤਾ ਤੁਸੀਂ ਉਹਦੇ ਲਈ ਬਹੁਤ ਕੁਝ ਕੀਤਾ ਹੋਇਆ, ਵਿਆਹ 'ਚ ਕਾਰ ਦੇ ਕੇ ਉਹਦਾ ਹਿੱਸਾ ਪੂਰਾ ਕੀਤਾ ਹੋਇਆ ਪਰ ਇੱਕ ਸਟੇਜ 'ਤੇ ਆ ਕੇ ਭੈਣ-ਭਰਾ ਵੀ ਸ਼ਰੀਕ ਬਣ ਜਾਂਦੇ ਆ, ਖਾਸ ਕਰਕੇ ਜ਼ਮੀਨ ਜਾਇਦਾਦ ਦੇ ਮਾਮਲੇ ’ਚ, ਤੁਸੀਂ ਬਸ ਮੂੰਹ ਬੰਦ ਰੱਖਣਾ।”[9]

ਅਗਲੀ ਯੋਜਨਾ ਅਨੁਸਾਰ ਕਰਮੀ ਹਰਦੀਪ ਨੂੰ ਮੈਲਬਰਨ ਵਿੱਚ ਨਵਾਂ ਘਰ ਖਰੀਦਣ ਬਾਰੇ ਹਿਦਾਇਤ ਦਿੰਦੀ ਹੈ। ਇਸ ਪਿੱਛੇ ਉਸ ਦਾ ਮੂਲ ਮਨੋਰਥ ਨਵੇਂ ਘਰ ਨੂੰ ਆਪਣੇ ਨਾਂ ’ਤੇ ਕਰਾਉਣ ਨਾਲ ਜੁੜਿਆ ਹੁੰਦਾ ਹੈ ਤਾਂਕਿ ਭਵਿੱਖ ਵਿੱਚ

ਹਰਦੀਪ ਦਾ ਪਹਿਲਾਂ ਮੁੰਡਾ ਆਪਣੇ ਪਿਓ ਦੀ ਸੰਨਪਤੀ ਵਿੱਚੋਂ ਹਿੱਸਾ ਲੈਣ ਲਈ ਤਿਆਰ ਨਾ ਹੋ ਜਾਏ। ਇੱਥੋਂ ਤਕ ਕਿ ਜਦੋਂ ਹਰਦੀਪ ਪਾਸੋਂ ਉਸ ਨੂੰ ਜਾਣਕਾਰੀ ਪ੍ਰਾਪਤ ਹੁੰਦੀ ਹੈ ਕਿ ਧਰਮ ਸਿੰਘ ਤੇ ਰੇਸ਼ਮ ਕੌਰ ਪੱਕੇ ਤੌਰ ਤੇ ਇੰਗਲੈਂਡ ਵੱਲ ਨੂੰ ਰੁਖ ਕਰਨ ਪ੍ਰਤੀ ਰੁੱਚਿਤ ਹਨ ਤਾਂ ਉਹ ਹਰਦੀਪ ਨੂੰ ਸਮਝਾਉਂਦੀ ਹੈ ਕਿ ਉਹ ਆਪ ਅਮਰੀਕ ਨਾਲ ਇਸ ਬਾਰੇ ਗੱਲ ਕਰੇ ਤੇ ਜੇਕਰ ਲੋੜ ਪਏ ਤਾਂ ਇੰਗਲੈਂਡ ਵੀ ਚਲਾ ਜਾਏ। ਕਰਮੀ ਬਿਲਕੁਲ ਨਹੀਂ ਚਾਹੁੰਦੀ ਕਿ ਹਰਦੀਪ ਦੇ ਮਾਪੇ ਪੱਕੇ ਤੌਰ 'ਤੇ ਆਸਟ੍ਰੇਲੀਆ ਦੇ ਵਸਨੀਕ ਬਣ ਉਨ੍ਹਾਂ ਕੋਲ ਰਹਿਣ।

ਹਰਦੀਪ ਪਿਓ ਅਤੇ ਪਤਨੀ ਦੁਆਰਾ ਨਿਰਮਿਤ ਯੋਜਨਾ ਦੇ ਪ੍ਰਭਾਵ ਅਧੀਨ ਇੰਗਲੈਂਡ ਪਹੁੰਚ ਕੇ ਆਪਣੇ ਵੱਡੇ ਭਰਾ ਅਮਰੀਕ ਤੇ ਉਸ ਦੇ ਪੂਰੇ ਪਰਿਵਾਰ ਨੂੰ ਭਾਵਾਤਮਕ ਤੌਰ 'ਤੇ ਕਾਬੂ ਕਰ ਲੈਂਦਾ ਹੈ ਤੇ ਅਮਰੀਕ ਰਾਹੀਂ ਪਿਓ ਧਰਮ ਸਿੰਘ ਤੇ ਮਾਂ ਰੇਸ਼ਮ ਕੌਰ ਵਾਸਤੇ ਸਪੌਂਸਰਸ਼ਿਪ ਤਿਆਰ ਕਰਵਾ ਦਿੰਦਾ ਹੈ। ਉਹ ਇਸ ਬਾਰੇ ਕਰਮੀ ਨੂੰ ਫੋਨ ਕਰਦਾ ਕਹਿੰਦਾ ਹੈ:

> "ਮਾਸਟਰਨੀਏਂ ਤੋਤਾ ਮਿਰਚ ਖਾ ਗਿਆ, ਮਾਤਾ-ਪਿਤਾ ਲਈ ਸਪੌਂਸਰਸ਼ਿੱਪ ਮੇਰੇ ਹੱਥ 'ਚ ਐ।"
> "ਇਹ ਤਾਂ ਗੁੱਡ ਨੀਊਜ਼ ਐ, ਹੁਣ ਤੁਸੀਂ ਇੰਡੀਆ ਜਾਓ, ਬ੍ਰਿਟਿਸ਼ ਹਾਈਕਮਿਸ਼ਨਰ ਤੋਂ ਟਾਈਮ ਲੈ ਕੇ ਵੀਜ਼ੇ ਲਈ ਅਪਲਾਈ ਕਰ ਦਿਓ ਤਾਂ ਕਿ ਕੋਈ ਘਾਉਲ ਨਾ ਹੋ ਸਕੇ। ਮੈਂ ਤੁਹਾਨੂੰ ਦਿੱਲੀ ਬ੍ਰਿਟਿਸ਼ ਹਾਈ ਕਮਿਸ਼ਨਰ ਦਾ ਲਿੰਕ ਭੇਜਦੀ ਆਂ, ਫੋਨ ਨੰਬਰ ਵੀ।" ਕਰਮੀ ਨੇ ਆਖਿਆ।[10]

ਕਰਮੀ ਦੀ ਮਾਨਸਿਕਤਾ ਤੋਂ ਉਪਜੀ ਪੂਰੀ ਯੋਜਨਾ ਤਹਿਤ ਹਰਦੀਪ ਸਾਰਾ ਕੰਮ ਬਹੁਤ ਫੁਰਤੀ ਨਾਲ ਸਿਰੇ ਚੜ੍ਹਾ ਦਿੰਦਾ ਹੈ। ਕੰਮ ਖ਼ਤਮ ਹੁੰਦੇ ਹੀ ਧਰਮ ਸਿੰਘ ਤੇ ਰੇਸ਼ਮ ਕੌਰ ਇੰਗਲੈਂਡ ਲਈ ਰਵਾਨਾ ਹੋ ਜਾਂਦੇ ਹਨ ਤੇ ਹਰਦੀਪ ਆਸਟ੍ਰੇਲੀਆ ਵਾਪਸ ਪਰਤ ਆਉਂਦਾ ਹੈ। ਇਸ ਪੂਰੇ ਸਿਲਸਿਲੇ ਵਿੱਚ ਇਸ ਵਾਰ ਦੋ ਕਲਾਕਾਰਾਂ (ਧਰਮ ਸਿੰਘ ਤੇ ਕਰਮੀ) ਆਪਣੇ-ਆਪਣੇ ਸੁਆਰਥ ਦੀ ਪੂਰਤੀ ਹੇਠ ਹਰਦੀਪ ਵਾਲਾ ਸਿੱਕਾ ਮੁੜ ਚਲਾਉਂਦੇ ਹਨ ਤੇ ਹਮੇਸ਼ਾ ਦੀ ਤਰ੍ਹਾਂ ਇਹ ਸਿੱਕਾ ਚੱਲਦਾ ਵੀ ਹੈ ਤੇ ਬਹੁਤ ਸਾਰੀ ਸ਼ੌਪਿੰਗ ਕਰਵਾ ਕੇ ਵਾਪਸ ਵੀ ਪਰਤ ਆਉਂਦਾ ਹੈ।

ਨਾਵਲ ਦਾ ਅਗਲਾ ਖੰਡ ਧਰਮ ਸਿੰਘ ਤੇ ਰੇਸ਼ਮ ਕੌਰ ਦੇ ਲੰਡਨ ਪਹੁੰਚਣ ਨਾਲ ਜੁੜਿਆ ਹੋਇਆ ਹੈ। ਪੂਰੇ ਪਰਿਵਾਰ ਲਈ ਇਹ ਪਹਿਲਾਂ ਮੌਕਾ ਹੁੰਦਾ ਹੈ ਜਦੋਂ ਸਭ ਇਕੱਠੇ ਹੁੰਦੇ ਹਨ। ਅਮਰੀਕ ਆਪਣੇ ਮਾਂ-ਪਿਓਂ ਨੂੰ ਇੰਗਲੈਂਡ ਵਿੱਚ ਪੱਕਾ ਕਰਾਉਣ ਖਾਤਰ ਹਰ ਮੁਮਕਿਨ ਕੋਸ਼ਿਸ਼ ਕਰਦਾ ਹੈ। ਪੂਰਵਲੀਆਂ ਨੀਤੀਆਂ ਅਨੁਸਾਰ ਧਰਮ ਸਿੰਘ ਤੇ ਰੇਸ਼ਮ ਕੌਰ ਇੰਗਲੈਡ ਵਿੱਚ ਸਿਰਫ਼ ਪੱਕਾ ਹੋਣ ਦੀ ਮੰਨਸ਼ਾ ਤਹਿਤ ਇੱਥੇ ਨਹੀਂ ਆਏ ਸੀ ਸਗੋਂ ਉਹ ਉਨ੍ਹਾਂ ਸਾਰੀਆਂ ਸੁੱਖ ਸਵਿਧਾਵਾਂ ਨੂੰ ਮਾਣਨਾ ਚਾਹੁੰਦੇ ਹਨ ਜੋ ਇੰਗਲੈਂਡ ਸਰਕਾਰ ਉੱਥੇ ਦੇ ਬੇਸਹਾਰਾ ਪਰਵਾਸੀਆਂ ਨੂੰ ਦਿੰਦੀ ਹੈ। ਪਰ ਹੁਣ ਸਵਾਲ ਇਹ ਸੀ ਕਿ ਅਮਰੀਕ ਨੇ ਉਨ੍ਹਾਂ ਦੀ ਪੂਰੀ ਜ਼ਿੰਮੇਵਾਰੀ ਦਾ ਪੱਤਰ ਸਥਾਨਕ ਸਰਕਾਰ ਨੂੰ ਪਹਿਲਾਂ ਤੋਂ ਹੀ ਦਿੱਤਾ ਹੋਇਆ ਸੀ ਤਾਂ ਅਜਿਹੀ ਸਥਿਤੀ ਵਿੱਚ ਇਹ ਸਭ ਕੁਝ ਕਿਵੇਂ ਸੰਭਵ ਹੋ ਸਕਦਾ ਹੈ।

ਆਪਣੀ ਲਾਲਸਾਵਾਂ ਦੀ ਪੂਰਤੀ ਹੇਠ ਇੱਕ ਵਾਰ ਮੁੜ੍ਹ ਧਰਮ ਸਿੰਘ ਤੇ ਰੇਸ਼ਮ ਕੌਰ ਆਪਣੇ ਪੁੱਤਰ ਦੇ ਨੂੰਹ ਖਿਲਾਫ਼ ਅਜਿਹੀ ਯੋਜਨਾ ਤਿਆਰ ਕਰਦੇ ਹਨ ਜਿਸ ਅੰਤਰਗਤ ਜੇਕਰ ਉਨ੍ਹਾਂ ਨੂੰ ਘਰੋਂ ਕੱਢ ਦਿੱਤਾ ਜਾਵੇਂ ਤਾਂ ਹੀ ਸਿਰਫ਼ ਡੇ-ਸੈਂਟਰ ਉਨ੍ਹਾਂ ਦੀ ਜ਼ਿੰਮੇਵਾਰੀ ਚੁੱਕ ਸਕਦਾ ਹੈ ਤੇ ਉਨ੍ਹਾਂ ਨੂੰ ਉਹ ਸਾਰੀਆਂ ਸੁਵਿਧਾਵਾਂ ਜਿਵੇਂ ਕਿ ਪੈਨਸ਼ਨ, ਸ਼ਰਕਾਰੀ ਭੱਤਾ, ਫਲੈਟ ਆਦਿ ਪ੍ਰਾਪਤ ਹੋ ਸਕਦੇ ਹਨ। ਪੂਰਵ ਨਿਰਧਾਰਤ ਯੋਜਨਾ ਤਹਿਤ ਘਰ ਵਿੱਚ ਅਜਿਹੇ ਮਾਹੌਲ ਦੀ ਸਿਰਜਣਾ ਕੀਤੀ ਜਾਂਦੀ ਹੈ ਜਿਸ ਅੰਤਰਗਤ ਵੀਰਾ ਅਤੇ ਰੇਸ਼ਮ ਕੌਰ ਦਾ ਆਪਸੀ ਝਗੜਾ ਗੁੱਤ-ਮ-ਗੁੱਤੀ ਤਕ ਪਹੁੰਚ ਜਾਂਦਾ ਹੈ ਤੇ ਵੀਰਾਂ ਦੇ ਹਲਕੇ ਜਿਹੇ ਧੱਕੇ ਨਾਲ ਰੇਸ਼ਮ ਕੌਰ ਡਿੱਗ ਪੈਂਦੀ ਹੈ। ਇਸ ਸਥਿਤੀ ਅਧੀਨ ਧਰਮ ਸਿੰਘ ਤੇ ਰੇਸ਼ਮ ਕੌਰ ਨੂੰ ਘਰੋਂ ਨਿਕਲਣ ਦਾ ਸਹੀ ਮੌਕਾ ਮਿਲ ਜਾਂਦਾ ਹੈ। ਯੋਜਨਾ ਮੁਤਾਬਕ ਪੁਲਿਸ ਨੂੰ ਕਾਲ ਕਰ ਇਹ ਅਹਿਸਾਸ ਕਰਵਾ ਦਿੱਤਾ ਜਾਂਦਾ ਹੈ ਕਿ ਇਸ ਘਰ ਵਿੱਚ ਉਨ੍ਹਾਂ ਨੂੰ ਬਹੁਤ ਖ਼ਤਰਾ ਹੈ। ਇੱਕ ਵਾਰ ਹੋਰ ਧਰਮ ਸਿੰਘ ਦੀ ਸਵੈ-ਸਿਰਜਤ ਵਿਉਂਤ ਚੱਲ ਜਾਂਦੀ ਹੈ। ਪਤੀ-ਪਤਨੀ ਦੋਵੇਂ ਜਲਦੀ ਹੀ ਡੇ-ਸੈਂਟਰ ਪਹੁੰਚ ਸਾਰੇ ਬੈਨੇਫਿੱਟ ਤੇ ਲੰਡਨ ਦੇ ਜੀਵਨ ਦਾ ਪੂਰਾ ਆਨੰਦ ਮਾਨਣ ਲੱਗਦੇ ਹਨ।

ਬਿਰਤਾਂਤਕ ਵੇਰਵੇ ਅਨੁਸਾਰ ਇੱਕ ਵਾਰ ਫਿਰ ਤੋਂ ਧਰਮ ਸਿੰਘ ਦੀ ਪਦਾਰਥਵਾਦੀ ਮਾਨਸਿਕਤਾ ਦਾ ਪ੍ਰਮਾਣ ਮਿਲਦਾ ਹੈ ਜਿਸ ਅੰਤਰਗਤ ਉਹ ਆਪਣੇ ਸਥਾਨਕ ਸਭਿਆਚਾਰ ਤੇ ਸਰਕਾਰੀ ਨੀਤੀਆਂ ਦਾ ਖੰਡਨ ਕਰਦਾ ਵਿਦੇਸ਼ੀ ਨੀਤੀਆਂ ਬਾਰੇ ਬਣਾ ਮਾਣ ਪ੍ਰਸਤੁਤ ਕਰਦਾ ਹੈ। ਇੱਥੋਂ ਤਕ ਕਿ ਉਹ ਆਪਣੇ ਪੁੱਤਰ ਅਮਰੀਕ ਰਾਹੀਂ ਉਨ੍ਹਾਂ ਨੂੰ ਇੱਥੋਂ ਤਕ ਪੁੱਜਣ ਬਾਰੇ ਅਹਿਸਾਨਮੰਦ ਹੋਣ ਦੀ ਬਜਾਇ ਉਸ ਦੇ ਵਿਰੋਧ ਵਿੱਚ ਸੰਵਾਦ ਰਚਾਉਂਦਾ ਹੈ ਇਸ ਦਾ ਉਧਾਹਰਨ ਨਾਵਲ ਵਿਚਲੇ ਵਾਰਤਾਲਾਪ ਤੋਂ ਸਹਿਜੇ ਹੀ ਮਿਲ ਜਾਂਦਾ ਹੈ:

> "ਨਹੀਂ ਧਰਮ ਸਿਆਂ, ਸਰਕਾਰਾਂ ਕੁਝ ਵੀ ਆਪਣੀ ਜੇਬ 'ਚੋਂ ਨਹੀਂ ਦਿੰਦੀਆਂ, ਸਾਡੇ ਮੁੰਡੇ ਇਥੇ ਕੰਮ ਕਰਦੇ ਨੇ, ਲੋਹੜੇ ਦਾ ਟੈਕਸ ਦਿੰਦੇ ਨੇ, ਉਤੇ ਟੈਕਸ 'ਚੋਂ ਇਸ ਸਭ ਸਾਨੂੰ ਮਿਲ ਰਿਹਾ। ਏਸ ਕਰਕੇ ਸਾਨੂੰ ਸਰਕਾਰ ਦਾ ਨਹੀਂ ਆਪਣੇ ਮੁੰਡਿਆਂ ਦੇ ਥੈਂਕਫੁੱਲ ਹੋਣ ਦੀ ਲੋੜ ਐ।"
> "ਨਹੀਂ ਓ ਗੁਲਜ਼ਾਰ ਸਿਆਂ, ਸਾਡੇ ਏਸ ਮੁੰਡੇ ਨੇ ਸਾਡੀ ਕੋਈ ਮੱਦਰ
> "ਫੇਰ ਤੁਸੀਂ ਕਿੱਦਾਂ ਆ ਗਏ?"
> "ਇਹ ਤਾਂ ਇੱਕ ਵਾਰ ਫੇਰ ਉਹੀ ਖੋਟਾ ਪੈਸਾ ਚੱਲਿਆ... !" ਆਖਦਾ ਧਰਮ ਸਿੰਘ ਖੁੱਲ੍ਹ ਕੇ ਹੱਸਿਆ।
> "ਤੂੰ ਉਹਨੂੰ ਹਾਲੇ ਵੀ ਖੋਟਾ ਪੈਸਾ ਕਹੀ ਜਾਨਾਂ ਜਿਹਨੇ ਏਨਾ ਕੁਝ ਕਰ ਦਿੱਤਾ, ਵਾਰ ਵਾਰ ਕੀਤਾ।"
> "ਖੋਟਾ ਪੈਸਾ ਵਾਰ ਵਾਰ ਹੀ ਚਲਦਾ ਹੁੰਦਾ ਕਿਉਂਕਿ ਉਹ ਵਾਪਸ ਘਰ ਮੁੜ ਆਉਂਦਾ ਤੇ ਤੁਸੀਂ ਮੁੜ ਕੇ ਫੇਰ ਚਲਾ ਸਕਦੇ ਹੋ, ਅਸਲੀ ਪੈਸਾ ਇੱਕ ਵਾਰ ਚੱਲ ਗਿਆ ਤਾਂ ਗਿਆ ।" ਆਖਦਾ ਧਰਮ ਸਿੰਘ ਮਾਣ ਵਿੱਚ ਹੱਸਣ ਲੱਗਾ।[11]

ਉਪਰੋਕਤ ਸੰਵਾਦ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਧਰਮ ਸਿੰਘ ਨੈਤਿਕ ਤੇ ਸਮਾਜਕ ਪੱਧਰ ਤੇ ਬਹੁਤ ਹੀ ਸੰਕੀਰਣ ਮਾਨਸਿਕਤਾ ਦਾ ਧਾਰਨੀ ਹੁੰਦਾ ਹੈ। ਉਹ ਆਪਣੇ ਹਰ ਰਿਸ਼ਤੇ ਨੂੰ ਆਪਣੇ ਅਨੁਸਾਰ ਨਿਯੰਤ੍ਰਿਤ ਕਰਨ ਲਈ ਯਤਨਸ਼ੀਲ ਰਹਿੰਦਾ ਹੈ। ਜਦੋਂ ਕੋਈ ਰਿਸ਼ਤਾ ਉਸ ਦੀ ਵਿਚਾਰਧਾਰਾ ਦੇ ਵਿਰੋਧ ਵਿੱਚ ਖੜ੍ਹਾ ਹੋ ਜਾਂਦਾ ਹੈ ਉਹ ਉਸ ਨੂੰ ਨਾ ਗੁਜ਼ਾਰ ਹੋ ਨਿਬੜਦਾ ਹੈ। ਹਰਦੀਪ ਨੂੰ ਹਮੇਸ਼ਾ ਤੋਂ ਉਸ ਨੇ ਆਪਣੇ ਵਿਹਾਰ ਤੇ ਜ਼ਰੂਰਤ ਮੁਤਾਬਿਕ ਅਨੁਸ਼ਾਸਿਤ ਕੀਤਾ, ਇੱਕ ਖੋਟੇ

ਸਿੱਕੇ ਵਾਂਗੂ ਉਸ ਦਾ ਪੁਨਰ ਪ੍ਰਯੋਗ ਕੀਤਾ ਪਰ ਇਸ ਦੇ ਵਿਪਰੀਤ ਅਮਰੀਕ ਉਸ ਲਈ ਅਸਲੀ ਪੈਸਾ ਅਰਥਾਤ ਮੁਨਾਫ਼ਾਰਹਿਤ ਨਿਕਲਦਾ ਹੈ ਜਿਸ ਦਾ ਉਹ ਖੁੱਲੇ ਰੂਪ ਵਿੱਚ ਖੰਡਨ ਕਰਦਾ ਹੈ। ਉੱਥੇ ਦੂਜੇ ਪਾਸੇ ਕਰਮੀ ਵੀ ਆਪਣੇ ਸੁਹਰੇ ਵਰਗੀ ਮਾਨਸਿਕਤਾ ਦੀ ਧਾਰਣੀ ਹਰਦੀਪ ਨੂੰ ਇੱਕ ਵਾਰ ਮੁੜ੍ਹ ਸਾਰੀ ਜ਼ਮੀਨ ਤੇ ਪੈਸਿਆਂ ਨੂੰ ਆਪਣੇ ਹਿੱਸੇ ਕਰਨ ਬਾਰੇ ਆਪਣੇ ਕਹਿੰਦੀ ਹੈ ਤੇ ਜਿੱਥੇ ਉਸ ਨੂੰ ਸਫ਼ਲਤਾ ਪ੍ਰਾਪਤ ਹੁੰਦੀ ਹੈ। ਹਰਦੀਪ ਕਰਮੀ ਦੁਆਰਾ ਸਿਰਜਤ ਵਿਉਂਤ ਮੁਤਾਬਕ ਧਰਮ ਸਿੰਘ ਵੱਲੋਂ ਪਿੰਡ ਦੇ ਸਾਰੇ ਬੈਂਕ ਅਕਾਊਂਟ ਤੇ ਸਾਰੀ ਜ਼ਮੀਨ ਆਪਣੇ ਨਾਂ ਕਰਵਾ ਲੈਂਦਾ ਹੈ। ਜਦੋਂ ਇਸ ਗੱਲ ਦਾ ਪਤਾ ਹਰਦੀਪ ਦੇ ਦੋਵੇਂ ਵੱਡੇ ਭਰਾਵਾਂ ਸੁਖਪਾਲ ਤੇ ਅਮਰੀਕ ਨੂੰ ਚੱਲਦਾ ਹੈ ਤਾਂ ਉਹ ਇਸ ਦੇ ਵਿਰੋਧ ਵਿੱਚ ਆਪਣੇ ਪਿਉ ਧਰਮ ਸਿੰਘ ਨੂੰ ਆਪਣੀ ਵਸੀਅਤ ਬਾਰੇ ਪੁਨਰ ਵਿਚਾਰ ਕਰਨ ਬਾਰੇ ਪ੍ਰੇਰਿਤ ਕਰਦੇ ਹਨ।

ਨਾਵਲੀ ਬਿਰਤਾਂਤ ਦੇ ਅਗਲੇ ਪੜਾਅ ਵਿੱਚ ਆਪਣੇ ਪੂਰਵਲੇ ਸੁਭਾਅ ਦੇ ਅਨੁਰੂਪ ਹਰਦੀਪ ਕੰਮ-ਕਾਜ ਕਰਨਾ ਬੰਦ ਕਰ ਸਿਗਰਟਾਂ ਤੇ ਸ਼ਰਾਬ ਦੇ ਨਸ਼ੇ ਵਿੱਚ ਆਪਣੀ ਜ਼ਿੰਦਗੀ ਗੁਜ਼ਾਰਨ ਲੱਗ ਪੈਂਦਾ ਹੈ ਤੇ ਆਪਣੇ ਮਾਂ-ਪਿਓ ਦੀ ਪੈਨਸ਼ਨ ਤੋਂ ਮਿਲਦੇ ਪੈਸੇ ਤੇ ਆਸ਼ਰਿਤ ਹੋ ਜਾਂਦਾ ਹੈ। ਉਹ ਸਮਾਜ ਵਿੱਚ ਕਰਮੀ ਦੇ ਸਥਾਪਤ ਰੁਤਬੇ ਦੇ ਸਾਹਮਣੇ ਆਪਣੇ ਆਪ ਨੂੰ ਵਾਧੂ ਜਿਹਾ ਮਹਿਸੂਸ ਕਰਨ ਲੱਗਦਾ ਹੈ। ਈਰਖਾ ਦੇ ਪ੍ਰਭਾਵ ਅਧੀਨ ਉਹ ਹਰ ਕੰਮ ਵਿੱਚ ਦਿਲਚਸਪੀ ਲੈਣਾ ਬੰਦ ਕਰ ਦਿੰਦਾ ਹੈ। ਨਤੀਜੇ ਵਜੋਂ ਪੰਜਾਬੀ ਭਾਈਚਾਰੇ ਵਿੱਚ ਉਸ ਦਾ ਅਕਸ ਵਿਗੜਨਾ ਸ਼ੁਰੂ ਹੋ ਜਾਂਦਾ ਹੈ। ਹਰਦੀਪ ਦੇ ਇਸ ਪ੍ਰਕਾਰ ਦੇ ਵਿਹਾਰ ਦਾ ਪ੍ਰਭਾਵ ਉਸ ਦੇ ਪਰਿਵਾਰ ਤੇ ਬੱਚਿਆਂ ਤੇ ਵੀ ਪੈਣਾ ਸ਼ੁਰੂ ਹੋ ਜਾਂਦਾ ਹੈ। ਉਸ ਦਾ ਆਪਣਾ ਪੁੱਤਰ ਸ਼ਮਸ਼ੇਰ ਉਸ ਦੇ ਇਸ ਵਿਹਾਰ ਪ੍ਰਤੀ ਆਪਣੀ ਮਾਂ ਕਰਮੀ ਨੂੰ ਸਵਾਲ ਪੁੱਛਦਾ ਹੈ:

> ਮੌਮ, ਤੂੰ ਏਸ ਘਟੀਆ ਬੰਦੇ ਨਾਲ ਵਿਆਹ ਕਿਉਂ ਕਰਾਇਆ?”
> "ਏਦਾਂ ਨਹੀਂ ਕਹਿੰਦੇ ਸ਼ਮਸ਼ੇਰ, ਇਹ ਤੇਰਾ ਡੈਡ ਐ।" ਕਰਮੀ ਸਮਝਾਉਂਦੀ ਹੋਈ ਕਹਿੰਦੀ।
> "ਆਈ ਹੇਟ ਦਿਸ ਮੈਨ, ਕਿੰਨੀ ਸਮੈੱਲ ਮਾਰਦਾ! ਸ਼ਮਸ਼ੇਰ ਬੁੱਲ੍ਹ ਚਿੜਾਉਂਦਾ ਹੋਇਆ ਹੌਲੇ ਜਿਹੇ ਆਖਦਾ ਤੇ ਘਰ ਵਿੱਚ ਚੰਗੀ ਖੁਸ਼ਬੂ ਲਈ ਏਅਰ-ਫਰੈਸ਼ਨਰ ਛਿੜਕਣ ਲੱਗਦਾ।[12]

ਪਿਓ-ਪੁੱਤਰ ਦੇ ਇਸ ਵਿਹਾਰ ਤੋਂ ਚਿੰਤਿਤ ਕਰਮੀ ਕਈ ਵਾਰ ਹਰਦੀਪ ਨੂੰ ਉਸ ਦੀਆਂ ਪਰਿਵਾਰਕ ਜ਼ਿੰਮੇਵਾਰੀਆਂ ਪ੍ਰਤੀ ਜਾਗ੍ਰਿਤ ਕਰਦੀ ਸਮਾਜ ਵਿੱਚ ਇੱਕ ਪਿਓ ਦੀ ਆਈਡੀਅਲ ਈਮੇਜ ਬਾਰੇ ਸਮਝਾਉਂਦੀ ਹੈ। ਪਰ ਪਿਓ-ਪੁੱਤਰ ਦੇ ਵਿਹਾਰ ਵਿੱਚ ਇਸ ਹੱਦ ਤਕ ਪਰਿਵਰਨ ਵਾਪਰ ਜਾਂਦਾ ਹੈ ਕਿ ਸ਼ਮਸ਼ੇਰ ਹਰਦੀਪ ਨੂੰ ਮਾਰਨ ਵਿੱਚ ਵੀ ਗੁਰੇਜ਼ ਨਹੀਂ ਕਰਦਾ। ਆਪਣੇ ਪੁੱਤਰ ਪਾਸੋਂ ਕੀਤੇ ਇਸ ਪ੍ਰਕਾਰ ਦੇ ਵਿਹਾਰ ਨੇ ਹਰਦੀਪ ਦੀ ਮਨੋਸਥਿਤੀ ਵਿੱਚ ਕਈ ਪ੍ਰਕਾਰ ਦੇ ਖਲਲ ਪੈਦਾ ਕਰ ਦਿੱਤੇ। ਉਸ ਨੂੰ ਆਪਣਾ ਵਜੂਦ ਵਾਧੂ ਜਿਹਾ ਮਹਿਸੂਸ ਹੋਣ ਲੱਗ ਪਿਆ। ਅੰਦਰੂਨੀ ਤੌਰ ’ਤੇ ਟੁੱਟਿਆ ਹਰਦੀਪ ਹਮੇਸ਼ਾ ਵਾਂਗ ਲੰਬੀ ਡਰਾਇਵ ’ਤੇ ਨਿਕਲ ਜਾਂਦਾ ਹੈ ਜਿੱਥੇ ਤੇਜ਼ ਤੇ ਬੇਸੁਧ ਡਰਾਈਵਿੰਗ ਕਰਨ ਕਾਰਣ ਉਸ ਦਾ ਐਕਸੀਡੈਂਟ ਹੋ ਜਾਂਦਾ ਹੈ। ਹਰਦੀਪ ਦੀ ਮੌਤ ਦੀ ਖ਼ਬਰ ਪੂਰੇ ਐਡਲੇਡ ਵਿੱਚ ਫੈਲ ਜਾਂਦੀ ਹੈ। ਧਰਮ ਸਿੰਘ ਨੂੰ ਮੈਡੀਕਲ ਕਾਰਣਾਂ ਕਰਕੇ ਵੀਜ਼ਾ ਨਾ ਮਿਲਣ ਦੀ ਸਥਿਤੀ ਵਿੱਚ ਉਹ ਤੇ ਰੇਸ਼ਮ ਕੌਰ ਆਪਣੇ ਪੁੱਤਰ ਦੇ ਆਖ਼ਰੀ ਦਰਸ਼ਨਾਂ ਲਈ ਨਹੀਂ ਪੁੱਜ ਪਾਉਂਦੇ। ਪਰਿਵਾਰ ਵਿੱਚੋਂ ਜੀਤੀ ਤੇ ਉਸ ਦਾ ਪਤੀ ਸ਼ਿੰਦਰ ਹੀ ਪੁੱਜਦੇ ਹਨ। ਨਾਵਲੀ ਘਟਨਾਕ੍ਰਮ ਅਨੁਸਾਰ ਅਚਾਨਕ ਕਰਮੀ ਨੂੰ ਇੱਕ ਖ਼ਤ ਰਾਹੀਂ ਹਰਦੀਪ ਤੇ ਉਸ ਦੇ ਸਾਂਝੇ ਅਕਾਊਂਟ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ, ਜਿਸ

ਵਿੱਚ ਹਰਦੀਪ ਨੇ ਇੰਡੀਆ ਤੋਂ ਸਾਰਾ ਪੈਸਾ ਟ੍ਰਾਂਸਫ਼ਰ ਕੀਤਾ ਸੀ। ਇਸ ਦੇ ਨਾਲ ਹੀ ਕਰਮੀ ਨੂੰ ਕਾਗਜ਼ਾਂ ਵਿੱਚੋਂ ਵਸੀਅਤ ਦੇ ਉਹ ਕਾਗਜ਼ ਵੀ ਪ੍ਰਾਪਤ ਹੁੰਦੇ ਹਨ ਜਿਸ ਵਿੱਚ ਹਰਦੀਪ ਪਿੰਡ ਵਾਲੀ ਆਪਣੀ ਸਾਰੀ ਜ਼ਮੀਨ ਦੀ ਵਸੀਅਤ ਕਰਮੀ ਦੇ ਨਾਂ ਕਰਵਾ ਦਿੰਦਾ ਹੈ। ਇੱਕ ਵਾਰ ਫਿਰ ਕਰਮੀ ਆਪਣੇ ਪਿਓ ਪੂਰਨ ਸਿੰਘ ਨਾਲ ਮਿਲ ਕੇ ਪੂਰੀ ਯੋਜਨਾ ਤਿਆਰ ਕਰਦੀ ਹੈ ਜਿਸ ਅੰਤਰਗਤ ਫਿਊਨਰਲ ਤੋਂ ਤੁਰੰਤ ਬਾਅਦ ਉਹ ਔਨ ਲਾਈਨ ਬੈਂਕਿੰਗ ਰਾਹੀਂ ਸਾਰੇ ਪੈਸੇ ਆਪਣੇ ਨਾਂ ਟ੍ਰਾਂਸਨਫ਼ਰ ਕਰਵਾ ਹਰਦੀਪ ਦੀ ਵਸੀਅਤ ਨੂੰ ਵੀ ਇੰਡੀਆ ਜਾ ਕੇ ਆਪਣੇ ਨਾਂ ਕਰਵਾਉਣ ਦੀ ਤਿਆਰੀ ਸ਼ੁਰੂ ਕਰ ਲੈਂਦੀ ਹੈ। ਉਹ ਜਲਦੀ ਤੋਂ ਜਲਦੀ ਇੰਡੀਆ ਲਈ ਰਵਾਨਾ ਹੋਣਾ ਚਾਹੁੰਦੀ ਹੈ। ਸਾਰੀ ਘਟਨਾ ਤੋਂ ਬੇਖ਼ਬਰ ਜੀਤੀ ਕਰਮੀ ਨੂੰ ਬਹੁਤ ਵਾਰ ਸਮਝਾਉਣ ਦੀ ਕੋਸ਼ਿਸ਼ ਕਰਦੀ ਹੈ ਕਿ ਹਰ ਵਾਰ ਦੀ ਤਰ੍ਹਾਂ ਪੂਰਾ ਪਰਿਵਾਰ ਨਵੰਬਰ ਵਿੱਚ ਜਾ ਕੇ ਹਰਦੀਪ ਦੀਆਂ ਅਸਤਾਂ ਨੂੰ ਕੀਰਤਪੁਰ ਪਾ ਆਵੇਗਾ। ਪਰ ਕਰਮੀ ਕਿਸੇ ਦਾ ਵੀ ਇੰਤਜਾਰ ਨਹੀਂ ਕਰਦੀ ਸਗੋਂ ਇਸ ਸੰਬੰਧੀ ਇਕੱਲਿਆਂ ਜਾਣ ਦਾ ਫ਼ੈਸਲਾ ਸੁਣਾ ਦਿੰਦੀ ਹੈ ਤੇ ਬਿਨਾਂ ਕਿਸੇ ਨੂੰ ਦੱਸੇ ਇੰਡੀਆ ਲਈ ਰਵਾਨਾ ਹੋ ਜਾਂਦੀ ਹੈ।

ਹਰ ਸਾਲ ਦੀ ਤਰ੍ਹਾਂ ਨਵੰਬਰ ਵਿੱਚ ਜਦੋਂ ਧਰਮ ਸਿੰਘ ਆਪਣੇ ਵਿਚਕਾਰਲੇ ਪੁੱਤਰ ਅਮਰੀਕ ਦੀ ਮਦਦ ਨਾਲ ਆਪਣੀ ਪੈਨਸ਼ਨ ਤੇ ਜ਼ਮੀਨ ਸੰਬੰਧੀ ਮਸਲਿਆਂ ਦਾ ਸੁਲਝਾ ਕਰਨ ਲਈ ਇੰਡੀਆ ਪੁੱਜਦਾ ਹੈ ਤਾਂ ਉਸ ਦਾ ਵੱਡਾ ਪੁੱਤਰ ਸੁਖਪਾਲ ਵੀ ਆਪਣੀ ਸੁਆਰਥ ਪੂਰਤੀ ਹੁੰਦੀ ਦੇਖ ਉੱਥੇ ਪਹੁੰਚ ਜਾਂਦਾ ਹੈ। ਹਰਦੀਪ ਦੀ ਮੌਤ ਤੋਂ ਧਰਮ ਸਿੰਘ ਆਪਣੀ ਵਸੀਅਤ ਬਦਲ ਕੇ ਹੁਣ ਸਾਰੀ ਜਮੀਨ ਆਪਣੇ ਦੋਵੇਂ ਵੱਡੇ ਮੁੰਡਿਆਂ ਦੇ ਨਾਂ ਕਰਨਾ ਚਾਹੁੰਦਾ ਹੈ। ਆਪਣੇ-ਆਪਣੇ ਸੁਆਰਥ ਨੂੰ ਨਾਲ ਲੈ ਕੇ ਆਇਆ ਪੂਰਾ ਪਰਿਵਾਰ ਜਦੋਂ ਆਪਣੀ ਜਮੀਨ ਨੂੰ ਦੇਖਣ ਪੁੱਜਦਾ ਹੈ ਤਾਂ ਸਮੂਹਕ ਰੂਪ ਵਿੱਚ ਉਨ੍ਹਾਂ ਨੂੰ ਉਸ ਹਕੀਕਤ ਦਾ ਸਾਹਮਣਾ ਕਰਨਾ ਪੈਂਦਾ ਜਿਸ ਬਾਰੇ ਉਨ੍ਹਾਂ ਨੇ ਸੁਪਨੇ ਵਿੱਚ ਵੀ ਨਹੀਂ ਸੋਚਿਆ ਹੁੰਦਾ:

ਸਤਨਾਮ ਸਿਆਂ, ਖੇਤ ਤੁਸੀਂ ਵਾਹ ਰਹੇ ਓ ਪਰ ਮੈਂ ਤਾਂ ਇਹ ਹਾਲ਼ੇ 'ਤੇ ਨਛੱਤਰ ਸੂੰਹ ਨੂੰ ਦਿੱਤੇ ਸੀ ?"

"ਹਾਂ ਚਾਚਾ, ਤੁਸੀਂ ਦਿੱਤੇ ਸੀ ਪਰ ਹੁਣ ਅਸੀਂ ਇਹ ਖਰੀਦ ਲਏ।"

"ਤੁਸੀਂ ਕਿੱਦਾਂ ਖਰੀਦ ਲਏ ?" ਧਰਮ ਸਿੰਘ ਹੈਰਾਨ ਹੁੰਦਾ ਬੋਲਿਆ।

"ਹਰਦੀਪ ਦੇ ਅਸਤ ਲੈ ਕੇ ਉਹ ਦੀ ਘਰਵਾਲੀ ਆਪਣੇ ਪਿਓ ਨਾਲ ਆਈ ਸੀ, ਵਸੀਅਤ ਉਹਨਾਂ ਕੋਲ ਸੀ ਤੇ ਜ਼ਮੀਨ ਆਪਣੇ ਨਾਂ ਕਰਾ ਕੇ ਉਹ ਵੇਚ ਗਏ, ਸਾਨੂੰ ਤਾਂ ਇਹ ਬਹੁਤ ਮਹਿੰਗੀ ਪਈ ਆ, ਅਖੇ ਇਥੇ ਹਾਈਵੇਅ ਨਿਕਲਣਾ ਜੋ ਰਿਹਾ, ਜਦ ਹਾਈਵੇਅ ਨਿਕਲੇਗਾ ਤਾਂ ਦੇਖੀ ਜਾਏਗੀ, ਹੁਣ ਕਣਕ ਤਾਂ ਬੀਜੀਏ।" ਸਤਨਾਮ ਸਿੰਘ ਦੱਸ ਰਿਹਾ ਸੀ।[13]

ਅਚਾਨਕ ਸਾਰੀ ਘਟਨਾ ਤੋਂ ਅਵਗਤ ਹੁੰਦੇ ਧਰਮ ਸਿੰਘ ਨੂੰ ਇਸ ਗੱਲ ਦਾ ਯਕੀਨ ਨਹੀਂ ਹੁੰਦਾ ਕਿ ਹਰਦੀਪ ਦੀ ਪਤਨੀ ਕਰਮੀ ਸਾਰੀ ਜਮੀਨ ਬਹੁਤ ਉੱਚੇ ਦਾਮ ਤੇ ਵੇਚ ਗਈ ਹੈ। ਉਸ ਦੇ ਪੈਰਾਂ ਹੇਠੋਂ ਜਮੀਨ ਨਿਕਲ ਜਾਂਦੀ ਹੈ। ਅਗਲੇ ਹੀ ਦਿਨ ਜਦੋਂ ਧਰਮ ਸਿੰਘ ਆਪਣੇ ਬੈਂਕ ਪੁੱਜਦਾ ਹੈ ਤਾਂ ਉੱਥੇ ਵੀ ਉਸ ਨੂੰ ਆਪਣੇ ਸਾਰੇ ਅਕਾਊਂਟ ਖਾਲੀ ਮਿਲਦੇ ਹਨ। ਇੱਥੋਂ ਤਕ ਕਿ ਉਸ ਦਾ ਪੈਨਸ਼ਨ ਵਾਲਾ ਅਕਾਊਂਟ ਵੀ ਖਾਲੀ ਹੁੰਦਾ ਹੈ। ਪਰਸਥਿਤੀ ਤੋਂ ਵਿਪਰੀਤ ਆਪਣੇ ਸੁਆਰਥ ਦੀ ਪੂਰਤੀ ਨਾ ਹੁੰਦੇ ਦੇਖ ਅਮਰੀਕ ਅਤੇ ਸੁਖਪਾਲ ਉਨ੍ਹਾਂ ਨੂੰ ਉੱਥੇ ਹੀ ਛੱਡ ਆਪਣੇ-ਆਪਣੇ ਰਾਹ ਨਿਕਲ ਜਾਂਦੇ ਹਨ।

ਨਾਵਲੀ ਕਥਾਨਕ ਅਨੁਸਾਰ ਜਿੱਥੇ ਪੇਂਡੂ ਭਾਈਚਾਰਾ ਇੱਕ ਪਾਸੇ ਹਰਦੀਪ ਦੇ ਅਫਸੋਸ ਲਈ ਇਕੱਠਾ ਹੁੰਦਾ ਹੈ ਉੱਥੇ ਦੂਜੇ ਪਾਸੇ ਉਹ ਹਰਦੀਪ ਦੀ ਪਤਨੀ ਵੱਲੋਂ ਜ਼ਮੀਨ ਨੂੰ ਬਹੁਤ ਉੱਚੀ ਕੀਮਤ ਤੇ ਵੇਚਣ ਦੀ ਪਦਾਰਥਵਾਦੀ ਮਾਨਸਿਕਤਾ ਨੂੰ ਆਪਣੀ  ਚਰਚਾ ਦਾ ਆਧਾਰ ਬਣਾਉਦੇ ਹਨ। ਨਤੀਜੇ ਵਜੋਂ ਆਰਥਕ ਔਰਤ ਤੇ ਕੰਗਾਲ ਧਰਮ ਸਿੰਘ ਨੂੰ ਆਪਣੇ ਪ੍ਰਤੀ ਪਿੰਡ ਦੇ ਲੋਕਾਂ ਦੇ ਵਿਹਾਰ ਵਿੱਚ ਬਦਲਾਉ ਪ੍ਰਤੀਤ ਹੁੰਦਾ ਹੈ। ਉਸ ਨੂੰ ਮਹਿਸੂਸ ਹੁੰਦਾ ਹੈ ਕਿ ਜ਼ਮੀਨ ਦੇ ਨਾਲ-ਨਾਲ ਉਸ ਦਾ ਸੰਬੰਧ ਵੀ ਆਪਣੇ ਪਿੰਡ ਨਾਲ ਖ਼ਤਮ ਹੋ ਗਿਆ ਹੋਵੇ। ਨਾਵਲ ਦੇ ਅੰਤ ਵਿਚ ਧਰਮ ਸਿੰਘ ਤੇ ਪਾਤਰ ਗੁਲਜ਼ਾਰ ਸਿੰਘ ਦਾ ਅੰਤਰ-ਸੰਵਾਦ ਨਾਵਲੀ ਬਿਰਤਾਂਤ ਦੇ ਮੁੱਖ ਬਿੰਦੂ ਨੂੰ ਪੁਨਰ ਕੇਂਦ੍ਰਿਤ ਕਰਦਾ ਹੈ:

> "ਧਰਮ ਸਿਆਂ, ਉਸ ਮੁੰਡੇ ਵਰਗਾ ਕੋਈ ਹੋਰ ਪੁੱਤ ਨਹੀਂ ਹੋ ਸਕਦਾ, ਘਰ ਦੀਆਂ ਜ਼ਿੰਮੇਵਾਰੀਆਂ 'ਚ ਉਹ ਤੇਰੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਦਾ ਰਿਹਾ।"
>
> ਧਰਮ ਸਿੰਘ ਹਰਦੀਪ ਨੂੰ ਚੇਤੇ ਕਰਦਾ ਸਿਰ ਮਾਰਦਾ ਬੋਲਿਆ, "ਗੁਲਜ਼ਾਰ ਸਿਆਂ, ਤੂੰ ਠੀਕ ਕਹਿ ਰਿਹਾਂ, ਮੈਂ ਉਹਨੂੰ ਕਈ ਵਾਰ ਚਲਾਇਆ, ਬਹੁਤ ਸਾਰੀ ਸ਼ੌਪਿੰਗ ਵੀ ਕੀਤੀ ਪਰ ਹਰ ਵਾਰ ਵਾਪਸ ਮੇਰੇ ਕੋਲ ਮੁੜ ਆਉਂਦਾ ਸੀ, ਪਰ ਇਸ ਵਾਰ ਇਵੇਂ ਚੱਲਿਆ ਕਿ ਵਾਪਸ ਨਹੀਂ ਮੁੜਿਆ... ।"[14]

ਨਾਵਲ ਦੀਆਂ ਇਹ ਸੱਤਰਾਂ ਧਰਮ ਸਿੰਘ ਦੇ ਅਵਚੇਤਨ 'ਚੋਂ ਉਭਰੇ ਉਹ ਸਵੈ-ਸੰਵਾਦੀ ਸ਼ਬਦ ਹਨ ਜਿਨ੍ਹਾਂ ਵਿੱਚ ਉਹ ਇਹ ਸਵੀਕਾਰ ਕਰ ਲੈਂਦਾ ਹੈ ਕਿ ਉਸ ਨੇ ਸਾਰੀ ਜ਼ਿੰਦਗੀ ਆਪਣੇ ਪੁੱਤਰ ਨੂੰ ਇੱਕ ਖੋਟੇ ਸਿੱਕੇ ਵਾਂਗ ਪ੍ਰਯੋਗ ਕਰ ਆਪਣੇ ਸੁਆਰਥਾਂ ਦੀ ਪੂਰਤੀ ਕੀਤੀ ਤੇ ਉਸ ਰਾਹੀਂ ਹਰ ਵਾਰ ਮੁਨਾਫ਼ਾ ਕਮਾਇਆ। ਇਹ ਮੁਨਾਫ਼ਾ ਆਰਥਕ ਪੱਖੋਂ ਸੰਨਪਨਾ ਤੇ ਸਥਾਪਤੀ  ਨਾਲ ਜੁੜਿਆ ਹੋਵੇ ਜਾਂ ਆਪਣੇ ਰਿਸ਼ਤਿਆਂ ਨੂੰ ਆਪਣੇ ਸੁਆਰਥ ਮੁਤਾਬਕ ਪ੍ਰਯੋਗ ਕਰਨ ਨਾਲ ਸੰਬੰਧਿਤ ਹੋਵੇ ਹਰ ਪੱਖੋਂ ਧਰਮ ਸਿੰਘ ਨੂੰ ਜਿੱਤ ਪ੍ਰਾਪਤ ਹੁੰਦੀ ਰਹੀ। ਧਰਮ ਸਿੰਘ ਜ਼ਿੰਦਗੀ ਵਿੱਚ ਭਾਵੇਂ ਆਪਣੇ ਆਪ ਨੂੰ ਜਿੰਨਾਂ ਮਰਜ਼ੀ ਕਲਾਕਾਰ ਸਮਝਦਾ ਰਿਹਾ ਹੋਵੇ ਪਰ ਇਸ ਵਾਰ ਉਸ ਦਾ ਸਾਹਮਣਾ ਆਪਣੇ ਕੱਦ ਤੋਂ ਬਹੁਤ ਉੱਚੇ ਕਲਾਕਾਰ ਨਾਲ ਪੈ ਗਿਆ। ਇਸ ਵਾਰ ਉਸ ਦੇ ਖੋਟੇ ਸਿੱਕੇ ਨੂੰ ਚਲਾਉਣ ਵਾਲਾ ਕਲਾਕਾਰ ਕੋਈ ਹੋਰ ਸੀ ਤੇ ਉਸ ਨੂੰ ਮੁਨਾਫ਼ਾ ਵੀ ਕਈ ਗੁਣਾਂ ਵੱਧ ਮਿਲਿਆ। ਪਰ ਸਥਿਤੀ ਦੀ ਵਿਡੰਬਨਾ ਇਹ ਰਹੀ ਇੱਕ ਇਸ ਵਾਰ ਉਹ ਖੋਟਾ ਸਿੱਕਾ ਧਰਮ ਸਿੰਘ ਵੱਲ ਹੀ ਚੱਲ ਗਿਆ।

> 'ਅਗਲੀ ਗੱਲ ਜੋ ਉਹ ਕਹਿਣਾ ਚਾਹੁੰਦਾ ਸੀ ਪਰ ਨਾ ਕਹੀ, 'ਇਸ ਵਾਰੀ ਕਲਾਕਾਰ ਕੋਈ ਹੋਰ ਹੈ। ਇਸ ਵਾਰ ਉਹ ਸ਼ੌਪਿੰਗ ਵੀ ਬਹੁਤ ਕਰਵਾ ਗਿਆ। ਖਾਸ ਗੱਲ ਇਹ ਰਹੀ ਕਿ ਇਸ ਵਾਰ ਉਹ ਮੇਰੇ ਵੱਲ ਹੀ ਚੱਲ ਗਿਆ।'[15]

ਮੁੱਖ ਰੂਪ ਵਿੱਚ ਹਰਜੀਤ ਅਟਵਾਲ ਦਾ ਹੱਥਲਾ ਨਾਵਲ 'ਕਲਾਕਾਰ' ਅਜਿਹੇ ਨੈਰੇਟਿਵ ਦੀ ਸਿਰਜਣਾ ਕਰਦਾ ਹੈ ਜਿਸ ਅੰਦਰਲਾ ਹਰ ਪਾਤਰ ਆਪਣੇ ਜੱਦੀ ਮੁੱਲਕ ਤੋਂ ਪਰਵਾਸ ਧਾਰਨ ਕਰਨ ਦੌਰਾਨ ਆਪਣੇ ਜੀਵਨ ਦੇ ਹਰ ਪਹਿਲੂ ਵਿੱਚ ਵੱਖਰੀ ਕਲਾਕਾਰੀ ਦਾ ਉਦਾਹਰਨ ਦਿੰਦਾ ਹੈ। ਨਾਵਲ ਵਿਚਲੇ ਬਹੁ-ਪਾਤਰ ਆਵਾਸੀ ਜਾਂ ਪਰਵਾਸੀ ਧਰਾਤਲ 'ਤੇ ਕਿਸੇ ਵੀ ਸੱਭਿਆਚਾਰਕ ਸਮੱਸਿਆ ਦਾ ਸਾਹਮਣਾ ਨਹੀਂ ਕਰਦੇ ਸਗੋਂ ਬਾਹਰਲੇ ਮੁਲਕਾਂ ਤਕ ਪਹੁੰਚੇ ਇਹ ਪਾਤਰ ਉੱਥੇ ਦੀਆਂ ਸਥਾਨਕ ਸਥਿਤੀਆਂ ਵਿੱਚ ਸਹਿਜੇ ਹੀ ਵਿਲੀਨ ਹੋ ਜਾਂਦੇ ਹਨ। 'ਕਲਾਕਾਰ' ਨਾਵਲ ਦਾ ਪਾਠਗਤ ਅਧਿਐਨ ਕਰਨ

ਮਗਰੋਂ ਜੋ ਤੱਥ ਮੁੱਖ ਰੂਪ ਵਿੱਚ ਉਭਰ ਕੇ ਸਾਹਮਣੇ ਆਉਂਦੇ ਹਨ ਉਨ੍ਹਾਂ ਅਨੁਸਾਰ ਸਪੇਸ ਪੱਧਰ ਤੇ ਇਹ ਨਾਵਲ ਪੰਜਾਬ ਦੇ ਰਾਜੋਵਾਲ ਪਿੰਡ ਤੋਂ ਅਰੰਭਦਾ, ਆਪਣੀ ਧਰੁਵੀ ਤੇ ਵਾਪਰਦਾ ਰਾਜੋਵਾਲ ਆ ਕੇ ਹੀ ਖਤਮ ਹੋ ਜਾਂਦਾ ਹੈ। ਪਰ ਇਸ ਦੌਰਾਨ ਨਾਵਲ ਦਾ ਬਿਰਤਾਂਤਕ ਪਾਸਾਰ ਰਾਸ਼ਟਰੀ ਤੋਂ ਪਾਰ-ਰਾਸ਼ਟਰੀ ਧਰਾਤਲ ਤਕ ਫੈਲਦਾ ਕਈ ਪ੍ਰਕਾਰ ਦੇ ਪ੍ਰਵਚਨ ਸਿਰਜਦਾ ਹੈ। ਪਾਠ ਵਿਚਲੇ ਸਾਰੇ ਪਾਤਰ ਇੱਕ ਪਰਿਵਾਰ ਦੇ ਮੈਂਬਰ ਹੁੰਦੇ ਹੋਏ ਵੀ ਭੂਗੋਲਿਕ ਤੌਰ ’ਤੇ ਇੱਕ ਦੂਜੇ ਤੋਂ ਅੱਡ ਪੰਜਾਬ, ਇੰਗਲੈਂਡ ਤੇ ਆਸਟ੍ਰੇਲੀਆ ਦੇ ਵਸਨੀਕ ਬਣਦੇ ਹਨ ਪਰ ਇਸ ਸਭ ਦੇ ਬਾਵਜੂਦ ਇਨ੍ਹਾਂ ਨਾਵਲੀ ਪਾਤਰਾਂ ਦੀ ਪਦਾਰਥਕ ਮਨੋਸਥਿਤੀ ਬਿਲਕੁਲ ਵੱਖਰੀ ਨਹੀਂ ਹੁੰਦੀ। ਕੋਈ ਵੀ ਪਾਤਰ ਆਰਥਕ ਜਾਂ ਸਮਾਜਕ ਪੱਖੋਂ ਕਮਜ਼ੋਰ ਨਹੀਂ ਦਿੱਸਦਾ ਪਰ ਲਾਲਸਾਵਾਂ ਦੀ ਅਸੀਮਤਾ ਇਨ੍ਹਾਂ ਦੀ ਸਖਸ਼ੀਅਤ ਨੂੰ ਇੱਕ ਵੱਖਰੀ ਸ਼੍ਰੇਣੀ ਵਿੱਚ ਖੜ੍ਹਾ ਕਰ ਦਿੰਦੀ ਹੈ। ਇਸ ਪਰਿਪੇਖ ਦੀ ਪੂਰਤੀ ਹੇਠ ਨਾਵਲ ਵਿਚਲਾ ਹਰ ਪਾਤਰ ਕਿਸੇ ਰੰਗਮੰਚੀ ਕਲਾਕਾਰ ਵਾਂਗ ਹਰ ਪਲ ਆਪਣਾ ਪਾਤਰੀ-ਮੁਖੌਟਾ ਬਦਲਦਾ ਰਹਿੰਦਾ ਹੈ। ਨਾਵਲ ਦੇ ਆਰੰਭ ਤੋਂ ਅੰਤ ਤਕ ਨਾਵਲ ਦਾ ਮੁੱਖ ਪਾਤਰ ਧਰਮ ਸਿੰਘ ਪੇਸ਼ੇ ਵਜੋਂ ਭਾਵੇਂ ਇਤਿਹਾਸ ਦਾ ਅਧਿਆਪਕ ਹੁੰਦਾ ਹੈ ਪਰ ਰਿਸ਼ਤਿਆਂ ਵਿਚਲੇ ਸੰਮੀਕਰਣਾਂ ਅੰਦਰ ਉਹ ਜਮਾਂ-ਘਟਾ ਕਰਦਾ, ਹਰ ਰਿਸ਼ਤੇ ਵਿੱਚੋਂ ਲਾਭ ਭਾਲਦਾ ਹੈ। ਪਾਠ ਵਿਚਲੀਆਂ ਪ੍ਰਸਥਿਤੀਆਂ ਅਨੁਸਾਰ ਉਹ ਆਪਣੇ ਆਪ ਨੂੰ ਇੱਕ ਕਲਾਕਾਰ ਘੋਸ਼ਿਤ ਕਰਦਾ ਖੋਟੇ ਸਿੱਕੇ ਨੂੰ ਸਹੀ ਜਗਾਹ ਤੇ ਸਮੇਂ ਅਨੁਸਾਰ ਚਲਾਉਣ ਦਾ ਹੌਸਲਾ ਰੱਖਦਾ ਹੈ। ਇਸ ਗੱਲ ਦੀ ਸਥਾਪਤੀ ਲਈ ਉਹ ਆਪ ਆਪਣੇ ਨੂੰ ਕਲਾਕਾਰ ਮੰਨਦਾ ਆਪਣੀ ਕਲਾ ਤੇ ਮਾਣ ਮਹਿਸੂਸ ਕਰਦਾ ਹੈ। ਉਹ ਆਪਣੀ ਕਲਾ ਪ੍ਰਦਰਸ਼ਨ ਲਈ ਆਪਣੇ ਹੀ ਨਜ਼ਦੀਕੀ ਰਿਸ਼ਤਿਆਂ, ਖ਼ਾਸ ਤੌਰ ’ਤੇ ਆਪਣੇ ਹੀ ਪੁੱਤਰਾਂ ਦਾ ਪ੍ਰਯੋਗ ਕਰਦਾ ਹੈ। ਪਦਾਰਥਵਾਦੀ ਮਾਸਿਕਤਾ ਦਾ ਧਾਰਨੀ ਹੋਣ ਕਾਰਣ ਉਹ ਸਾਰੀ ਜ਼ਿੰਦਗੀ ਆਪਣੇ ਰਿਸ਼ਤਿਆਂ ਤੋਂ ਮੁਨਾਫ਼ਾ ਕਮਾਉਣ ਦੀ ਕੋਸ਼ਿਸ਼ ਵਿੱਚ ਲੱਗਿਆ ਰਹਿੰਦਾ ਹੈ।

ਨਾਵਲੀ ਪਾਠ ਜਿਸ ਤੱਥ ਉੱਤੇ ਸਭ ਤੋਂ ਜਿਆਦਾ ਧਿਆਨ ਕੇਂਦਰਿਤ ਹੁੰਦਾ ਹੈ, ਉਹ ਨਾਵਲ ਵਿਚਲੇ ਹਰ ਰਿਸ਼ਤੇ ਦਾ ਮਕਾਨਕੀ ਹੋਣਾ ਹੈ। ਨਾਵਲ ਦਾ ਹਰ ਪਾਤਰ ਆਪਣੇ ਸੁਆਰਥ ਦੀ ਪੂਰਤੀ ਲਈ ਨੈਤਿਕ ਮੁੱਲਾਂ ਤੋਂ ਪਾਰ ਹਿਰਸਾਂ, ਲਾਲਸਾਵਾਂ ਵਿੱਚ ਘਿਰਿਆ ਹੋਇਆ ਹੈ। ਪਾਠ ਵਿਚਲੇ ਹਰ ਪਾਤਰ ਨਿਰਧਾਰਤ ਸਥਿਤੀਆਂ ਅੰਤਰਗਤ ਪੂੰਜੀ/ਪਦਾਰਥਕ ਲੋੜਾਂ ਦੀ ਪੂਰਤੀ ਲਈ ਇੱਕ-ਦੂਜੇ ਨੂੰ ਠੱਗਦੇ ਰਹਿੰਦੇ ਹਨ। ਜਿੱਥੇ ਪਿਓ ਆਪਣੇ ਪੁੱਤਰ ਨੂੰ ‘ਖੋਟਾ ਸਿੱਕਾ’ ਕਹਿ ਕੇ ਆਪਣੀਆਂ ਲਾਲਸਾਵਾਂ ਦੀ ਪੂਰਤੀ ਕਰਦਾ ਹੈ ਉੱਥੇ ਉਸ ਦੀ ਪਤਨੀ ਕਰਮੀ ਉਸ ਨੂੰ ਦੂਜਿਆਂ ਤੋਂ ਸੁਚੇਤ ਕਰਦੀ ਆਪ ਉਸ ‘ਖੋਟੇ ਸਿੱਕੇ’ ਨੂੰ ਕੈਸ਼ ਕਰਵਾਉਂਦੀ ਹੈ।

ਨਾਵਲੀ ਪਾਠ ਅਨੁਸਾਰ ਧਰਨ ਸਿੰਘ ਦਾ ਵੱਡਾ ਪੁੱਤਰ ਸੁਖਪਾਲ ਸ਼ੁਰੂ ਤੋਂ ਹੀ ਚੰਡੀਗੜ੍ਹ ਵਿੱਚ ਆਪਣੀ ਵੱਡੀ ਕੋਠੀ ਲਈ ਆਪਣੇ ਪਿਓ ਤੋਂ ਆਪਣਾ ਹਿੱਸਾ ਮੰਗਦਾ ਹੈ, ਹਿੱਸਾ ਨਾ ਮਿਲਣ ਦੀ ਸਥਿਤੀ ਵਿੱਚ ਉਹ ਆਪਣੇ ਸਾਰੇ ਰਿਸ਼ਤੇ ਤੋੜ ਦਿੰਦਾ ਹੈ ਪਰ ਜਦੋਂ ਉਸ ਨੂੰ ਹਰਦੀਪ ਦੀ ਮੌਤ ਤੋਂ ਬਾਅਦ ਜ਼ਮੀਨ ਦੀ ਹਿੱਸੇਦਾਰੀ ਮਿਲਣ ਦੀ ਉਮੀਦ ਹੁੰਦੀ ਹੈ ਤਾਂ ਉਹ ਮੁੜ ਪਿੰਡ ਪਹੁੰਚ ਜਾਂਦਾ ਹੈ। ਇਸ ਤਰ੍ਹਾਂ ਹੀ ਅਮਰੀਕ ਜੋ ਸ਼ੁਰੂ ਤੋਂ ਹੀ ਇੰਗਲੈਂਡ ਦਾ ਵਸਨੀਕ ਤੇ ਆਰਥਕ ਪੱਖੋਂ ਸੰਪਨ ਹੁੰਦਾ ਹੈ ਵੀ ਪਿੰਡ ਦੀ ਜਮੀਨ ਨਾ ਮਿਲਣ ਦੀ ਸਥਿਤੀ ਵਿੱਚ ਆਪਣੇ ਆਪ ਨੂੰ ਦਲਿਤਾਂ ਵਰਗਾਂ ਮਹਿਸੂਸ ਕਰਦਾ ਹੈ। ਉਹ ਵੀ ਹਰਦੀਪ ਦੀ ਮੌਤ ਤੋਂ ਬਾਅਦ ਸੁਖਪਾਲ ਨਾਲ ਜ਼ਮੀਨ ਨੂੰ ਆਪਣੇ ਹਿੱਸੇ ਕਰਵਾਉਣ ਦੀ ਯੋਜਨਾ ਤਿਆਰ ਕਰਦਾ ਹੈ। ਪਰ ਇਸ ਦੇ ਵਿਪਰੀਤ ਕਰਮੀ ਹਰਦੀਪ ਦੀ ਮੌਤ ਤੋਂ ਬਾਅਦ ਸਾਰੀ ਜਾਇਦਾਤ ਆਪਣੇ ਨਾਂ ਕਰਵਾਕੇ ਤੇ ਉਸ ਨੂੰ ਉੱਚੀ

ਕੀਮਤਾਂ ਤੇ ਵੇਚ ਕੇ ਪੂਰੇ ਪਰਿਵਾਰ ਦੀ ਲਾਲਸਾਵਾਂ ’ਤੇ ਪਾਣੀ ਫੇਰ ਦਿੰਦੀ ਹੈ। ਇੱਥੇ ਵਿਸ਼ੈਗਤ ਪੱਖੋਂ ‘ਕਲਾਕਾਰ’ ਵਿੱਚ ਪਰਿਵਰਤਨ ਵਾਪਰਦਾ ਹੈ। ਜੋ ਕਲਾਕਾਰ ਹੁਣ ਤੱਕ ਸਥਿਤੀਆਂ ਨੂੰ ਆਪਣੇ ਅਨੁਸਾਰ ਅਨੁਸ਼ਾਸਿਤ ਕਰਦਾ ਆ ਰਿਹਾ ਸੀ ਉਹ ਆਪ ਇੱਕ ਸਾਧਨ ਮਾਤਰ ਬਣ ਕੇ ਰਹਿ ਜਾਂਦਾ ਹੈ ਤੇ ਬਾਜ਼ਾਰ ਵਿੱਚ ਖੋਟਾ ਸਿੱਕਾ ਕੋਈ ਹੋਰ ‘ਕਲਾਕਾਰ’ ਚਲਾ ਕੇ ਚਲਾ ਜਾਂਦਾ ਹੈ।

ਨਾਵਲ ਆਪਣੇ ਕੇਂਦਰੀ ਵਿਸ਼ੇ ਦੇ ਨਾਲ-ਨਾਲ ਸ਼ੈਲੀਗਤ ਪੱਖੋਂ ਵੀ ਪਾਠਕ ਨੂੰ ਭਾਸ਼ਾਈ ਪੱਧਰ ’ਤੇ ਕਈ ਸਮਾਜਕ ਕਹਾਵਤਾਂ ਜਾਂ ਅਨੁਭਵਾਂ ਨਾਲ ਅਵਗਤ ਕਰਾਉਂਦਾ ਹੈ ਜਿਨ੍ਹਾਂ ਨੂੰ ਅਸੀਂ ਭਾਵੇਂ ਆਪਣੀ ਰੋਜਾਵਾਂ ਜ਼ਿੰਦਗੀ ਵਿੱਚ ਪ੍ਰਯੋਗ ਕਰਦੇ ਹਾਂ ਪਰ ਕਈ ਵਾਰੀ ਇਨ੍ਹਾਂ ਕਹਾਵਤਾਂ ਦੀ ਸਾਰਥਕਤਾ ਵੱਲ ਧਿਆਨ ਨਹੀਂ ਦੇ ਪਾਉਂਦੇ। ਨਾਵਲਕਾਰ ਨੇ ਨਾਵਲੀ ਸੰਵਾਦ ਵਿੱਚ ਕਈ ਥਾਵਾਂ ’ਤੇ ਇਨ੍ਹਾਂ ਕਹਾਵਤਾਂ ਜਾਂ ਅਨੁਭਵਾਂ ਨੂੰ ਸ਼ਾਮਿਲ ਕਰ ਪਾਠਕੀ ਪੜ੍ਹਤ ਨੂੰ ਹੋਰ ਜ਼ਿਆਦਾ ਰੋਚਕ ਕਰ ਦਿੱਤਾ ਹੈ।

ਇੱਕ ਪਰਵਾਸੀ ਨਾਵਕਾਰ ਹੋਣ ਦੇ ਨਾਤੇ ਹਰਜੀਤ ਅਟਵਾਲ ਦਾ ਇਹ ਨਾਵਲ ਉਸ ਦੇ ਪੂਰਵਲੇ ਨਾਵਲਾਂ ਤੋਂ ਬਿਲਕੁਲ ਵੱਖਰਾ ਪ੍ਰਵਚਨ ਸਿਰਜਦਾ ਹੈ। ਇਹ ਨਾਵਲ ਡਾਇਸਪੋਰਿਕ ਜੀਵਨ ਨਾਲ ਜੁੜੀ ਕਿਵੇਂ ਵੀ ਸਮੱਸਿਆ ਦੀ ਪੇਸ਼ਕਾਰੀ ਨਹੀਂ ਕਰਦਾ ਸਗੋਂ ਭਾਰਤੀ/ਪਰਵਾਸੀ ਪੰਜਾਬੀ ਮਨੁੱਖ ਦੇ ਵਿਹਾਰ ਵਿਚਲੇ ਪਰਿਵਰਨ ਨੂੰ ਪੇਸ਼ ਕਰਦਾ ਹੈ, ਜਿਸ ਅੰਤਰਗਤ ਉਹ ਆਪਣੇ ਸੁਆਰਥ ਦੀ ਪੂਰਤੀ ਤੇ ਸੁਵਿਧਾਵਾਂ ਅਨੁਸਾਰ ਆਪ ਉਸ ਮੁਲਕ ਵੀ ਚੋਣ ਕਰਦਾ ਹੈ ਜਿੱਥੇ ਰਹਿ ਕੇ ਉਸ ਨੂੰ ਵੱਧ ਤੋਂ ਵੱਧ ਲਾਭ ਪ੍ਰਾਪਤ ਹੋ ਸਕੇ। ਜਿਵੇਂ ਨਾਵਲ ਵਿਚਲਾ ਪਾਤਰ ਧਰਮ ਸਿੰਘ ਆਪਣੀ ਚੋਣ ਮੁਤਾਬਕ ਕਨੇਡਾ ਜਾਂ ਆਸਟ੍ਰੇਲੀਆ ਜਾਣ ਦੀ ਥਾਵੇਂ ਇੰਗਲੈਂਡ ਵੱਲ ਰੁਖ ਕਰਦਾ ਹੈ। ਜਿੱਥੇ ਪੂਰਵਲੇ ਡਾਇਸਪੋਰਿਕ ਨਾਵਲ ਕਿਸੇ ਵਿਅਕਤੀ ਦੀ ਬਾਹਰਲੇ ਸਮਾਜਕ-ਸੱਭਿਆਚਾਰਕ ਮਾਹੌਲ ਵਿਚਲੇ ਵਿਲੀਨਿਕਰਨ ਜਾਂ ਅਸਤਿੱਤਵੀਕਰਨ ਨਾਲ ਸੰਬੰਧਿਤ ਮੁੱਦਿਆਂ ਦੀ ਪੇਸ਼ਕਾਰੀ ਕਰਦੇ ਪ੍ਰਤੀਤ ਹੁੰਦੇ ਹਨ ਉੱਥੇ ਇਹ ਨਾਵਲ ਇੱਕ ਪਰਵਾਸੀ ਦੀ ਸਥਾਈ ਨਾਗਰਿਕਤਾ ਲਈ ਜੱਦੋ-ਜਹਿਦ ਕਰਨ ਦੀ ਥਾਵੇਂ ਉਨ੍ਹਾਂ ਕੂਟਨੀਤੀਆਂ ਨੂੰ ਉਭਾਰਦਾ ਹੈ ਜੋ ਉਹ ਆਪਣੇ ਰਿਸ਼ਤਿਆਂ ਦੇ ਪ੍ਰਯੋਗ ਰਾਹੀਂ ਸਥਾਪਤ ਕਰਦਾ ਬਾਹਰਲੇ ਮੁੱਲਕ ਦਾ ਵਸਨੀਕ ਬਣ ਜਾਂਦਾ ਹੈ।

## ਹਵਾਲੇ ਤੇ ਟਿੱਪਣੀਆਂ :

1. ਹਰਜੀਤ ਅਟਵਾਲ, ਕਲਾਕਾਰ, ਪੰਨਾ- 7
2. ਉਹੀ, ਪੰਨਾ- 9
3. ਉਹੀ, ਪੰਨਾ- 13
4. ਉਹੀ, ਪੰਨਾ- 13
5. ਉਹੀ, ਪੰਨਾ- 24-25
6. ਉਹੀ, ਪੰਨਾ- 24-25
7. ਉਹੀ, ਪੰਨਾ- 54-55
8. ਉਹੀ, ਪੰਨਾ- 93

9. ਉਹੀ, ਪੰਨਾ- 81
10. ਉਹੀ, ਪੰਨਾ- 98
11. ਉਹੀ, ਪੰਨਾ- 104
12. ਉਹੀ, ਪੰਨਾ- 117
13. ਉਹੀ, ਪੰਨਾ- 127
14. ਉਹੀ, ਪੰਨਾ- 128
15. ਉਹੀ, ਪੰਨਾ- 128

# ਸੁਖਵਿੰਦਰ ਅੰਮ੍ਰਿਤ ਦੀ ਕਵਿਤਾ ਵਿਚ ਉਭਰਦਾ ਬੇਬਾਕ ਔਰਤ ਦਾ ਅਕਸ

**ਡਾ. ਸੁਖਵਿੰਦਰ ਕੌਰ**
**ਅਸਿਸਟੈਂਟ ਪ੍ਰੋਫੈਸਰ**
**ਬਾਬਾ ਨਾਮਦੇਵ ਯੂਨੀਵਰਸਿਟੀ ਕਾਲਜ, ਕਿਸ਼ਨਕੋਟ (ਗੁਰਦਾਸਪੁਰ)**

ਸੁਖਵਿੰਦਰ ਅੰਮ੍ਰਿਤ ਅਜੋਕੇ ਪੰਜਾਬੀ ਕਾਵਿ ਜਗਤ ਵਿਚ ਇਕ ਚਰਚਿਤ ਕਵਿੱਤਰੀ ਹੈ, ਜਿਸ ਦੀਆਂ ਕਵਿਤਾਵਾਂ ਦਾ ਮੁੱਖ ਵਿਸ਼ਾ ਪਿਆਰ ਹੈ। ਉਸਨੇ ਪੰਜਾਬੀ ਕਾਵਿ ਸੰਸਾਰ ਵਿਚ ਗ਼ਜ਼ਲਗੋ ਵਜੋਂ ਪ੍ਰਵੇਸ਼ ਕੀਤਾ। ਸੁਖਵਿੰਦਰ ਅੰਮ੍ਰਿਤ ਦੀ ਕਵਿਤਾ ਵਿਚਲਾ ਰੰਗ ਉਸ ਤੋਂ ਪਹਿਲਿਆਂ ਕਵਿੱਤਰੀਆਂ ਨਾਲੋਂ ਬਿਲਕੁਲ ਵੱਖਰਾ ਹੈ। ਪਹਿਲਿਆਂ ਕਵਿੱਤਰੀਆਂ ਦੀਆਂ ਰਚਨਾਵਾਂ ਵਿਚ ਜਿੱਥੇ ਮਰਦ ਵਿਰੋਧੀ ਸੁਰ ਹੈ, ਉੱਥੇ ਉਸਦੀ ਕਵਿਤਾ ਵਿਚ ਮਰਦ ਪ੍ਰਤੀ ਬਰਾਬਰੀ, ਪਿਆਰ ਅਤੇ ਵਿਸ਼ਵਾਸ ਵਾਲਾ ਰਵੱਈਆ ਹੈ, ਭਾਵੇਂ ਕਿ ਉਸਦੇ ਆਪਣੇ ਘਰੇਲੂ ਹਾਲਾਤ ਖੁਸ਼ਗਵਾਰ ਨਹੀ ਸਨ। ਆਪਣੀ ਕਾਵਿ-ਸਿਰਜਣਾ ਵਿਚ ਉਹ ਮਰਦ ਪ੍ਰਤੀ ਸੁਹਿਰਦ, ਬਰਾਬਰੀ ਅਤੇ ਸਮਝਦਾਰੀ ਵਾਲੇ ਰਿਸ਼ਤੇ ਨੂੰ ਪਰਿਭਾਸ਼ਿਤ ਕਰਨ ਦਾ ਯਤਨ ਕਰਦੀ ਹੈ, ਜਿਸ ਵਿਚ ਉਹ ਸਮਰਪਣ, ਹਮਦਰਦੀ ਅਤੇ ਵਿਸ਼ਵਾਸ ਦਾ ਅੰਸ਼ ਦੇਖਦੀ ਅਤੇ ਤਲਾਸ਼ਦੀ ਹੈ। ਉਸ ਲਈ ਔਰਤ ਅਤੇ ਮਰਦ ਇਕ ਦੂਜੇ ਦੇ ਵਿਰੋਧੀ ਨਹੀ ਸਗੋਂ ਇਕ ਦੂਜੇ ਦੇ ਪੂਰਕ ਹਨ। ਅਸੀਂ ਮਹਿਸੂਸ ਕਰਦੇ ਹਾਂ ਕਿ ਸੁਖਵਿੰਦਰ ਅੰਮ੍ਰਿਤ ਦੀ ਸ਼ਾਇਰੀ ਵਿਚ ਮਰਦ ਪ੍ਰਤੀ ਉਹ ਅਕਰੋਸ਼ ਨਹੀਂ ਮਿਲਦਾ ਜਿਹੜਾ ਉਸ ਤੋਂ ਪਹਿਲਿਆਂ ਕਵਿੱਤਰੀਆਂ ਵਿਚ ਮਿਲਦਾ ਸੀ। ਸਗੋਂ ਇਸ ਕਵਿੱਤਰੀ ਦੀ ਸ਼ਾਇਰੀ ਵਿਚ ਔਰਤ ਮਰਦ ਦੇ ਰਿਸ਼ਤੇ ਵਿਚ ਸਹਿਜ ਦੀ ਸਥਿਤੀ ਦੀ ਪੇਸ਼ਕਾਰੀ ਮਿਲਦੀ ਹੈ।[1]

ਸਮਕਾਲੀ ਪੰਜਾਬੀ ਕਵਿਤਾ ਵਿਚ ਸੁਖਵਿੰਦਰ ਅੰਮ੍ਰਿਤ ਦੀ ਆਮਦ 1997 ਵਿਚ ਉਸਦੇ ਪਲੇਠੇ ਗ਼ਜ਼ਲ ਸੰਗ੍ਰਹਿ 'ਸੂਰਜ ਦੀ ਦਹਿਲੀਜ਼' ਨਾਲ ਹੋਈ। ਉਸ ਤੋਂ ਬਾਅਦ ਉਸ ਨੇ 'ਚਿਰਾਗਾ ਦੀ ਡਾਰ', 'ਕਣੀਆਂ', 'ਪੱਤਝੜ ਵਿਚ ਪੁੰਗਰਦੇ ਪੱਤੇ', 'ਚਿੜੀਆਂ', 'ਧੁੱਪ ਦੀ ਚੁੰਨੀ', 'ਹਜ਼ਾਰ ਰੰਗਾਂ ਦੀ ਲਾਟ', 'ਨੀਲਿਆ ਵੇ ਮੋਰਾ ਅਤੇ ਪੁੰਨਿਆਂ' ਆਦਿ ਵਰਗੇ ਗ਼ਜ਼ਲ ਸੰਗ੍ਰਹਿ ਅਤੇ ਕਾਵਿ ਸੰਗ੍ਰਹਿ ਪੰਜਾਬੀ ਕਾਵਿ ਜਗਤ ਦੀ ਝੋਲੀ ਪਾਏ। 'ਕੇਸਰ ਦੇ ਛਿੱਟੇ' ਅਤੇ 'ਰਿਸ਼ਤਿਆਂ ਦੀ ਰੰਗੋਲੀ' ਸ਼ਾਇਰਾ ਦੁਆਰਾ ਸੰਪਾਦਿਤ ਕੀਤੀਆਂ ਗਈਆਂ ਪੁਸਤਕਾਂ ਹਨ।

ਬਚਪਨ ਤੋਂ ਹੀ ਲਿਖਣ ਦਾ ਸ਼ੋਕ ਹੋਣ ਕਾਰਨ ਸੁਖਵਿੰਦਰ ਅੰਮ੍ਰਿਤ ਪਿਆਰ-ਮੁਹੱਬਤ ਵਾਲੇ ਗੀਤ ਲਿਖਣ ਲੱਗ ਪਈ ਪਰ ਘਰ ਦਾ ਮਾਹੋਲ ਸਖ਼ਤ ਹੋਣ ਕਰਕੇ ਉਸਦੀ ਮਾਂ ਨੇ ਗੀਤਾਂ ਵਾਲੀ ਕਾਪੀ ਚੁੱਲ੍ਹੇ ਵਿਚ ਸਾੜ ਦਿੱਤੀ ਪਰ ਇਹ ਉਸ ਦਾ ਸ਼ੋਕ, ਸ਼ਿੱਦਤ ਅਤੇ ਜ਼ਜ਼ਬਾ ਹੀ ਸੀ ਕਿ ਉਸਨੇ ਆਪਣੇ ਅੰਦਰਲੇ ਇਸ ਜਜ਼ਬੇ ਨੂੰ ਮਰਨ ਨਹੀਂ ਦਿੱਤਾ। ਚੁੱਲੇ ਵਿਚ ਬਲਣ ਵਾਲੀ ਉਹਦੀ ਕਵਿਤਾ ਹੁਣ ਹਜ਼ਾਰ ਰੰਗਾਂ ਦੀ ਲਾਟ ਬਣ ਗਈ ਹੈ, ਪੁੰਨਿਆਂ ਬਣ ਗਈ ਹੈ। ਇਸ ਲਾਟ ਦੇ ਰੰਗ ਏਨੇ ਸੋਹਣੇ ਤੇ ਏਨੀ ਸ਼ਿੱਦਤ ਭਰੇ ਨਾ ਹੁੰਦੇ, ਜੇ ਉਸਦੀ ਕਵਿਤਾ ਨੂੰ ਚੁੱਲ੍ਹੇ ਵਿਚ ਨਾ ਮਚਣਾ ਪੈਂਦਾ।[2]

ਸੁਖਵਿੰਦਰ ਅੰਮ੍ਰਿਤ ਦੀ ਕਾਵਿ ਸਿਰਜਣਾ ਦੀ ਪ੍ਰਮੁੱਖ ਸੁਰ ਪਿਆਰ ਮਹੁੱਬਤ ਹੈ ਪਰ ਇਹ ਪਿਆਰ ਅਧੀਨਗੀ ਵਾਲਾ ਨਹੀਂ ਸਗੋਂ ਬਰਾਬਰੀ ਵਾਲਾ ਹੈ।ਉਹ ਪਰੰਪਰਕ ਵਿਚਾਰਾਂ ਦੀ ਵਿਰੋਧੀ ਹੈ। ਸ਼ਾਇਰਾ ਉਨ੍ਹਾਂ ਪੁਰਾਣੇ ਘਸੇ-ਪਿਟੇ

ਵਿਚਾਰਾਂ ਦਾ ਬੜੀ ਬੇਬਾਕੀ ਨਾਲ ਖੰਡਨ ਕਰਦੀ ਹੈ। ਜਿਵੇਂ ਹਰ ਮਾਂ ਆਪਣੀ ਜਵਾਨ ਹੁੰਦੀ ਧੀ ਨੂੰ ਸਿੱਖਿਆ ਦਿੰਦੀ ਹੈ, ਉਸੇ ਤਰ੍ਹਾਂ ਕਵਿੱਤਰੀ ਦੀ ਮਾਂ ਦੁਆਰਾ ਦਿੱਤੀ ਗਈ ਸਿੱਖਿਆ ਉਸ ਅਨੁਸਾਰ ਉਸਦੇ ਕਿਸੇ ਕੰਮ ਨਾ ਆਈ ਅਤੇ ਅੱਗੋਂ ਉਹ ਆਪਣੀ ਅਗਲੀ ਪੀੜ੍ਹੀ, ਆਪਣੀ ਧੀ ਨੂੰ ਇਹੋ ਜਿਹੀ ਇਨਕਲਾਬੀ ਸਿੱਖਿਆ ਦਿੰਦੀ ਹੈ ਜੋ ਉਸਦੀ ਜਿੰਦਗੀ ਵਿੱਚ ਕੰਮ ਆ ਸਕੇ :-

ਤੇ ਮੈਨੂੰ ਆਪਣੀ ਧੀ ਨੂੰ ਸਮਝਾਇਆ
ਕਦਮ ਕਦਮ ਤੇ
ਦੀਵਾਰਾਂ ਨਾਲ ਸਮਝੌਤਾ ਨਾ ਕਰੀਂ
ਆਪਣੀਆਂ ਉਡਾਰੀਆਂ ਨੂੰ
ਪਿੰਜਰਿਆਂ ਕੋਲ ਗਹਿਣੇ ਨਾ ਧਰੀਂ
ਤੂੰ ਆਪਣੇ ਰੁਤਬੇ ਨੂੰ
ਏਨਾ ਬੁਲੰਦ
ਏਨਾ ਰੌਸ਼ਨ ਕਰੀਂ
ਕਿ ਹਰ ਹਨ੍ਹੇਰਾ ਤੈਨੂੰ ਵੇਖ ਕੇ ਤ੍ਰਬਕ ਜਾਵੇ
ਹਰ ਦੀਵਾਰ ਤੈਨੂੰ ਵੇਖ ਕੇ ਠਿਠਕ ਜਾਵੇ
ਹਰ ਜ਼ੰਜੀਰ ਤੈਨੂੰ ਵੇਖ ਕੇ ਮੜੱਕ ਜਾਵੇ।[3]

ਸੁਖਵਿੰਦਰ ਅੰਮ੍ਰਿਤ ਇਸ ਕਵਿਤਾ ਵਿੱਚ ਅੱਗੇ ਜਾ ਕੇ ਇਹ ਵੀ ਉਮੀਦ ਕਰਦੀ ਹੈ ਕਿ ਉਸ ਦੀ ਧੀ ਅੱਗੇ ਆਪਣੀ ਧੀ ਨੂੰ ਵੀ ਜ਼ਿੰਦਗੀ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕਰੇਗੀ। ਸਗੋਂ ਉਸ ਤੋਂ ਵੀ ਵੱਧ ਪਿਆਰ ਅਤੇ ਮੁਕਤੀ ਭਰਿਆ ਸੰਦੇਸ਼ ਉਹ ਆਪਣੀ ਅਗਲੀ ਪੀੜ੍ਹੀ ਨੂੰ ਦੇਵੇਗੀ:-

ਮੇਰੀ ਧੀ ਵੀ
ਆਪਣੀ ਧੀ ਨੂੰ ਜ਼ਰੂਰ ਕੁਝ ਆਖੇਗੀ
ਸ਼ਾਇਦ ਇਸ ਤੋਂ ਵੀ ਵੱਧ ਸੋਹਣਾ
ਇਸ ਤੋਂ ਵੀ ਵੱਧ ਮੁਕਤੀ ਅਤੇ ਮੁਹੱਬਤ ਭਰਿਆ।[4]

ਇਸ ਤਰ੍ਹਾਂ ਦੋ ਪੰਨਿਆਂ ਦੀ ਨਿੱਕੀ ਜਿਹੀ ਕਵਿਤਾ ਉਸ ਦੀ ਆਪਣੀ ਮਾਂ ਤੋਂ ਲੈ ਕੇ ਆਪਣੀ ਦੋਹਤੀ ਤੱਕ ਭਾਵ ਚਾਰ ਪੀੜੀਆਂ ਤੱਕ ਬਦਲ ਰਹੀ ਸਥਿਤੀ ਦਾ ਇਤਿਹਾਸ ਕਹਿੰਦੀ ਹੈ। ਇਸ ਵਿਚ ਬੀਤੇ ਦਾ ਦਰਦ ਵੀ ਹੈ, ਵਰਤਮਾਨ ਦਾ ਸੰਘਰਸ਼ ਤੇ ਭਵਿੱਖ ਦਾ ਸੁਨਹਿਰੀ ਸੁਪਨਾ ਵੀ ਸਮਾਇਆ ਹੋਇਆ ਹੈ। ਬੀਤੇ ਵਿਚ ਘੁਟਣ ਜਾਂ ਰੋਕਾਂ ਹਨ, ਵਰਤਮਾਨ ਵਿੱਚ ਸੰਘਰਸ਼ ਤੇ ਭਵਿੱਖ ਵਿੱਚ ਮੁਕਤੀ ਦਾ ਦਰਵਾਜ਼ਾ।[5]

ਸ਼ਾਇਰਾ ਔਰਤ ਪ੍ਰਤੀ ਪਰੰਪਰਕ ਸੋਚ ਦਾ ਵਿਰੋਧ ਕਰਦੀ ਹੈ ਜਿਸ ਵਿਚ ਔਰਤ ਨੂੰ ਮਰਦ 'ਤੇ ਨਿਰਭਰ ਇਕ ਬੇਜ਼ੁਬਾਨ ਗਊ ਸਮਝਿਆ ਜਾਂਦਾ ਸੀ। ਜਦੋਂ ਸੁਪਨਾ ਕਵਿਤਾ ਵਿਚ ਅੱਜ ਦੀ ਔਰਤ ਨੂੰ ਪਿਛਲਾ ਜਨਮ ਦੇ ਕਰਮਾਂ ਲਈ ਆਪਣੇ ਹੱਥੋਂ ਗਊ ਨੂੰ ਪੇੜਾ ਦੇਣ ਲਈ ਕਿਹਾ ਜਾਂਦਾ ਹੈ ਤਾਂ ਉਹ ਬੜੀ ਸਮਝਦਾਰੀ ਤੇ ਬਹਾਦਰੀ ਨਾਲ ਕਹਿੰਦੀ ਹੈ:-

ਗਊ ਨੂੰ ਪੇੜਾ ਦਿੱਤਿਆਂ
ਕੁਝ ਨਹੀਂ ਹੋਣਾ, ਮੰਮੀ।
ਅਸਲ ਵਿਚ ਇਹ ਗਊਆਂ ਨਹੀਂ
ਇਹ ਤਾ ਗਊਆਂ ਦੇ ਭੇਸ ਵਿਚ
ਉਹ ਕੁੜੀਆਂ
ਜਿਨ੍ਹਾਂ ਬਾਰੇ ਤੁਸੀਂ ਅਕਸਰ ਕਹਿੰਦੇ
ਜੁਗਾਂ ਜੁਗਾਂ ਤੋਂ
ਮਰਿਆਦਾ ਦੇ ਕਿਲਿਆਂ ਨਾਲ ਬੱਝੀਆਂ ਹੋਈਆਂ
ਧਰਤੀ ਦੀਆਂ ਧੀਆਂ।[6]

ਸੁਖਵਿੰਦਰ ਅੰਮ੍ਰਿਤ ਮਰਦ-ਔਰਤ ਦੇ ਬਰਾਬਰੀ ਵਾਲੇ ਰਿਸ਼ਤੇ ਦੀ ਹਾਮੀ ਭਰਦੀ ਹੈ। ਜਿੱਥੇ ਕਿਤੇ ਵੀ ਉਸਨੂੰ ਇਸ ਰਿਸ਼ਤੇ ਵਿਚ ਅਸਾਂਵਾਪਣ ਨਜ਼ਰ ਆਉਦਾਂ ਹੈ, ਉਹ ਬੜੀ ਬੇਬਾਕੀ ਨਾਲ ਉਸਦਾ ਵਿਰੋਧ ਕਰਦੀ ਹੈ। ਉਹ ਤਾਂ ਔਰਤ ਦੀ ਔਰਤ-ਆਤਮਾ ਨੂੰ ਝੰਜੋੜਦੀ ਹੋਈ ਉਸ ਦੀ ਸੋਚ ਨੂੰ ਇਹੋ ਜਿਹੇ ਸੰਬੰਧਾਂ ਤੋਂ ਮੁਕਤ ਕਰਨ ਲਈ ਪ੍ਰੇਰਿਤ ਕਰਦੀ ਹੈ। ਹੁਣ ਮੈਂ ਨਾਂ ਦੀ ਕਵਿਤਾ ਵਿੱਚ ਸ਼ਾਇਰਾ ਆਪਣੇ ਜਜ਼ਬਿਆਂ ਤੇ ਸਧਰਾਂ ਨੂੰ ਮਾਰਨਾ ਗੁਨਾਹ ਮੰਨਦੀ ਹੈ:

ਗuਨਾਹ ਹੈ
ਆਪਣੀਆਂ ਹੁਸੀਨ ਸੱਧਰਾਂ
ਤੇ ਹੁਸੀਨ ਗੀਤਾਂ ਨੂੰ ਭੁੱਲ ਜਾਣਾ
ਮਹਿਜ਼ ਰੋਟੀ ਦੇ ਟੁਕੜਿਆਂ ਖ਼ਾਤਰ
ਹੀਰੇ ਜਿਹੀ ਜਿੰਦ ਦਾ ਤੁਲ ਜਾਣਾ।[7]

ਸ਼ਾਇਰਾ ਸੁਖਵਿੰਦਰ ਅੁੰਮ੍ਰਿਤ ਔਰਤ ਨੂੰ ਸਮੇ ਦੇ ਹਾਣ ਦਾ ਦੇਖਣਾ ਲੋਚਦੀ ਹੈ। ਉਸ ਦੀ ਕਾਵਿ ਸਿਰਜਣਾ ਵਿਚਲੀ ਔਰਤ ਗਗਨਾਂ ਵਿਚ ਉੱਚੀਆਂ ਉਡਾਰੀਆਂ ਲਾਉਣ ਵਾਲੀ ਹੈ। ਉਹ ਤਾਂ ਇੱਥੋਂ ਤੱਕ ਕਹਿੰਦੀ ਹੈ ਕਿ ਜੇਕਰ ਤੁਸੀਂ ਮੇਰੇ ਖੰਭ ਕੱਟ ਵੀ ਦੇਵੋਗੇ, ਤਾਂ ਵੀ ਮੈਂ ਉੱਡ ਸਕਦੀ ਹਾਂ। ਅਜੋਕੇ ਸਮੇਂ ਦੀ ਔਰਤ ਇਕ ਵੰਗਾਰ ਦੇ ਰੂਪ ਵਿਚ ਕਹਿੰਦੀ ਹੈ ਕਿ ਮੈਂ ਮਿੱਟੀ ਨਹੀਂ ਹਾਂ, ਜੋ ਮੈਨੂੰ ਕੋਈ ਵੀ ਪੈਰਾਂ ਹੇਠ ਲਿਤਾੜ ਸਕੇ ਸਗੋਂ ਉਹ ਤਾਂ ਅੱਗ ਹੈ। ਕਿੰਨੀ ਬੇਬਾਕ ਸੁਰ ਹੈ ਕਵਿੱਤਰੀ ਦੀ:-

ਮੈਂ ਅੱਗ ਵੀ ਹਾਂ
ਤੇ ਪੌਣ ਵੀ ਮੇਰਾ ਰਿਸ਼ਤਾ ਆਕਾਸ਼ ਨਾਲ ਵੀ ਹੈ,
ਤੇ ਸਮੁੰਦਰ ਨਾਲ ਵੀ
ਤੁਸੀਂ ਜੇ ਮੇਰੇ ਪੈਰ ਕੱਟ ਦਿਉਗੇ,
ਤਾਂ ਵੀ ਮੈਂ ਤੁਰ ਜਾਵਾਂਗੀ
ਤੁਸੀਂ ਜੇ ਮੇਰੇ ਖੰਭ ਨੋਚ ਲਓਗੇ,

ਤਾਂ ਵੀ ਮੈਂ ਉੱਡ ਜਾਵਾਂਗੀ।[8]

ਇਸ਼ਕ, ਪਿਆਰ-ਮੁਹੱਬਤ ਵਿੱਚ ਜਦੋਂ ਵੀ ਕਿਤੇ ਕੋਈ ਦੁਖਾਂਤ ਵਾਪਰਦਾ ਹੈ ਜਾਂ ਕੋਈ ਅਣਹੋਣੀ ਵਾਪਰਦੀ ਹੈ ਤਾਂ ਉਸ ਦਾ ਦੋਸ਼ ਹਮੇਸ਼ਾਂ ਔਰਤ ਦੇ ਮੱਥੇ ਮੜ੍ਹਿਆ ਜਾਂਦਾ ਹੈ। ਪਿਆਰ ਵਿਚ ਇਹ ਬੇਵਫ਼ਾਈ ਦੀ ਜ਼ਿੰਮੇਵਾਰੀ ਔਰਤ ਦੇ ਹਿੱਸੇ ਹੀ ਆਈ ਹੈ, ਪਰ ਸੁਖਵਿੰਦਰ ਅੰਮ੍ਰਿਤ ਇਹ ਕਹਿੰਦੀ  ਹੈ ਕਿ ਸਾਹਿਬਾਂ ਬੇਵਫ਼ਾ ਕਿਸ ਤਰ੍ਹਾਂ ਹੋ ਸਕਦੀ ਹੈ, ਉਸਨੇ ਮਿਰਜ਼ੇ ਦੇ ਪਿਆਰ ਕਰਕੇ ਨਾ ਤਾਂ ਭਰਾਵਾਂ ਦੇ ਪਿਆਰ ਨੂੰ ਦੇਖਿਆ ਤੇ ਨਾ ਹੀ ਬਾਪ ਦੀ ਇੱਜ਼ਤ ਰੂਪੀ ਪੱਗ ਦੀ ਪ੍ਰਵਾਹ ਕੀਤੀ। ਬੇਵਫ਼ਾਈ ਦੇ ਇਲਜ਼ਾਮ ਤੋਂ ਬਚਣ ਲਈ ਅਜੋਕੀ ਸਾਹਿਬਾਂ ਮਿਰਜ਼ੇ ਨੂੰ ਬੜੀ ਨਿਡਰਤਾ ਨਾਲ ਸਮਝਾਉਂਦੀ ਹੈ:-

ਇਸ ਵਾਰ ਜੰਡ
ਥੱਲੇ ਸੌਣ ਦੀ
ਜ਼ਿਦ ਨਾ ਕਰੀਂ, ਮਿਰਜ਼ਿਆ;
ਕਿ ਰਾਹ ਵਿਚਲੇ ਜੰਡ
ਉਹਨਾਂ ਦੇ ਸੌਂਣ ਲਈ ਨਹੀ ਹੁੰਦੇ
ਜਿਹਨਾਂ ਦੇ ਪਿੱਛੇ ਲੱਗੀਆਂ ਹੋਣ
ਪਿਆਸੀਆਂ ਤਲਵਾਰਾਂ,
………………
ਕਿ ਜੰਡ
ਸਿਰਾਂ ਨੂੰ ਛਾਂ ਕਰ ਸਕਦਾ ਹੈ।
ਪਰ
ਉਹਨਾਂ ਨੂੰ ਵੱਡੇ ਜਾਣ ਤੋਂ ਨਹੀਂ ਬਚਾ ਸਕਦਾ।[9]

ਸੁਖਵਿੰਦਰ ਅੰਮ੍ਰਿਤ ਦੀ ਕਵਿਤਾ ਦੀ ਸੁਰ ਅਸ਼ਾਵਾਦੀ ਹੈ। ਔਰਤ ਦੀ ਹੋਂਦ ਪ੍ਰਤੀ ਉਸਦਾ ਨਜ਼ਰੀਆ ਅਗਾਂਹਵਧੂ ਹੈ। ਉਸ ਦੀ ਨਾਇਕਾ ਹਾਲਾਤਾਂ ਨਾਲ ਸਮਝੌਤਾ ਨਹੀਂ ਕਰਦੀ ਸਗੋਂ ਸਮਾਜਿਕ ਨਿਯਮਾਂ ਨੂੰ ਨਕਾਰਦੀ ਹੋਈ ਕ੍ਰਾਂਤੀ ਦਾ ਐਲਾਨ ਕਰਦੀ ਹੈ। ਉਸ ਅੰਦਰਲਾ ਰੋਹ ਅਰੋਕ ਹੈ ਜਿਸ ਕਰਕੇ ਉਹ ਸਮਾਜ ਦੁਆਰਾ ਲਾਈਆਂ ਗਈਆਂ ਬੰਦਸ਼ਾ ਦੀਆਂ ਧੱਜੀਆਂ ਉਡਾਉਂਦੀ ਹੈ:-

ਜੇ ਤੂੰ ਰੋਕ ਸਕਦਾ ਤਾਂ ਰੋਕ ਲਾ,
ਇਸ ਰੋਹ ਦੇ ਵਹਿਣ ਨੂੰ ਮੁਨਸਫ਼ਾ,
ਕਿ ਮੈਂ ਜਾ ਰਹੀਂ ਹਾਂ ਉਲੰਘ ਕੇ,
ਤੇਰੇ ਹੁਕਮ ਨੂੰ; ਫ਼ੁਰਮਾਨ ਨੂੰ......[10]

ਕਵਿੱਤਰੀ ਔਰਤ ਉਤੇ ਹੁੰਦੇ ਜ਼ੁਲਮਾਂ ਦੀ ਕੇਵਲ ਨਿਸ਼ਾਨਦੇਹੀ ਹੀ ਨਹੀ ਕਰਦੀ ਸਗੋਂ ਬਾਗੀ ਸੁਰ ਅਖ਼ਤਿਆਰ ਕਰਕੇ ਉਸ ਨੂੰ ਆਪਣੇ ਹੱਕਾਂ ਲਈ ਟੱਕਰ ਲੈਣ ਲਈ ਵੀ ਪ੍ਰੇਰਿਤ ਕਰਦੀ ਹੈ। ਉਹ ਘਟਣ ਵਾਲੇ ਵਾਤਾਵਰਣ ਵਿਚੋਂ ਨਿਕਲ

ਕੇ ਸੰਘਰਸ਼ ਰਾਹ ਫ਼ੜ ਕੇ ਇਕ ਚੁਣੌਤੀ ਦੇ ਰੂਪ ਵਿਚ ਉਭਰਨ ਦੀ ਸਮਰੱਥਾ ਰੱਖਦੀ ਹੈ। ਉਸਦੀ ਕਵਿਤਾ ਵਿਚਲੀ ਔਰਤ ਤਣਾਉਗ੍ਰਸਤ ਸਥਿਤੀਆਂ ਵਿਚੋਂ ਨਿਕਲਣਾ ਜਾਣਦੀ ਹੈ। ਉਹ ਆਪਣੀ ਹੋਂਦ ਪ੍ਰਤੀ ਚੇਤਨ ਹੈ ਅਤੇ ਆਪਣੇ ਸੰਕਟਮਈ ਹਾਲਾਤਾਂ ਲਈ ਮਰਦ ਨੂੰ ਜ਼ਿੰਮੇਵਾਰ ਨਹੀਂ ਠਹਿਰਾਉਂਦੀ। ਸੁਖਵਿੰਦਰ ਅੰਮ੍ਰਿਤ ਦੀ ਖ਼ਾਸੀਅਤ ਇਹ ਹੈ ਕਿ ਉਹ ਨਾ ਤਾਂ ਆਪਣੇ ਦੁੱਖਾਂ ਦੇ ਕੀਰਨੇ ਪਾ ਕੇ ਹਮਦਰਦੀ ਬਟੋਰਦੀ ਹੈ ਅਤੇ ਨਾ ਹੀ ਬੇਤਰਕ ਉਲਾਰ ਹੋ ਕੇ ਮਰਦਾਂ ਨੂੰ ਗਾਲ੍ਹਾਂ ਕੱਢਦੀ ਹੈ। ਉਹ ਆਪਣੇ ਦੁੱਖਦਾਈ ਅਨੁਭਵਾਂ ਨੂੰ ਦੱਸਦਿਆਂ ਵੀ ਚੰਗੇ ਮਾੜੇ ਮਰਦਾਂ ਦਰਮਿਆਨ ਫ਼ਰਕ ਦੀ ਤਮੀਜ਼ ਰੱਖਦੀ ਹੈ। ਉਹ ਔਰਤ ਨੂੰ ਬੇਸਹਾਰਾ ਨਹੀਂ ਰਹਿਣ ਦਿੰਦੀ ਤੇ ਉਹ ਚੰਗੇ ਮਰਦਾਂ ਨੂੰ ਪ੍ਰਵਾਨਦੀ ਹੈ, ਪਰ ਉਹ ਔਰਤ ਨੂੰ ਚੰਗੇ ਮਰਦਾਂ ਦੇ ਆਸਰੇ ਛੱਡਣ ਦੀ ਥਾਵੇਂ ਖੁਦ ਪੈਰਾਂ ਤੇ ਖੜ੍ਹੇ ਹੋਣ ਦੀ ਸਲਾਹ ਦਿੰਦੀ ਹੈ। ਇਹ ਸਹਿਜ ਦ੍ਰਿਸ਼ਟੀਕੋਣ ਉਸ ਦਾ ਹਾਸਲ ਹੈ।[11] ਉਹ ਅਧੀਨਤਾ ਵਾਲੀ ਜੀਵਨ ਜਾਚ ਨੂੰ ਨਕਾਰਦੀ ਹੋਈ ਸੁਤੰਤਰ ਹੋ ਕੇ ਮਰ ਜਾਣਾ ਚੰਗਾ ਸਮਝਦੀ ਹੈ:-

ਰੁਕਮਣੀ
ਯਸ਼ੋਧਰਾ
ਤੇ
ਸ਼ਕੁੰਤਲਾ ਬਣ ਕੇ ਜਿਉਣ ਨਾਲੋਂ
ਚੰਗਾ ਹੈ
ਸੋਹਣੀ
ਸੁੰਦਰਾਂ
ਤੇ ਹੀਰ ਬਣ ਕੇ ਮਰ ਜਾਣਾ।[12]

ਆਪਣੀ ਇਕੱਲਤਾ ਤੋਂ ਤੰਗ ਆ ਕੇ ਸੁੰਦਰਾਂ ਦੁਆਰਾ ਆਪਣੇ ਮਹਿਲਾਂ ਤੋਂ ਛਾਲ ਮਾਰ ਕੇ ਆਤਮ ਹੱਤਿਆ ਕਰ ਲੈਣਾ ਕਵਿੱਤਰੀ ਨੂੰ ਮਨਜ਼ੂਰ ਨਹੀਂ ਸਗੋਂ ਉਹ ਤਾਂ ਲਿਖਦੀ ਹੈ ਕਿ ਅਜੋਕੀ ਔਰਤ ਆਪਣੀ ਇਕੱਲਤਾ ਕਰਕੇ ਜਾਂ ਫ਼ਿਰ ਸਮਾਜਿਕ ਵਿਵਸਥਾ ਤੋਂ ਅੱਕ ਕੇ ਆਤਮ-ਹੱਤਿਆ ਨਹੀਂ ਕਰੇਗੀ ਸਗੋਂ ਇਹੋ ਜਿਹੇ ਹਾਲਾਤਾਂ ਤੋਂ ਸਿੱਖਿਆ ਲੈ ਕੇ ਉਨਤੀ ਦੀਆਂ ਪੌੜੀਆਂ ਚੜ੍ਹੇਗੀ ਤੇ ਆਪਣੀ ਮੰਜ਼ਲ ਨੂੰ ਸਰ ਕਰ ਸਕੇਗੀ:-

ਇਸ ਵਾਰ
ਪੂਰਨ ਦੇ ਜਾਣ ਤੇ
ਆਪਣੀ ਇਕੱਲਤਾ ਦੀ ਅਟਾਰੀ ਤੋਂ
ਡਿੱਗ ਕੇ
ਸੁੰਦਰਾਂ ਚਿੱਟੇ ਸਫ਼ਿਆਂ ਤੇ
ਕਾਲੇ ਮੋਤੀਆਂ ਵਾਂਗ ਬਿਖਰ ਜਾਵੇਗੀ
ਸ਼ੁਕਰ ਹੈ
ਇਸ ਵਾਰ
ਸੁੰਦਰਾਂ ਮਰੇਗੀ ਨਹੀਂ।[13]

ਅਜੋਕੇ ਸਮਾਜ ਵਿੱਚ ਔਰਤ ਨਾਲ ਵਾਪਰ ਰਹੇ ਹਾਦਸਿਆਂ, ਉਸ ਨਾਲ ਹੁੰਦੇ ਕੁਕਰਮਾਂ ਤੋਂ ਸਭ ਜਾਣੂੰ ਹਨ। ਝੂਠੇ ਪਿਆਰ ਦੇ ਪਰਦੇ ਵਿਚ ਹੁੰਦੇ ਧੋਖੇ-ਫ਼ਰੇਬ, ਛਲ-ਕਪਟ ਅਤੇ ਬਲਾਤਕਾਰ ਵਰਗੇ ਦੁਸ਼ਕਰਮ ਮਰਦਾਂ ਦੁਆਰਾ ਕੀਤੇ ਜਾ ਰਹੇ ਹਨ। ਕਵਿੱਤਰੀ ਇਹੋ ਜਿਹੇ ਕੁਕਰਮਾਂ ਦਾ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕਰਦੀ ਹੈ ਅਤੇ ਇਹੋ ਜਿਹੀ ਪ੍ਰਵਿਰਤੀ ਵਾਲੇ ਮਰਦਾਂ ਦਾ ਘਿਨੌਣਾ ਚਿਹਰਾ ਨੰਗਾ ਕਰਦੀ ਹੋਈ ਲਾਹਨਤ ਪਾਉਦੀਂ ਹੈ:-

ਇਹ ਕਿਸ ਤਰ੍ਹਾਂ ਦੇ ਮਰਦ ਨੇ
ਔਰਤ ਦੀ ਰੱਤ ਤੇ ਪਲੇ ਹੋਏ 'ਵਿਸ਼ੀਅਰ'
ਆਪਣੀ ਮਾਂ ਦੀ ਨਸਲ ਦਾ
ਬਲਾਤਕਾਰ ਕਰਨ ਵਾਲੇ
ਮਾਸੂਮ ਕੰਜਕਾਂ ਦੀਆਂ ਜਾਨਾਂ ਨਾਲ ਖੇਡ ਕੇ
ਆਪਣੀ ਅਗਨੀ ਠਾਰਨ ਵਾਲੇ......
ਇਹ ਹਾਰੇ ਹੋਏ ਦੁਰਕਾਰੇ ਹੋਏ, ਵਿਚਾਰ
ਜਿਨ੍ਹਾਂ ਨੂੰ ਕਿਸੇ ਔਰਤ ਦਾ ਪਿਆਰ
ਜਿੱਤਣਾ ਨਹੀਂ ਆਉਂਦਾ
..................
ਇਹਨਾਂ ਲਈ ਔਰਤ
ਕੁੱਝ ਅੰਗਾਂ ਤੱਕ ਸੀਮਤ ਹੁੰਦੀ ਹੈ।[14]

ਇਸ ਪ੍ਰਕਾਰ ਸੁਖਵਿੰਦਰ ਅੰਮ੍ਰਿਤ ਪੰਜਾਬੀ ਕਾਵਿ ਜਗਤ ਵਿਚ ਵੱਖਰੀ ਪਹਿਚਾਣ ਰੱਖਦੀ ਹੈ ਜਿਸ ਦਾ ਆਪਣਾ ਵਿਲੱਖਣ ਮਿਜਾਜ਼ ਹੈ।ਉਸਦਾ ਇਹੋ ਮੁਹਾਂਦਰਾ ਉਸਨੂੰ ਬਾਕੀ ਕਵਿੱਤਰੀਆਂ ਨਾਲੋਂ ਨਿਖੇੜਦਾ ਹੈ। ਜਿੱਥੇ ਆਪਣੀ ਕਾਵਿ -ਸਿਰਜਣਾ ਵਿੱਚ ਮਰਦ ਪ੍ਰਧਾਨ ਸਮਾਜ ਵਿੱਚ ਔਰਤ ਦੀ ਯਥਾਰਥਕ ਹੋਂਦ ਨੂੰ ਬਿਆਨ ਕਰਦੀ ਹੈ ਉੱਥੇ ਉਹ ਇਸ ਹੋਂਦ ਤੇ ਹੋਣੀ ਦੇ ਮਸਲੇ ਵਿਚ ਮੌਜੂਦਾ ਔਰਤ ਨੂੰ ਕੱਢ ਕੇ ਸੰਵੇਦਨਾ ਤੋਂ ਚੇਤਨਾਂ ਵੱਲ ਸਫ਼ਰ ਤਹਿ ਕਰਦੀ ਨਜ਼ਰ ਆਉਂਦੀ ਹੈ। ਪੰਜਾਬੀ ਕਾਵਿ ਸੰਸਾਰ ਦੀ ਇਹ ਸਿਰਮੌਰ ਸ਼ਾਇਰਾ ਔਰਤ ਮਨ ਦੀਆਂ ਗਹਿਰਾਈਆਂ ਤੋਂ ਜਾਣੂੰ ਹੈ ਅਤੇ ਉਹ ਸਮਾਜ ਦੀਆ ਪਰੰਪਰਿਕ ਕਦਰਾਂ-ਕੀਮਤਾਂ, ਜੋ ਔਰਤ ਦੇ ਰਾਹ ਦਾ ਰੋੜਾ ਬਣਦੀਆਂ ਹਨ, ਨੂੰ ਵਿਦਰੋਹੀ ਸੁਰ ਵਿੱਚ ਨਕਾਰਦੀ ਹੈ। ਔਰਤ ਦੀ ਅਸਤਿਤਵੀ ਹੋਂਦ ਨੂੰ ਸਥਾਪਿਤ ਕਰਨ ਲਈ ਕਵਿੱਤਰੀ ਸਥਾਪਿਤ ਸਮਾਜਿਕ ਕਦਰਾਂ-ਕੀਮਤਾਂ ਨਾਲ ਬੜੀ ਹਿੰਮਤ ਨਾਲ ਦਸਤਪੰਜਾ ਲੈਂਦੀ ਹੈ। ਇਸ ਪ੍ਰਕਾਰ ਸੁਖਵਿੰਦਰ ਅੰਮ੍ਰਿਤ ਔਰਤ ਦੀ ਹੋਣੀ ਤੇ ਹੋਂਦ ਦੇ ਮਸਲਿਆਂ ਸਬੰਧੀ ਬੇਬਾਕੀ ਨਾਲ ਆਵਾਜ਼ ਚੁੱਕਣ ਵਾਲੀ ਪੰਜਾਬੀ ਕਾਵਿ ਜਗਤ ਵਿੱਚ ਇਕ ਵਿਲੱਖਣ ਹਸਤਾਖ਼ਰ ਹੋ ਨਿੱਬੜਦੀ ਹੈ।

**ਹਵਾਲੇ ਤੇ ਟਿੱਪਣੀਆਂ**


1. ਸੁਖਵਿੰਦਰ ਅੰਮ੍ਰਿਤ ਦੀ ਕਵਿਤਾ ਦੇ ਪ੍ਰਮੁੱਖ ਸਰੋਕਾਰ - ਡਾ. ਜੋਗਿੰਦਰ ਸਿੰਘ ਕੈਰੋਂ, ਡਾ. ਰਵਿੰਦਰ, (ਸੰਪਾ) ਪੰਨਾ-7
2. ਸੁਖਵਿੰਦਰ ਅੰਮ੍ਰਿਤ, ਪੁੰਨਿਆਂ, ਪੰਨਾ-11
3. ਸੁਖਵਿੰਦਰ ਅੰਮ੍ਰਿਤ, ਧੁੱਪ ਦੀ ਚੁੰਨੀ, ਪੰਨਾ-12
4. ਉਹੀ, ਪੰਨਾ - ਉਹੀ
5. ਸੁਖਵਿੰਦਰ ਅੰਮ੍ਰਿਤ ਦੀ ਕਵਿਤਾ ਦੇ ਪ੍ਰਮੁੱਖ ਸਰੋਕਾਰ - ਡਾ.ਜੋਗਿੰਦਰ ਸਿੰਘ ਕੈਰੋਂ, ਡਾ.ਰਵਿੰਦਰ, (ਸੰਪਾ) ਪੰਨਾ -49
6. ਸੁਖਵਿੰਦਰ ਅੰਮ੍ਰਿਤ, ਹਜ਼ਾਰ ਰੰਗਾਂ ਦੀ ਲਾਟ, ਪੰਨਾ-57
7. ਸੁਖਵਿੰਦਰ ਅੰਮ੍ਰਿਤ, ਕਣੀਆਂ, ਪੰਨਾ-25
8. ਉਹੀ, ਪੰਨਾ-20
9. ਉਹੀ, ਪੰਨਾ- 84-85
10. ਸੁਖਵਿੰਦਰ ਅੰਮ੍ਰਿਤ, ਹਜ਼ਾਰ ਰੰਗਾਂ ਦੀ ਲਾਟ, ਪੰਨਾ-57
11. ਸੁਖਵਿੰਦਰ ਅੰਮ੍ਰਿਤ ਦੀ ਕਵਿਤਾ ਦੇ ਪ੍ਰਮੁੱਖ ਸਰੋਕਾਰ, ਡਾ,ਜੋਗਿੰਦਰ ਸਿੰਘ ਕੈਰੋਂ, ਡਾ.ਰਵਿੰਦਰ, (ਸੰਪਾ) ਪੰਨਾ-63
12. ਸੁਖਵਿੰਦਰ ਅੰਮ੍ਰਿਤ, ਕਣੀਆਂ, ਪੰਨਾਂ-39
13. ਸੁਖਵਿੰਦਰ ਅੰਮ੍ਰਿਤ, ਪੱਤਝਰ ਵਿਚ ਪੁੰਗਰਦੇ ਪੱਤੇ, ਪੰਨਾ-18
14. ਸੁਖਵਿੰਦਰ ਅੰਮ੍ਰਿਤ, ਚਿੜੀਆਂ, ਪੰਨਾ-76

# ਨਾਰੀ ਤ੍ਰਾਸਦੀ ਦੀ ਗਾਥਾ : ਨਾਵਲ ਇਸਤਰੀ ਕਥਾ

**ਡਾ. ਅਕਵਿੰਦਰ ਕੌਰ**
**ਮੁਖੀ,ਪੰਜਾਬੀ ਵਿਭਾਗ**
**ਗੁਰੂ ਹਰਗੋਬਿੰਦ ਸਾਹਿਬ ਖਾਲਸਾ ਗਰਲਜ ਕਾਲਜ,ਕਰਹਾਲੀ ਸਾਹਿਬ**

'ਇਸਤਰੀ ਕਥਾ' ਕੁਲਦੀਪ ਕੌਰ ਭੁੱਲਰ ਦਾ ਦੂਸਰਾ ਨਾਵਲ ਹੈ। ਇਸ ਤੋਂ ਪਹਿਲਾਂ ਉਸ ਦਾ ਪਲੇਠਾ ਨਾਵਲ 'ਜਹਿਰੀਲੀ ਧਰਤੀ' ਪਾਠਕਾਂ ਦੇ ਸਪੁਰਦ ਹੋ ਚੁੱਕਾ ਹੈ। ਇਸਤਰੀ ਕਥਾ ਨਾਵਲ, ਜਿਸ ਤਰ੍ਹਾਂ ਕਿ ਇਸ ਦੇ ਨਾਮ ਤੋਂ ਹੀ ਸਪਸ਼ਟ ਹੁੰਦਾ ਹੈ, ਇਹ ਇੱਕ ਔਰਤ ਦੀ ਜੀਵਨ ਗਾਥਾ ਹੈ। ਅਸਲ ਵਿੱਚ ਭਾਰਤੀ ਸਮਾਜ ਵਿੱਚ ਔਰਤ ਦੀ ਦੁਰਦਸ਼ਾ ਦਾ ਪ੍ਰਮੁੱਖ ਕਾਰਨ ਪੁਰਸ਼-ਪ੍ਰਧਾਨ ਸਮਾਜਿਕ ਵਿਵਸਥਾ ਦਾ ਚਲਣ ਹੈ।ਇਸਤਰੀ ਕਥਾ ਨਾਵਲ ਵਿਚ ਇਸੇ ਪ੍ਰਕਾਰ ਦੇ ਜਗੀਰਦਾਰੀ- ਯੁਗ ਅਧੀਨ ਉਸਰੇ ਮਰਦ -ਪ੍ਰਧਾਨ ਸਮਾਜ ਅਤੇ ਪਤੀ ਪ੍ਰਧਾਨ ਪਰਿਵਾਰ ਵਿਚ ਔਰਤ ਦੀ ਤ੍ਰਾਸਦਿਕ ਹਾਲਤ ਨੂੰ ਚਿਤਰਿਤ ਕੀਤਾ ਗਿਆ ਹੈ।ਇਸਤਰੀ ਕਥਾ ਨਾਵਲ ਦਾ ਸਾਰਾ ਬਿਰਤਾਂਤ ਨਾਇਕਾ ਚੰਨੀ ਦੁਆਲੇ ਕੇਂਦਰਿਤ ਹੈ। ਨਾਵਲਕਾਰ ਕੁਲਦੀਪ ਕੌਰ ਭੁੱਲਰ ਇਸ ਨਾਵਲ ਵਿੱਚ ਦੱਸਦੀ ਹੈ ਕਿ ਔਰਤ ਭਾਵੇਂ ਪੜ੍ਹੀ -ਲਿਖੀ ਹੋਵੇ, ਭਾਵੇਂ ਅਨਪੜ ਹੋਵੇ, ਭਾਵੇਂ ਕਿਸੇ ਵੀ ਵਰਗ ਨਾਲ ਸਬੰਧਿਤ ਹੋਵੇ ਚੰਗੀ ਮਾਨਸਿਕਤਾ ਅਤੇ ਉੱਚ ਵਿਚਾਰਾਂ ਵਾਲੀ ਹੋਵੇ, ਭਾਵੇਂ ਸਰਦੇ- ਪੁਰਦੇ ਵਿਚਾਰਾਂ ਵਾਲੀ, ਮਰਦ ਪ੍ਰਧਾਨ ਸਮਾਜ ਵਿੱਚ ਹਰ ਔਰਤ ਵਧੀਕੀਆਂ ਦਾ ਸ਼ਿਕਾਰ ਹੁੰਦੀ ਹੈ। ਸੱਭਿਆਚਾਰਕ ਚੌਗਿਰਦੇ ਵਿੱਚੋਂ ਪੈਦਾ ਹੋਈ ਔਰਤ ਦੀ ਬੇਵਸੀ ਤ੍ਰਾਸਦਿਕ ਹਾਲਤ ਦੀ ਝਲਕ ਵੀ ਇਸ ਨਾਵਲ ਵਿੱਚੋ ਮਿਲਦੀ ਹੈ।

ਚੰਨੀ ਦੇ ਪਾਤਰ ਰਾਹੀਂ ਨਾਵਲਕਾਰ ਨੇ ਆਪਣੇ ਪਤੀ ਦੇ ਘਰ ਵਿੱਚ ਵੀ ਔਰਤ ਨੂੰ ਰਿਸ਼ਤੇਦਾਰਾਂ ਤੋਂ ਅਸੁਰੱਖਿਅਤ ਵਿਖਾਇਆ ਗਿਆ ਹੈ। ਜਿਵੇਂ ਕਿ ਨਾਵਲ ਦੀ ਨਾਇਕਾ ਦਾ ਜਿਥੇ ਪਤੀ ਉਸਦਾ ਸਰੀਰਕ ਸ਼ੋਸ਼ਣ ਅਤੇ ਮਾਨਸਿਕ ਸ਼ੋਸ਼ਣ ਕਰਦਾ ਹੈ ਉਥੇ ਰਿਸ਼ਤੇਦਾਰਾਂ ਵੱਲੋਂ ਵੀ ਉਸਦਾ ਸ਼ੋਸ਼ਣ ਹੁੰਦਾ ਵਿਖਾਇਆ ਗਿਆ ਹੈ। ਵਿਆਹ ਦੀ ਪਹਿਲੀ ਰਾਤ ਹੀ ਚੰਨੀ ਦਾ ਪਤੀ ਚੰਨੀ ਦੇ ਉਸ ਤੋਂ ਬਿਨਾਂ ਪੁੱਛੇ ਪਾਰਲਰ ਜਾਣ ਕਾਰਨ ਹੀ ਉਸਦੀ ਮਾਰ-ਕੁਟਾਈ ਕਰਦਾ ਹੈ। "ਹਾਕਮ ਨੇ ਇੱਕ ਥੱਪੜ ਉਸਦੀ ਗੱਲ ਤੇ ਮਾਰ ਦਿੱਤਾ ਚੰਨੀ ਨੂੰ ਨੇਰਨੀ ਜਿਹੀ ਆ ਗਈ। ਹੱਕੀ ਬੱਕੀ ਉਹ ਅੱਡੀਆਂ ਅੱਖਾਂ ਨਾਲ ਹਾਕਮ ਦਾ ਮੂੰਹ ਦੇਖਣ ਲੱਗੀ। ਸ਼ਰਾਬੀ ਹਾਕਮ ਬੋਲਦਾ ਜਾ ਰਿਹਾ ਸੀ "ਮਾਂ ਯਵੀਆਂ। ਚਾਰ ਅੱਖਰ ਕਾਹਦੇ ਪੜਗਈਆਂ,ਬੰਦੇ ਨੂੰ ਟੱਪ ਦੱਸਦੀਆਂ। ਵਿਆਹ ਤੋਂ ਪਹਿਲਾਂ ਹੀ ਪਾਰਲਰਾਂ 'ਚ"[1] ਚੰਨੀ ਵਿਆਹ ਉਪਰੰਤ ਸੁਪਨਿਆਂ ਦੇ ਸਿਰਜੇ ਸੰਸਾਰ ਵਿੱਚੋਂ ਤ੍ਰਭਕ ਕੇ ਬਾਹਰ ਆਉਂਦੀ ਕਿਉਂਕਿ ਜਿਸ ਤਰਾਂ ਉਸਨੇ ਸੋਚਿਆ ਸੀ ਹਾਕਮ ਉਸਦੀਆਂ ਉਮੀਦਾਂ ਤੋਂ ਕਿਤੇ ਅਧੂਰਾ ਸੀ। ਉਸ ਵਿੱਚ ਅਜਿਹਾ ਕੁਝ ਵੀ ਨਹੀਂ ਸੀ ਜਿਸ ਕਾਰਨ ਉਹ ਖੁਸ਼ ਹੋ ਸਕੇ ਉਹ ਮਨ ਹੀ ਮਨ ਸੋਚਦੀ ਹੈ:"ਵਾਹ ਮਾਲਕਾ ਡਾਢਿਆ ਵੇ ਤੂੰ ਕਿਹੜੀ ਜੂਨੇ ਪਾਇਆ,ਜਿਹੜੀ ਰਾਹੀਂ ਸੋਚਿਆ ਨਹੀਂ ਸੀ ਉਥੇ ਤੁਰਨੇ ਲਾਇਆ।"[2] ਹਾਕਮ ਸਿਰਫ ਉਮਰ ਵਿੱਚ ਹੀ ਉਸ ਤੋਂ ਵੱਡਾ ਨਹੀਂ ਸੀ। ਰੰਗ -ਰੂਪ, ਕੱਦ -ਕਾਠ,ਆਦਤਾਂ ਕਿਸੇ ਪੱਖ ਤੋਂ ਵੀ ਉਹ ਚੰਨੀ ਨਾਲ ਮੇਲ ਨਹੀਂ ਸੀ ਖਾਂਦਾ। ਸਹੁਰੇ

ਘਰ ਆਂਦਿਆਂ ਹੀ ਵਿਆਹ ਉਪਰੰਤ ਚੰਨੀ ਨੇ ਘਰ ਦਾ ਕੰਮ ਸਾਂਭ ਲਿਆ ਉਹ ਚੁੱਲਾ- ਚੌਂਕਾ,ਘਰ -ਬਾਰ ਸਾਂਭ ਘਰ ਦਾ ਸਭ ਕੰਮ ਧੰਦਾ ਕਰਦੀ। ਵਿਆਹ ਉਪਰੰਤ ਮਰਦ ਪ੍ਰਧਾਨ ਸਮਾਜ ਔਰਤ ਨੂੰ ਇੱਕ ਇਨਸਾਨ ਦੀ ਜਗ੍ਹਾ ਤੇ ਇੱਕ ਵਸਤੂ ਸਮਝਣ ਲੱਗ ਜਾਂਦਾ ਹੈ। ਜਿਸ ਨਾਲ ਉਹ ਹਰ ਇੱਕ ਮਨ ਆਈ ਕਰ ਸਕੇ ਉਸ ਤੋਂ ਹਰ ਇੱਕ ਤਰ੍ਹਾਂ ਦੀ ਉਮੀਦ ਰੱਖਦਾ ਪ੍ਰੰਤੂ ਔਰਤ ਦੀ ਕਿਸੇ ਉਮੀਦ ਤੇ ਖਰਾ ਉਤਰਨ ਦੀ ਚਾਹ ਨਹੀਂ ਕਰਦਾ ਇਸੇ ਪ੍ਰਕਾਰ ਦੀ ਸਥਿਤੀ ਵਿੱਚ ਉਲਝੀ ਚੰਨੀ ਜ਼ਿੰਦਗੀ ਦੀ ਗੱਡੀ ਨੂੰ ਰੇੜਨ ਲੱਗਦੀ ਹੈ।

'ਸਿਮਨ ਦਿ ਬਿਉਵਾਰ,ਦਾ ਵਿਚਾਰ ਹੈ ਕਿ ਔਰਤ ਜਨਮ ਤੋਂ ਔਰਤ ਨਹੀਂ ਹੁੰਦੀ ਉਸ ਦੀ ਪਰਵਰਿਸ਼ ਉਸਨੂੰ ਔਰਤ ਬਣਾ ਦਿੰਦੀ ਹੈ "ਉਸ ਅਨੁਸਾਰ ਅਸੀਂ ਉਹਨਾਂ ਪਰਿਸਥਿਤੀਆਂ ਦੀ ਉਪਜ ਹਾਂ ਜੋ ਇਤਿਹਾਸਿਕ ਵਿਕਾਸ ਦੇ ਅਨੁਸਾਰ ਆਕਾਰ ਗ੍ਰਹਿਣ ਕਰਦੀਆਂ ਗਈਆ।ਇਸਤਰੀਆਂ ਦੀ ਹੋਣੀ ਪੁਰਸ਼ਾਂ ਨੇ ਤੈਅ ਕੀਤੀ।ਜੇਕਰ ਇਸਤਰੀ ਦੀ ਹੋਣੀ ਵਿੱਚ ਪੁਰਸ਼ ਨੇ ਦਖਲ ਨਾ ਦਿੱਤਾ ਹੁੰਦਾ ਤਾਂ ਸ਼ਾਇਦ ਨਤੀਜਾ ਬਿਲਕੁਲ ਉਲਟ ਹੁੰਦਾ।"[3] ਇਹੀ ਵਿਚਾਰ ਇਸ ਨਾਵਲ ਦੀ ਪਾਤਰ ਚੰਨੀ ਦੇ ਉੱਤੇ ਢੁਕਦਾ ਹੈ , ਕਿਉਂਕਿ ਉਸਦੀ ਪਰਵਰਿਸ਼ ਇਸ ਪ੍ਰਕਾਰ ਦੇ ਪਰਿਵਾਰ ਤੇ ਸਮਾਜਿਕ ਚੋਗਿਰਦੇ ਵਿਚ ਹੁੰਦੀ ਜਿਥੇ ਔਰਤ ਆਪਣੇ ਸੁਪਨਿਆਂ ਨੂੰ ਮਾਰ ਕੇ ਪੁਰਸ਼ ਪ੍ਰਧਾਨ ਸਮਾਜ ਦੇ ਲਹਿਜੇ ਅਨੁਸਾਰ ਜਿੰਦਗੀ ਗੁਜ਼ਾਰਦੀ ਹੈ। ਚੰਨੀ ਦੇ ਪਿਤਾ ਅਤੇ ਭਰਾ ਨਸ਼ੇੜੀ ਅਤੇ ਅਵਾਰਾ ਸਨ। ਚੰਨੀ ਦੇ ਪਿਤਾ ਤੇ ਭਰਾਵਾਂ ਦਾ ਨਸ਼ੇੜੀ ਹੋਣਾ ਇਥੇ ਪਿੰਡਾਂ ਵਿੱਚ ਵੱਖ -ਵੱਖ ਤਰ੍ਹਾਂ ਦੇ ਨਸ਼ਿਆਂ ਦੇ ਪ੍ਰਭਾਵ ਨੂੰ ਵੀ ਸਪਸ਼ਟ ਕਰਦਾ ਹੈ। ਚੰਨੀ ਦਾ ਸਕੂਲ ਵਿੱਚ ਪੜਦੀ ਦਾ ਹੀ ਰਿਸ਼ਤਾ ਹਾਕਮ ਨਾਲ ਕਰ ਦਿੱਤਾ ਜਾਂਦਾ ਹੈ।ਗੱਲ ਸਿਰਫ ਇਨੀ ਸੀ ਕਿ ਚੰਨੀ ਕਿਸੇ ਨਾਲ ਦੇ ਮੁੰਡੇ ਨਾਲ ਅੱਖਾਂ ਚਾਰ ਕਰਨ ਦਾ ਸੋਚ ਬੈਠਦੀ ਹੈ ,ਉਸਦੀ ਮਾਂ ਨੂੰ ਇਸ ਗੱਲ ਦਾ ਪਤਾ ਲੱਗ ਜਾਂਦਾ ਹੈ। ਜਿਸ ਕਾਰਨ ਉਹ ਆਪਣੇ ਧੀ ਦੇ ਪਰ ਕੱਟਣ ਦੀ ਚਾਹ ਅਤੇ ਬਦਨਾਮੀ ਡਰੋਂ ਉਸਦਾ ਵਿਆਹ ਕਰ ਦਿੰਦੀ ਹੈ।ਚੰਨੀ ਭਾਵੇਂ ਅੱਗੇ ਪੜਨਾ ਚਾਹੁੰਦੀ ਹੈ ਤੇ ਪੜਾਈ ਵਿੱਚ ਵੀ ਚੰਗੀ ਹੈ ਪਰ ਉਸਦੀ ਇੱਛਾ ਦੀ ਕੋਈ ਅਹਿਮੀਅਤ ਨਹੀਂ। ਇਸ ਨਾਵਲ ਵਿਚ ਇਸਤਰੀ ਨਾਲ ਹੁੰਦੇ ਧੱਕੇ ਜਬਰ ਅਨਿਆ ਨੂੰ ਉਸਦੇ ਵਿਆਹ ਦੇ ਸੰਦਰਭ ਵਿੱਚ ਪੇਸ਼ ਕੀਤਾ ਗਿਆ ਹੈ। ਵਿਆਹ ਦੇ ਮਾਮਲੇ ਵਿੱਚ ਕੁੜੀਆਂ ਦੀਆਂ ਭਾਵਨਾਵਾਂ ਨੂੰ ਕੋਈ ਤਰਜੀਹ ਨਹੀਂ ਦਿੱਤੀ ਜਾਂਦੀ, ਉਸਦੀ ਉਮਰ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ ਤੇ ਕਈ ਵਾਰ ਮਾਪੇ ਆਰਥਿਕ ਤੰਗੀ ਜਾਂ ਨਸ਼ਿਆਂ ਦੀ ਲੋੜ ਕਾਰਨ ਵੀ ਧੀਆਂ ਦਾ ਅਣਜੋੜ ਵਿਆਹ ਕਰ ਦਿੰਦੇ ਹਨ। ਇਸ ਨਾਲ ਨਾਵਲ ਵਿੱਚ ਚੰਨੀ ਨੂੰ ਉਸਦੇ ਮਾਂ -ਬਾਪ ਦੁਆਰਾ ਅਣਜੋੜ ਵਰ ਨਾਲ ਵਿਆਹ ਦਿੱਤਾ ਜਾਂਦਾ ਹੈ। ਮਾਪਿਆਂ ਦੁਆਰਾ ਅਣਜੋੜ ਵਿਆਹ ਔਰਤ ਦੇ ਤਸ਼ੱਦਦ ਦਾ ਇਕ ਸੰਕੇਤ ਅਤੇ ਔਰਤ ਤੇ ਹੋਣ ਵਾਲੇ ਤਸ਼ਦਦਾ ਦੀ ਸ਼ੁਰੂਆਤ ਹੁੰਦੀ ਹੈ। ਕੁਝ ਲੋਕ ਮਜਬੂਰੀ ਵਸ ਧੀਆਂ ਨੂੰ ਇਸ ਨਰਕ 'ਚ ਭੇਜਦੇ ਹਨ ਪਰ ਕੁਝ ਸਮਾਜ ਦੇ ਬਦਨਾਮੀ ਦੇ ਡਰ ਨਾਲ ਅਜਿਹਾ ਕਰ ਜਾਂਦੇ ਹਨ। ਜਗੀਰਦਾਰ ਸਮਾਜਿਕ ਵਰਤਾਰੇ ਵਿੱਚ ਪਿਓ ਪੁੱਤ ਤੇ ਪਤੀ ਦੀ ਮਹੱਤਤਾ ਵਧੇਰੇ ਹੈ ,ਪੁੱਤ ਨੂੰ ਧੀ ਨਾਲੋਂ ਜਿਆਦਾ ਮਹੱਤਵ ਦਿੱਤਾ ਜਾਂਦਾ ਹੈ ਇਸ ਦੀ ਹੋਂਦ ਹੀ ਪਤੀ, ਪੁੱਤਰ ਤੇ ਪਿਤਾ ਨਾਲ ਮੰਨੀ ਜਾਂਦੀ ਹੈ : ਔਰਤ ਅੰਦਰ ਸਚਿਆਰੀ ਗੁਣਵਾਨ ਹੋਣ ਵਜੋਂ ਸਮਾਜ ਵਿੱਚ ਪ੍ਰਵਾਨਗੀ ਲੈਣ ਦੀ ਤੀਬਰ ਇੱਛਾ ਹੁੰਦੀ ਹੈ ਚੰਨੀ ਦੁਆਰਾ ਅਮਲੀ ਹਾਕਮ ਦੇ ਘਰ ਨੂੰ ਸਵਾਰ ਦੇਣਾ,ਆਂਢ -ਗੁਆਂਢ ਨਾਲ ਉਸਦਾ ਚੰਗਾ ਵਰਤਾਓ ਰਹਿਣ ਸਹਿਣ ਦਾ ਤਰੀਕਾ,ਹੱਡ ਭੰਨਵਾਂ ਕੰਮ ਕਰਨਾ ਆਦਿ ਸਮਾਜ ਵਿੱਚ ਸਚਿਆਰੀ ਅਰਥ ਵਜੋਂ ਵਿਚਰਨ ਦੀ ਪ੍ਰਵਾਨਗੀ ਲੈਣ ਦੇ ਸੰਕੇਤ ਹਨ। ਨਾਵਲ ਦੀ ਪਾਤਰ ਚੰਨੀ ਰਾਹੀਂ ਸਮਾਜ ਵਿੱਚ ਔਰਤ ਦਾ ਦੋਹਰਾ ਸ਼ੋਸ਼ਣ ਹੁੰਦਾ ਵਿਖਾਇਆ ਗਿਆ ਹੈ।ਇੱਕ ਪਾਸੇ ਮਰਦ ਵੱਲੋਂ

ਔਰਤ ਦਾ ਸ਼ੋਸ਼ਣ ਕੀਤਾ ਜਾਂਦਾ ਹੈ , ਉਹ ਆਪਣੇ ਹਿੱਤ ਲਈ ਉਸ ਦੇ ਤਸੱਦਦ ਕਰਦਾ ਹੈ ,ਦੂਜੇ ਪਾਸੇ ਹੋਰ ਰਿਸ਼ਤੇਦਾਰ ਜਾਂ ਮਰਦ ਔਰਤਾਂ ਵੀ ਉਸਦਾ ਸ਼ੋਸ਼ਣ ਕਰਦੇ ਹਨ। ਪਤੀ ਵੱਲੋਂ ਸ਼ੋਸ਼ਿਤ ਔਰਤ ਜਿਆਦਾਤਰ ਰਿਸ਼ਤੇਦਾਰਾਂ ਵੱਲੋਂ ਵੀ ਸ਼ੋਸ਼ਿਤ ਹੁੰਦੀ ਹੈ। ਕਿਉਂਕਿ ਸਮਾਜਿਕ ਸਿਸਟਮ ਅਨੁਸਾਰ ਪਤੀ ਹੀ ਉਸਦਾ ਸਹਾਰਾ ਹੈ ਜੇਕਰ ਕਿਸੇ ਕਾਰਨ ਪਤੀ ਔਰਤ ਵਿਰੋਧੀ ਹੋ ਗਿਆ ਤਾਂ ਰਿਸ਼ਤੇਦਾਰ ਉਸ ਦਾ ਨਜਾਇਜ਼ ਫਾਇਦਾ ਉਠਾਉਂਦੇ ਹਨ ਜਾਂ ਔਰਤ ਦੀ ਤਰਾਸਦਿਕ ਹਾਲਤ ਦਾ ਕਾਰਨ ਬਣਦੇ ਹਨ।

ਪੰਜਾਬੀ ਸਮਾਜ ਵਿੱਚ ਵੰਸ਼ ਪਰੰਪਰਾ ਦਾ ਮਹੱਤਵ ਹੈ ।ਚੰਨੀ ਜਦੋਂ ਇੱਕ ਪੁੱਤਰ ਦੀ ਮਾਂ ਬਣ ਜਾਂਦੀ ਹੈ ਤਾਂ ਉਹ ਇੱਕ ਪਾਸੇ ਸਮਾਜਿਕ ਪਰਮਾਣਿਕਤਾ ਤਾਂ ਹਾਸਲ ਕਰ ਲੈਂਦੀ ਹੈ ਤੇ ਹਾਕਮ ਵੱਲੋਂ ਕੀਤੇ ਜਾਂਦੇ ਜ਼ੁਲਮ ਦਾ ਵਿਰੋਧ ਕਰਦੀ ਹੈ। ਉਹ ਘਰ ਬਾਰ ਸਭ ਖੁਦ ਸਾਂਭਦੀ ਹੈ ਤੇ ਇੱਕ ਪੁੱਤਰ ਦੀ ਮਾਂ ਹੋਣ ਦੇ ਹੌਸਲੇ ਨਾਲ ਹੀ ਉਹ ਆਪਣੀ ਜਿੰਦਗੀ ਦੇ ਕੰਮ ਧੰਦੇ ਖੁਦ ਕਰਦੀ ਹੈ : "ਅੱਜ ਤੋਂ ਬਾਅਦ ਮੇਰਾ ਇਸ ਆਦਮੀ ਨਾਲ ਇਨਾ ਹੀ ਸਬੰਧ ਹੈ ਭਈ ਮੈਂ ਇਹਦੇ ਮੁੰਡੇ ਦੀ ਮਾਂ, ਸਾਡੇ ਦੋਨਾਂ ਵਿੱਚ ਪੱਕੀ ਲਕੀਰ ਖਿੱਚੀ ਗਈ। ਉਹ ਧਰਤੀ ਤੇ ਪੈਰ ਨਾਲ ਲਕੀਰ ਬਣਾ ਦੀ ਬੋਲੀ ਜਿਸ ਦਿਨ ਇਹਨੇ ਆ ਲਕੀਰ ਟੱਪੀ ਮੇਰਾ ਉਹ ਆਖਰੀ ਦਿਨ ਇਹਦੇ ਘਰ ਮਰ ਜਾਓਗੇ। ਪਰ ਇਹਦੇ ਨਾਰ ਬਣ ਕੇ ਰਹਿਣਾ ਮਨਜ਼ੂਰ ਨਹੀਂ। "[4] ਚੰਨੀ ਤੇ ਹਾਕਮ ਦੀ ਇਹ ਸਥਿਤੀ ਨੂੰ ਵੇਖਦਿਆਂ, ਹਾਕਮ ਦਾ ਫੁੱਫੜ ਚੰਨੀ ਤੇ ਮਾੜੀ ਨਜ਼ਰ ਰੱਖਣ ਲੱਗਦਾ ਹੈ ਅਤੇ ਉਸ ਨੂੰ ਸਰੀਰਕ ਪੱਖੋਂ ਹਾਸਲ ਕਰਨਾ ਲੋਚਦਾ ਹੈ। ਚੰਨੀ ਇਸ ਦਾ ਵਿਰੋਧ ਕਰਦੀ ਹੈ:" ਤੂੰ ਕਰ ਕੀ ਲਏਗਾ। ਅੱਠ ਕਿੱਲੇ ਤੇਰੇ ਕੋਲ ਆ ਅੱਠ ਤਾਂ ਮੇਰੇ ਕੋਲ ਹੀ ਏ। ਕੀ ਕਰੇਗਾ ਤੂੰ। ਮੇਰੇ ਕਰਮ ਤੋਲੇਗਾ? ਪਰ ਤੇਰੇ ਥੱਲੇ ਨੀ ਲੱਗਦੀ। ਇਹਨਾਂ ਤਾਂ ਤੈਨੂੰ ਦੱਸਦਾ ਮੈਂ ਅੱਜ। ਚੰਨੀ ਨੇ ਹਿੱਕ ਤਾਣ ਖੜੀ ਬੋਲਦੀ ਗੁੱਸੇ ਨਾਲ ਕੰਬ ਰਹੀ ਸੀ।"[5] ਔਰਤ ਜਿਸ ਨੂੰ ਪਿਆਰ ਕਰਦੀ ਹੈ ਉਸ ਨੂੰ ਆਪਣੀਆਂ ਯਾਦਾਂ ਤੋਂ ਬਾਹਰ ਨਹੀਂ ਕਰ ਸਕਦੀ। ਇਸ ਨਾਵਲ ਦੀ ਪਾਤਰ ਚੰਨੀ ਆਪਣੇ ਸਕੂਲ ਦੇ ਪ੍ਰੇਮੀ ਨੂੰ ਦੇ ਚਿਹਰੇ ਨੂੰ ਮਨ ਹੀ ਮਨ ਚਿਤਰਦੀ ਹੈ ਤੇ ਮਾਨਸਿਕ ਸਕੂਨ ਪ੍ਰਾਪਤ ਕਰਦੀ ਹੈ। ਉਸਦੇ ਪੱਖ ਵਿੱਚ ਖੜਾ ਹਰ ਇਨਸਾਨ ਉਸਨੂੰ ਆਪਣਾ ਲੱਗਦਾ ਹੈ ਜਿਵੇਂ ਫੁਫੜ ਦਾ ਪੁੱਤਰ ਜਸਪ੍ਰੀਤ ਜਦੋਂ ਉਸਦੇ ਮਨ ਦੀ ਗੱਲ ਨੂੰ ਬੁੱਝਦਾ ਹੈ ਤੇ ਉਸ ਤੋਂ ਕਿਸੇ ਪ੍ਰਕਾਰ ਦੀ ਸਰੀਰਕ ਖਿੱਚ ਨੂੰ ਪ੍ਰਾਪਤ ਕਰਨ ਦੀ ਇੱਛਾ ਨਹੀਂ ਰੱਖਦਾ ਸਗੋਂ ਮਾਨਸਿਕ ਰੂਪ ਵਿੱਚ ਚੰਨੀ ਦਾ ਸਾਥ ਦੇਣਾ ਚਾਹੁੰਦਾ ਹੈ ਤਾਂ ਜੋ ਉਸ ਨੂੰ ਉਸਦੇ ਦੁੱਖਾਂ ਦਾ ਤੋਂ ਛੁਟਕਾਰਾ ਦਵਾ ਸਕੇ :"ਮੈਂ ਪਰਮਾਤਮਾ ਨੂੰ ਹਾਜ਼ਰ ਨਾਜ਼ਰ ਜਾਣ ਕੇ ਤੁਹਾਨੂੰ ਇਹ ਵਿਸ਼ਵਾਸ ਦਵਾਉਣਾ ਚਾਹੁੰਦਾ ਹਾਂ ਕਿ ਮੇਰਾ ਪਿਆਰ ਮਹਿਜ ਸਰੀਰਕ ਨਹੀਂ ਹੈ। ਮੈਨੂੰ ਪਤਾ ਤੁਹਾਡੀ ਜਿੰਦਗੀ ਨਾਲ ਬਹੁਤ ਕੋੜਾ ਤਜਰਬਾ ਹੈ। ਪਰ ਮੈਂ ਇਹ ਸਾਬਤ ਕਰਨਾ ਚਾਹੁੰਦਾ ਹਾਂ ਕਿ ਹਰ ਮਰਦ ਸਰੀਰ ਦਾ ਭੁੱਖਾ ਨਹੀਂ ਹੁੰਦਾ। ਰੂਹਾਂ ਨੂੰ ਪਿਆਰ ਕਰਨ ਵਾਲੇ ਮੇਰੇ ਵਰਗੇ ਵੀ ਏਸੇ ਦੁਨੀਆਂ ਤੇ ਵਸਦੇ ਨੇ। ਮੈਂ ਤੁਹਾਨੂੰ ਰੂਹ ਤੋਂ ਪਿਆਰ ਕਰਦਾਂ।"[6] ਪਰ ਸਮਾਜ ਇਸ ਤਰ੍ਹਾਂ ਦੇ ਰੂਹਾਂ ਦੇ ਪਿਆਰ ਨੂੰ ਵੀ ਭੈੜੀ ਨਜ਼ਰ ਨਾਲ ਵੇਖਦਾ ਹੈ ਇਸ ਪ੍ਰਤੀ ਚੰਨੀ ਆਪਣੀ ਦੁਵਿਧਾ ਨੂੰ ਬਿਆਨ ਕਰਦੀ ਆਖਦੀ ਹੈ: "ਪਤਾ ਨਹੀਂ ਜਸ। ਇਹ ਲੋਕ। ਇਹ ਸਮਾਜ। ਸਾਨੂੰ ਪ੍ਰਵਾਨ ਕਰੇਗਾ। ਕਿਹੜਾ ਸਮਾਜ? ਮੇਰੇ ਪਿਓ ਵਰਗਾ? ਜਾਂ ਤੁਹਾਡੇ ਪਤੀ ਵਰਗਾ ਜਾ ਤੁਹਾਡੇ ਮਾਂ ਪਿਓ ਵਰਗਾ? ਜਾਂ ਤੁਹਾਡੀ ਭਰਾਵਾਂ ਵਰਗਾ? ਜਿਨਾਂ ਕਦੇ ਵੀ ਆਪਦੀ ਦੁਨੀਆ ਤੋਂ ਬਾਹਰ ਝਾਕਿਆ ਹੀ ਨਹੀਂ। ਕਿ ਉਹਨਾਂ ਦੀ ਭੈਣ ਦੀ ਕੀ ਰੀਜ ਏ? ਇਨਾ ਸਾਰਿਆਂ ਤੋਂ ਇਲਾਵਾ ਹੋਰ ਕਿਹੜਾ ਸਮਾਜ ਹੈ?ਜਿਸਨੇ ਤੁਹਾਨੂੰ ਹੁਣ ਤੱਕ ਜਕੜੀ ਰੱਖਿਆ ਅਸੂਲਾਂ ਦੀਆਂ ਬੇੜੀਆਂ ਚ? ਇਹਨਾਂ ਬੇੜੀਆਂ ਨੂੰ ਲਾਹ ਕੇ ਮਾਰੋ ਤੇ ਮੇਰੇ ਨਾਲ ਇੱਕ ਪਿਆਰ ਦਾ ਛਿਨ ਮਾਣ ਕੇ

ਵੇਖੋ! ਪਰਮਾਤਮਾ ਦੇ ਜਿਉਣ ਦਾ ਸਭ ਨੂੰ ਹੱਕ ਬਖਸ਼ਿਆ ।"[7] ਸਾਰੇ ਸਮਾਜ ਦੇ ਸਮਾਜਿਕ ਬੰਧਨਾਂ ਨੂੰ ਤੋੜ ਕੇ ਜਸਪ੍ਰੀਤ ਚੰਨੀ ਨੂੰ ਅਪਣਾਉਣਾ ਚਾਹੁੰਦਾ ਹੈ ਪਰ ਚੰਨੀ ਸਮਾਜਿਕ ਵਲਗਣਾਵਾਂ ਵਿੱਚ ਉਲਝੀ ਹੋਈ ਇਹ ਰਿਸ਼ਤੇ ਨੂੰ ਨਾ ਚਾਹੁੰਦਿਆਂ ਹੋਇਆਂ ਵੀ ਨਾ ਮਨਜ਼ੂਰ ਕਰਦੀ ਹੈ,ਤੇ ਉਹ ਜਸ ਦਾ ਫੋਨ ਵੀ ਸੁਣਨਾ ਬੰਦ ਕਰ ਦਿੰਦੀ ਹੈ ਦੂਜੇ ਪਾਸੇ ਹਾਕਮ ਦੀ ਮੌਤ ਲਈ ਚੰਨੀ ਅਤੇ ਜਸਪ੍ਰੀਤ ਨੂੰ ਜਿੰਮੇਵਾਰ ਠਹਿਰਾਉਂਦੇ ਹਾਂ ਚੰਨੀ ਨੂੰ ਜੇਲ ਭੇਜ ਦਿੰਦਾ ਹੈ ਦੋਨਾਂ ਨੂੰ ਸਜ਼ਾ ਹੋ ਜਾਂਦੀ ਹੈ ਤਿੰਨ ਸਾਲ ਬਾਅਦ ਸਾਢੇ ਤਿੰਨ ਸਾਲ ਬਾਅਦ ਭਾਵੇਂ ਚੰਨੀ ਤੇ ਜਸਾ ਕੇਸ ਚੋਂ ਬਰੀ ਹੋ ਜਾਂਦੇ ਹਨ ਪ੍ਰੰਤੂ ਫਿਰ ਵੀ ਚੰਨੀ ਪ੍ਰਤੀ ਉਸਦੇ ਪੇਕਿਆਂ ਅਤੇ ਪੁੱਤਰ ਦਾ ਵਿਵਹਾਰ ਕਾਫੀ ਘਿਰਣਾਯੋਗ ਹੁੰਦਾ ਹੈ: "ਚੰਨੀ ਨੂੰ ਐਨੀ ਸਖਤ ਵਰਤਾ ਦੀ ਉਮੀਦ ਨਹੀਂ ਸੀ ਉਹ ਸ਼ਰਮਸਾਰ ਤਾਂ ਬਹੁਤ ਸੀ ਮਾਂ ਤੇ ਭਰਾਵਾਂ ਦੇ ਆਖੇ ਬੋਲ ਉਸਦੇ ਕਾਲਜੇ ਚ ਗੋਲੀ ਵਾਂਗ ਲੱਗੇ ਜਵਾਨ ਪੁੱਤਰ ਸਾਵੇ ਇੰਨੀਆਂ ਗੱਲਾਂ ਸੁਣ ਕੇ ਉਹਦੇ ਤੋਂ ਹੋਰ ਨਾ ਬੈਠਿਆ ਗਿਆ ।"[8] ਇਸ ਘਟਨਾ ਤੋਂ ਬਾਅਦ ਚੰਨੀ ਦਾ ਪੁੱਤਰ ਉਸ ਤੋਂ ਕੋਹਾਂ ਦੂਰ ਚਲਾ ਗਿਆ ਉਹ ਭਾਵੇਂ ਉਸਦੇ ਨਾਲ ਰਹਿੰਦਾ ਪ੍ਰੰਤੂ ਘਰ ਦੇ ਕੰਮ ਕਾਰ ਤੇ ਪੜ੍ਹਾਈ ਤੱਕ ਹੀ ਉਸਦਾ ਮਤਲਬ ਸੀ ਉਸ ਨੇ ਆਈ ਲੈਟਸ ਦੀ ਪੜ੍ਹਾਈ ਕਰਨੀ ਸ਼ੁਰੂ ਕਰ ਦਿੱਤੀ ਤੇ ਮਾਂ ਨਾਲ ਸਿੱਧੀ ਗੱਲ ਨਾ ਕਰਦਾ । ਜਿਆਦਾਤਰ ਬਾਹਰ ਹੀ ਰਹਿੰਦਾ ਜਾਂ ਕੰਮ ਕਾਰ ਕਰਦਾ ਪੁੱਤਰ ਦੇ ਇਸ ਤਰ੍ਹਾਂ ਦੇ ਵਰਤਾਵ ਕਾਰਨ ਚੰਨੀ ਅੰਦਰੋਂ ਪੂਰੀ ਤਰ੍ਹਾਂ ਟੁੱਟ ਚੁੱਕੀ ਸੀ। ਇਸ ਲਈ ਉਹ ਜਸਪ੍ਰੀਤ ਨੂੰ ਜਿੰਮੇਵਾਰ ਸਮਝਦੇ ਉਸਨੂੰ ਇਸ ਤਰ੍ਹਾਂ ਲੱਗਦਾ ਕਿ ਜਸਪ੍ਰੀਤ ਨੇ ਕੇਸ ਵਿੱਚ ਪੇਸ਼ ਹੋ ਕੇ ਉਸ ਦੇ ਤੇ ਜਸਪ੍ਰੀਤ ਤੇ ਪਵਿੱਤਰ ਰਿਸ਼ਤੇ ਨੂੰ ਮੈਲਾ ਕਰ ਦਿੱਤਾ ਲੋਕਾਂ ਦੀਆਂ ਨਜ਼ਰਾਂ ਵਿੱਚ ਚੰਨੀ ਸਾਫ ਸੁਥਰੇ ਚਰਿੱਤਰ ਦੀ ਮਾਲਕ ਹੋਣ ਦੇ ਬਾਵਜੂਦ ਵੀ ਚਰਿੱਤਰਹੀਣ ਬਣ ਗਈ । ਪਰੰਤੂ ਪੂਰੇ ਸਮਾਜ ਦੇ ਠੁਕਰਾਣ ਮਗਰੋਂ ਵੀ ਉਹ ਅੰਦਰੋਂ ਨਹੀਂ ਸੀ ਟੁੱਟੀ, ਜਿਨਾਂ ਉਸਦੇ ਪੁੱਤਰ ਸ਼ੁਭਦੀਪ ਦੇ ਇਸ ਵਿਵਹਾਰ ਨਾਲ ਟੁੱਟ ਚੁੱਕੀ ਸੀ : ਦਿਲ ਤੇ ਲੱਗੀ ਇਸ ਸੱਟ ਨੇ ਚੰਨੀ ਨੂੰ ਝੰਜੋੜ ਕੇ ਰੱਖ ਦਿੱਤਾ । ਜੱਸੇ ਨਾਲ ਤਾਂ ਇੱਕ ਸਾਲ ਹੋ ਗਿਆ ਸੀ ਉਹਨੇ ਬਿਲਕੁਲ ਨਾਤਾ ਖਤਮ ਕਰ ਲਿਆ ਸੀ,ਪੇਕੇ ਪਹਿਲਾਂ ਹੀ ਵੜਨ ਤੋਂ ਨਾ ਕਰੀ ਬੈਠੇ ਸਨ । ਹੁਣ ਉਹ ਗਲੀ, ਸ਼ਹਿਰ ਵੀ ਘੱਟ ਹੀ ਨਿਕਲਦੀ । ਪੈਲੀ ਠੇਕੇ ਤੇ ਦੇ ਕੇ ਕੁਝ ਪੈਸੇ ਅਗਾਓ ਫੜ ਲੈਂਦੇ। ਸ਼ੁਭ ਨੂੰ ਬੁਲਾਵਾ ਭੇਜਿਆ ਕਿ ਪੈਸੇ ਲੈ ਜਾ ਪਰ ਆਪ ਆਉਣ ਦੀ ਥਾਂ ਉਸਨੇ ਨਾਨੀ ਨੂੰ ਭੇਜ ਦਿੱਤਾ ਮਾਂ ਚੰਨੀ ਕੋਲੋਂ ਪਾਣੀ ਦਾ ਗਲਾਸ ਪੀ ਕੇ ਪੁੱਠੀ ਵਾਪਸ ਚਲੀ ਗਈ ਨਾ ਚੰਨੀ ਨੇ ਰੁਕਣ ਲਈ ਕਿਹਾ ਨਾ ਉਹ ਨਾ ਉਹ ਰੁਕੀ "[9] ਨਾ ਬੋਲਦਾ,ਅੱਖਾਂ ਸਾਹਵੇਂ ਤਾਂ ਰਹਿੰਦਾ ਸ਼ੁਭ ਮੈਂ ਤੈਨੂੰ ਵੇਖ ਵੇਖ ਕੇ ਦਿਨ ਲੰਗਾ ਲੈਂਦੀ,ਹੁਣ ਉਹ ਕੱਲੀ ਬੁੜਬੜਾਉਂਦੀ "[10] ਚੰਨੀ ਆਪਣੇ ਘਰ ਦੇ ਅੰਦਰ ਹੀ ਕੈਦੀ ਬਣੀ ਪੁੱਤਰ ਦੀਆਂ ਯਾਦਾਂ ਤੇ ਫਿਕਰ ਵਿੱਚ ਆਪਣੇ ਪੁੱਤਰ ਦੀ ਕਾਪੀ ਵਿੱਚ ਹੀ ਆਪਣੇ ਮਨ ਭਾਵਾਂ ਨੂੰ ਲਿਖ ਕੇ ਮਨ ਹੌਲਾ ਕਰਦੀ ਹੈ ਅੰਤ ਜਿੰਦਗੀ ਨੂੰ ਹਾਰ ਜਾਂਦੀ ਹੈ

ਪਰੰਤੂ ਨਾਵਲ ਦੇ ਅੰਤ ਵਿੱਚ ਇਹ ਦਿਖਾਇਆ ਗਿਆ ਹੈ ਕਿ ਉਸ ਦਾ ਪੁੱਤਰ ਆਪਣੇ ਵਿਯੋਗ ਵਿੱਚ ਲਿਖੇ ਮਾਂ ਦੇ ਪਲ ਪਲ ਦੇ ਅਹਿਸਾਸ ਨੂੰ ਵੀ ਸਮਝਣ ਦੇ ਅਸਮਰਥ ਹੁੰਦਾ ਹੈ : "ਲੱਖ ਹਨੇਰੀਆਂ ਝੱਖੜ ਜਰ ਕੇ, ਤੈਨੂੰ ਬੁੱਕਲ ਦੀਆਂ ਛਾਵਾਂ ਕਰਕੇ ,ਹਰ ਖੁਸ਼ੀ ਤੇਰੀ ਤਲੀ ਤੇ ਧਰ ਕੇ, ਮੈਂ ਜੀਵਾਂ ਤੇਰੇ ਵਿੱਚ ਮਰ ਕੇ, ਰੋਵੀ ਨਾ ਕਦੇ ਚੇਤੇ ਕਰਕੇ"[11] ਉਹ ਮਾਂ ਦੇ ਸੰਸਕਾਰ ਸਮੇਂ ਉਸਦੀਆਂ ਲਿਖੀਆਂ ਸਤਰਾਂ ਨੂੰ ਜਾਂ ਕਾਪੀ ਨੂੰ ਸਾਂਭਣ ਦੀ ਕੋਸ਼ਿਸ਼ ਨਹੀਂ ਕਰਦਾ ਬਲਕਿ ਉਸ ਨੂੰ ਵੀ ਉਸਦੀ ਚਿਤਾ ਵਿੱਚ ਸਾੜ ਦਿੰਦਾ ਹੈ:" ਸ਼ੁਭ ਨੇ ਉੱਠ ਕੇ ਚੱਪਲ ਪਾਈ ਮਾਂ ਦੁਆਰਾ ਲਿਖੀ ਉਹ ਕਾਪੀ ਵੀ ਚੁੱਕ ਲਈ,ਅਰਥੀ ਚੁੱਕ ਕੇ ਸ਼ਮਸ਼ਾਨ ਘਾਟ ਵੱਲ ਲੈ ਗਏ ਮਾਂ ਦੀ ਅਰਥੀ ਨੂੰ ਅੱਗ ਦਿੰਦਿਆਂ

ਉਸ ਨੇ ਮਲਕੜੇ ਜਿਹੇ ਉਹ ਕਾਪੀ ਵੀ ਲੱਕੜਾਂ ਵਿੱਚ ਰੱਖ ਦਿੱਤੀ ਜਿਵੇਂ ਉਹ ਬਿਤੀ ਜਿੰਦਗੀ ਦੀ ਕੋਈ ਨਿਸ਼ਾਨੀ ਆਪਣੇ ਨਾਲ ਨਹੀਂ ਸੀ ਰੱਖਣਾ ਚਾਹੁੰਦਾ "[12] ਨਾਵਲਕਾਰ ਨੇ ਸਪਸ਼ਟ ਕੀਤਾ ਹੈ ਕਿ ਔਰਤ ਦੀ ਹੋਂਦ ਸਿਰਫ ਭੋਗਣ ਅਤੇ ਘਰ ਦੀ ਚਾਰ ਦੀਵਾਰੀ ਵਿੱਚ ਹੀ ਹੈ ਇੱਕ ਮਰਦ ਵੱਜੋਂ ਇਕ ਇਨਸਾਨ ਵਜੋਂ ਔਰਤ ਨੂੰ ਨਹੀਂ ਸਮਝਿਆ ਜਾਂਦਾ ਉਸ ਨੂੰ ਵਸਤੂ ਸਮਾਨ ਸਮਝਿਆ ਜਾਂਦਾ ਹੈ: ਉਪਰੋਕਤ ਚਰਚਾ ਦੇ ਅਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਨਾਵਲ ਵਿੱਚ ਔਰਤ ਦੀ ਤਰਾਸਦਿਕ ਸਥਿਤੀ ਨੂੰ ਚਿਤਰਿਆ ਗਿਆ ਹੈ। ਇਹ ਸ਼ੋਸ਼ਣ ਆਰਥਿਕ ਮੰਦਹਲੀ ਕਾਰਨ ਅਤੇ ਆਰਥਿਕ ਆਜ਼ਾਦੀ ਨਾ ਹੋਣ ਕਾਰਨ ਵਾਪਰਦਾ ਹੈ। ਆਰਥਿਕ ਤੰਗੀਆਂ ਕਾਰਨ ਮਾਪੇ ਔਰਤ ਦਾ ਅਣ ਜੋੜ ਵਿਆਹ ਕਰਨ ਲਈ ਲਾਚਾਰ ਹੋ ਜਾਂਦੇ ਹਨ। ਸਮਾਜ ਉਸਨੂੰ ਸਹੀ ਨਜ਼ਰਾਂ ਨਾਲ ਨਹੀਂ ਵੇਖਦਾ ਜਿੱਥੇ ਕਿਤੇ ਉਹ ਕੁਝ ਪਲ ਆਪਣੇ ਲਈ ਜਿਉਣਾ ਚਾਹੁੰਦੀ ਹੈ ਜਾਂ ਆਪਣੇ ਅਸਤਿਤਵ ਆਪਣੀ ਹੋਂਦ ਬਾਰੇ ਕੁਝ ਵੀ ਵਿਚਾਰ ਜ਼ਾਹਿਰ ਕਰਦੀ ਹੈ, ਚਾਹੇ ਉਹ ਸਮਾਜਿਕ ਬੰਧਨਾ ਦੇ ਅਧੀਨ ਰਹਿ ਕੇ ਹੀ ਕਿਉਂ ਨਾ ਕਰੇ। ਇਸ ਔਰਤ ਦੀ ਸਥਿਤੀ ਨੂੰ ਉਸ ਦਾ ਪਤੀ ,ਭਰਾ ਪੁੱਤਰ ਅਤੇ ਸਮਾਜ ਨਾ ਮਨਜ਼ੂਰ ਕਰ ਦਿੰਦੇ ਹਨ ਤੇ ਔਰਤ ਨੂੰ ਬਦਚਲਨ ਕਰਾਰ ਕਰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਵਿਸ਼ੇ ਪੱਖੋਂ ਇਹ ਨਾਵਲ ਔਰਤ ਉੱਤੇ ਹੁੰਦੇ ਸਮਾਜਿਕ ,ਮਾਨਸਿਕ ਜੁਲਮ ਅਤੇ ਅਨਿਆ ਦਾ ਗਲਪੀ ਬਿਰਤਾਂਤ ਹੈ।

## ਹਵਾਲੇ ਅਤੇ ਟਿੱਪਣੀਆਂ


1. ਕੁਲਦੀਪ ਕੌਰ ਭੁੱਲਰ , ਇਸਤਰੀ ਕਥਾ ,(ਨਾਵਲ), ਪੰਨਾ 31

2.ਉਹੀ,ਪੰਨਾ 40

3.ਸਿਮਨ ਦਿ ਬਿਉਵਾਰ,ਇਸਤਰੀ ਉਪੇਕਸ਼ਤਾ,ਪੰਨਾ 25

4.ਕੁਲਦੀਪ ਕੌਰ ਭੁੱਲਰ , ਇਸਤਰੀ ਕਥਾ ,(ਨਾਵਲ),ਪੰਨਾ 57

5.ਉਹੀ,ਪੰਨਾ 69

6.ਉਹੀ,ਪੰਨਾ 78

7.ਉਹੀ,ਪੰਨਾ 79

8.ਉਹੀ,ਪੰਨਾ 127

9.ਉਹੀ,ਪੰਨਾ 135

10.ਉਹੀ,ਪੰਨਾ 134

11.ਉਹੀ,ਪੰਨਾ 142

12 .ਉਹੀ,ਪੰਨਾ 143-144

# ਗੁਰਬਾਣੀ ਵਿੱਚ ਪੇਸ਼ ਧਰਮ ਦੀ ਸੱਤਾ: ਪੁਨਰ ਮੰਥਨ

**ਡਾ. ਗੁਰਨਾਮ ਸਿੰਘ**
**ਪੰਜਾਬੀ ਵਿਭਾਗ, ਬਾਬਾ ਫਰੀਦ ਕਾਲਜ, ਦਿਉਣ (ਬਠਿੰਡਾ)**
**ਈਮੇਲ:** drgurnamsingh812@gmail.com

ਧਰਮ ਇੱਕ ਅਜਿਹਾ ਸੰਕਲਪ ਹੈ, ਜਿਸ ਦਾ ਇਤਿਹਾਸ ਲਗਪਗ ਮਨੁੱਖਤਾ ਦੇ ਇਤਿਹਾਸ ਜਿੰਨਾ ਹੀ ਪੁਰਾਣਾ ਹੈ। ਖਾਸ ਕਰ ਜੇ ਭਾਰਤ ਦੇ ਸੰਦਰਭ ਵਿੱਚ ਦੇਖਿਆ ਜਾਵੇ ਤਾਂ ਧਰਮ ਇੱਕ ਅਜਿਹਾ 'ਕਾਰਕ' ਹੈ, ਜੋ ਮੁੱਢ ਤੋਂ ਹੀ ਸਾਰੇ ਸੱਭਿਆਚਾਰਕ ਵਰਤਾਰੇ ਅੰਦਰ ਰਮਿਆ ਰਿਹਾ ਹੈ। ਮੁੱਢ ਤੋਂ ਭਾਵ ਮਨੁੱਖ ਦੇ ਆਦਿਮ ਸੁਭਾਅ ਜਾਂ ਆਦਿਮ ਕਾਲ ਤੋਂ ਹੈ। ਇੱਥੇ ਕਿਸੇ ਸੱਭਿਅਤਾ ਦਾ ਨਾਮ ਹਵਾਲੇ ਵਜੋਂ ਵਰਤਣਾ ਵੀ ਦੋਸ਼ ਅਖਵਾਏਗਾ। ਇਸ ਦੇ ਉਦਭਵ ਬਾਰੇ ਕੋਈ ਵਿਸ਼ੇਸ਼ ਪ੍ਰਮਾਣ ਉਪਲੱਬਧ ਨਹੀਂ ਪਰੰਤੂ ਵਿਦਵਾਨਾਂ ਦਾ ਮੱਤ ਹੈ ਕਿ ਕੁਦਰਤੀ ਆਫਤਾਂ ਜਾਂ ਸ਼ਕਤੀਆਂ ਦੇ ਪ੍ਰਕੋਪ ਕਾਰਨ, ਜਦੋਂ ਮਨੁੱਖ ਨੇ ਆਪਣੀ ਪੇਸ਼ ਚੱਲਦੀ ਨਾ ਦੇਖੀ ਤਾਂ ਉਨ੍ਹਾਂ ਸ਼ਕਤੀਆਂ ਅੱਗੇ ਝੁੱਕ, ਅਰਾਧਣਾ ਸ਼ੁਰੂ ਕਰ ਦਿੱਤੀ। ਇੱਥੋਂ ਹੀ ਲੋਕ ਧਰਮ ਦਾ ਮੁੱਢ ਬੱਝਦਾ ਹੈ, ਜਿਸ ਦਾ ਸੰਬੰਧ ਕੁਦਰਤੀ ਵਰਤਾਰਿਆਂ ਦੇ ਨਿਯਮਾਂ ਨਾਲ ਜਾ ਜੁੜਦਾ ਹੈ। ਇਸੇ ਕੜੀ ਦਾ ਹੀ ਅਗਲਾ ਹਿੱਸਾ ਹੈ ਕਿ ਸੂਰਜ, ਅਗਨੀ, ਹੜ੍ਹ, ਭੁਚਾਲ, ਬਾਰਿਸ਼ ਅਤੇ ਤੇਜ਼ ਹਵਾਵਾਂ ਆਦਿਕ ਅੰਦਰ ਕੁਦਰਤੀ ਸ਼ਕਤੀਆਂ ਦਾ ਨਿਵਾਸ ਮੰਨ ਕਰਕੇ ਮਨੁੱਖ ਨੇ 'ਦੇਵ' ਦੀ ਸਿਰਜਣਾ ਕੀਤੀ। ਇਸੇ ਦੀ ਅਧੀਨਗੀ ਸ੍ਵੀਕਾਰ ਕਰ ਪੂਜਾ ਅਰਚਨਾ ਦਾ ਪ੍ਰਚਲਣ ਆਰੰਭ ਹੋਇਆ। ਹਾਲਾਂਕਿ ਇਹ ਘਟਨਾਵਾਂ ਹਜ਼ਾਰਾਂ-ਲੱਖਾਂ ਸਾਲ ਪੁਰਾਣੀਆਂ ਹੋ ਸਕਦੀਆਂ ਹਨ ਪਰ ਪ੍ਰਕ੍ਰਿਤੀ ਨੂੰ ਸਮਝਣ ਲਈ ਮਨੁੱਖ ਦਾ ਇਹ ਪਹਿਲਾ ਯਤਨ ਸੀ, ਜਿਸ ਕਰਕੇ ਸ਼ਾਇਦ ਇਸ ਨੂੰ ਨਕਾਰਿਆ ਵੀ ਨਹੀ ਜਾ ਸਕਦਾ। ਰਿਗਵੇਦ ਦੇ ਪਹਿਲੇ ਅਧਿਆਏ ਦੇ 164 ਨੰਬਰ ਸੂਕਤ ਦਾ ਸ਼ਲੋਕ ਨੰਬਰ 44 ਹਵਾਲੇ ਵਜੋਂ ਪੇਸ਼ ਹੈ:-

**त्रय: के शिन ऋतुथा वि चक्षते संवत्सरे वपत एक एषाम्।।**

**विश्वमेको अभि चष्टे शचीभिर्ध्राजिरेकस्य ददृशे न रूपम्।। ४४**[1]

ਭਾਵ- 'ਤਿੰਨ ਪ੍ਰਮੁੱਖ ਸ਼ਕਤੀਆਂ ਅਗਨੀ (ਸਾੜ ਕੇ ਨਾਸ਼ ਕਰ ਦੇਣ ਵਾਲੀ), ਸੂਰਜ (ਜੋ ਕਿ ਪ੍ਰਕਾਸ਼ ਰਾਹੀਂ ਧਰਤੀ ਤੇ ਨਜ਼ਰ ਰੱਖਦਾ ਹੈ) ਅਤੇ ਵਾਯੂ (ਦਿਖਾਈ ਨਹੀਂ ਦਿੰਦੀ ਪਰ ਗਤੀ ਦੁਆਰਾ ਆਪਣੀ ਹੋਂਦ ਦਾ ਅਹਿਸਾਸ ਕਰਵਾਉਂਦੀ ਹੈ।) ਤਿੰਨੇ ਸ਼ਕਤੀਆਂ ਜੀਵਨ ਦੀ ਸੱਤਾ ਨੂੰ ਸਥਿਰ ਬਣਾਈ ਰੱਖਣ ਵਿੱਚ ਸਹਾਇਕ ਹਨ।' ਲੋਕ ਧਰਮ, ਧਰਮ ਸਭ ਤੋਂ ਪੁਰਾਣਾ ਸਰੂਪ ਹੈ, ਜਿਸ ਦਾ ਵਰਨਣ ਲਗਪਗ ਸਾਰੇ ਧਾਰਮਿਕ ਗ੍ਰੰਥਾਂ ਵਿੱਚ ਪ੍ਰਾਪਤ ਹੋ ਜਾਂਦਾ ਹੈ। ਇਹ ਧਰਮ ਨੂੰ ਕੁਦਰਤੀ ਸ਼ਕਤੀਆਂ ਦੀ ਨਿਯਮਬੱਧਤਾ ਨਾਲ ਜੋੜਦਾ ਹੈ। ਲੋਕ ਧਰਮ ਉਨ੍ਹਾਂ ਲੋਕਾਂ ਦੀਆਂ ਮਨੌਤਾਂ ਅਤੇ ਵਿਸ਼ਵਾਸਾਂ ਦੀ ਪੈਰਵਾਈ ਕਰਦਾ ਹੈ, ਜੋ ਕੁਦਰਤੀ ਸ਼ਕਤੀਆਂ ਨੂੰ ਜਾਦੂ ਜਾਂ ਦੇਵੀ/ਦੇਵਤਿਆਂ ਦੇ ਰੂਪ ਵਿੱਚ ਕਲਪ ਕੇ ਆਪਣੇ ਕਾਰਜ ਦੀ ਸਿੱਧੀ ਲਈ ਅਰਾਧਣਾ ਕਰਦੇ ਸਨ। ਇੱਥੋਂ ਹੀ ਇਸ ਲਫਜ਼ ਦਾ ਵਿਕਾਸ ਹੋਇਆ ਅਤੇ ਸੰਸਕ੍ਰਿਤ ਦੇ ਵਿਦਵਾਨਾਂ ਨੇ

[1] ਰਿਗਵੇਦ ਅਧਿਆਏ 1, ਸੂਕਤ ਨੰਬਰ 164, ਸ਼ਲੋਕ ਨੰਬਰ 44

ਇਸ ਨੂੰ ਇੰਞ ਪ੍ਰਭਾਸ਼ਿਤ ਕੀਤਾ[2]: ਧਰਮ ਸ਼ਬਦ ਦੀ ਨਿਸ਼ਪੱਤੀ "ਧ੍ਰਿ" ਧਾਤੂ ਤੋਂ ਹੋਈ, ਜਿਸ ਦਾ ਅਰਥ ਹੈ, ਪੋਸ਼ਣ ਕਰਨਾ, ਧਾਰਣ ਕਰਨਾ, ਪਾਲਣ ਕਰਨਾ ਅਤੇ ਰੱਖਿਆ ਕਰਨਾ। ਇਸ ਨਾਲ "ਮਨ" ਪਿਛੇਤਰ ਜੁੜਣ ਨਾਲ ਇਹ ਸੰਪੂਰਨ ਹੁੰਦਾ ਹੈ ਅਤੇ ਅਰਥ ਬਣਦਾ ਹੈ, "ਉਹ ਜੋ ਅਨੁਸ਼ਾਸ਼ਿਤ ਢੰਗ ਨਾਲ ਸ੍ਰਿਸ਼ਟੀ ਦਾ ਪਾਲਣ ਅਤੇ ਸੰਭਾਲ ਕਰਦਾ ਹੈ।" ਇੰਞ ਧਰਮ ਦਾ ਪਹਿਲਾ ਸੰਬੰਧ ਕੁਦਰਤ, ਇਸ ਦੇ ਨਿਯਮਾਂ ਅਤੇ ਕੁਦਰਤੀ ਸ਼ਕਤੀਆਂ ਨਾਲ ਜੁੜਦਾ ਹੈ, ਜੋ ਨੈਤਿਕ ਨਿਯਮਾਂ ਦਾ ਪਾਲਣ ਕਰਨ ਲਈ ਪ੍ਰੇਰਨਾ ਕਰਦੀਆਂ ਹਨ। ਸਨਾਤਨ ਵਿੱਚ ਇਹ ਨੈਤਿਕ ਨਿਯਮ ਕੁਦਰਤੀ ਸ਼ਕਤੀਆਂ ਦੀ ਪ੍ਰਸੰਸਾ ਅਤੇ ਪੂਜਾ ਅਰਚਨਾ ਦੀਆਂ ਵਿਧੀਆਂ ਦੇ ਰੂਪ ਵਿੱਚ ਪ੍ਰਤਿਪਾਦਤ ਹੁੰਦੇ ਹਨ, ਜਿਨ੍ਹਾਂ ਦੀ ਪਾਲਣਾ ਨਾ ਕਰਨ 'ਤੇ ਦੰਡ ਵਿਧਾਨ ਵੀ ਮੌਜੂਦ ਸੀ। ਇੱਥੇ ਧਰਮ ਸ਼ਬਦ ਦਾ ਕੇਵਲ ਸ਼ਬਦੀ ਅਰਥ ਪ੍ਰਤਿਪਾਦਤ ਕੀਤਾ ਗਿਆ ਹੈ, ਕਿਉਂਕਿ ਇਸ ਨੂੰ ਕਿਸੇ ਵਿਸ਼ੇਸ਼ ਪਰਿਭਾਸ਼ਾ ਵਿੱਚ ਬੰਨ੍ਹਣਾ ਮੂਲੋਂ ਹੀ ਅਸੰਭਵ ਹੈ। ਇਸ ਦਾ ਕਾਰਨ, ਹਰੇਕ ਸਮਾਜਕ ਨਿਜ਼ਾਮ ਦੇ ਆਪਣੇ ਵਿਸ਼ਵਾਸ਼ ਅਤੇ ਨਿਯਮ ਹੋਣ ਕਾਰਨ "ਧਰਮ" ਲਫ਼ਜ਼ ਦੇ ਅਰਥਾਂ ਅਤੇ ਸੀਮਾਵਾਂ ਵਿੱਚ ਨਿਰੰਤਰ ਤਬਦੀਲੀਆਂ ਵਾਪਰਦੀਆਂ ਰਹੀਆਂ। ਕੇਵਲ ਭਾਰਤ ਵਿੱਚ ਹੀ ਧਰਮ ਦੀਆਂ ਸੈਂਕੜੇ ਪਰਿਭਾਸ਼ਾਵਾਂ ਮੌਜੂਦ ਹਨ, ਜੋ ਇੱਕ ਦੂਜੀ ਸੰਪ੍ਰਦਾ ਨਾਲੋਂ ਭਿੰਨਤਾਵਾਂ ਰੱਖਦੀਆਂ ਹਨ। ਪਰੰਤੂ ਇਹ ਵਰਤਾਰਾ ਕਿਸੇ ਭਾਈਚਾਰੇ/ਸੱਭਿਅਤਾ ਤੱਕ ਸੀਮਿਤ ਨਾ ਹੋ ਕੇ ਵਿਸ਼ਵ ਭਰ ਨੂੰ ਵਿਆਪਕ ਪੱਧਰ 'ਤੇ ਪ੍ਰਭਾਵਿਤ ਕਰਦਾ ਹੈ। ਹਰੇਕ ਭਾਈਚਾਰੇ/ਸੱਭਿਆਚਾਰ ਨੇ ਧਰਮ ਦੇ ਵੱਖ-ਵੱਖ ਅਰਥਾਂ ਨੂੰ ਪ੍ਰਭਾਸ਼ਿਤ ਅਤੇ ਗ੍ਰਹਿਣ ਕਰਨ ਦਾ ਯਤਨ ਕੀਤਾ ਹੈ। ਮੋਟੇ ਤੌਰ 'ਤੇ ਦੇਖਿਆ ਜਾਵੇ ਤਾਂ ਅੱਜ ਸਾਡੇ ਕੋਲ ਧਰਮ ਦੀਆਂ ਅਨਗਿਣਤ ਪਰਿਭਾਸ਼ਾਵਾਂ ਮੌਜੂਦ ਹਨ, ਜੋ ਧਰਮ ਦੀਆਂ ਅੱਡੋ-ਅੱਡ ਵਿਆਖਿਆਵਾਂ ਅਤੇ ਅੰਗਾਂ ਦਾ ਜ਼ਿਕਰ ਕਰਦੀਆਂ ਹਨ। ਇਹ ਵਿਆਖਿਆਵਾਂ ਇਕ ਦੂਜੇ ਨੂੰ ਪੂਰਦੀਆਂ ਅਤੇ ਕੱਟਦੀਆਂ ਵੀ ਹਨ। ਸੋ "ਧਰਮ" ਕਿਸੇ ਖਾਸ ਦੇਸ਼, ਕਾਲ, ਨਸਲ ਅਤੇ ਰੰਗ-ਰੂਪ ਦੀ ਉਪਜ ਨਾ ਹੋ ਕੇ, ਐਸਾ ਸਰਬ ਸਾਂਝਾ ਅਤੇ ਸਰਬ ਵਿਆਪਕ ਵਰਤਾਰਾ ਹੈ ਜੋ "ਕੁਦਰਤ, ਦੇਵ ਅਤੇ ਅਧਿਆਤਮ ਨਿਯਮਾਂ" ਆਦਿਕ ਵਿੱਚ ਬੱਝਿਆ ਹੋਇਆ ਹੈ। ਇਸ ਨੂੰ ਲੋਕ ਆਪਣੀ ਬੁੱਧੀ ਅਨੁਸਾਰ ਗ੍ਰਹਿਣ ਕਰਦੇ ਹਨ। ਇਹੀ ਧਰਮ ਜੋ ਕੁਦਰਤੀ ਵਰਤਾਰੇ ਅਤੇ ਨਿਯਮਾਂ ਤੋਂ ਆਰੰਭ ਹੁੰਦਾ ਹੈ, ਪਹਿਲਾਂ ਦੇਵ ਪੂਜਾ, ਲੋਕ ਵਿਸ਼ਵਾਸਾਂ ਫੇਰ ਵਿਸ਼ਿਸ਼ਟ ਧਰਮ, ਮਨੁੱਖ ਅਤੇ ਦੇਵਤਾ ਦੇ ਗਹਿਰੇ ਸੰਬੰਧਾਂ ਵਿੱਚ ਤਬਦੀਲ ਹੋ ਜਾਂਦਾ ਹੈ। ਹਰੇਕ ਸੱਭਿਆਚਾਰ ਵਿੱਚ ਧਰਮ ਦਾ ਆਪਣਾ ਰੂਪ, ਆਚਾਰ ਅਤੇ ਮਰਿਯਾਦਾਵਾਂ ਸ਼ਾਮਿਲ ਰਹੀਆਂ ਹਨ। ਧਰਮ ਨੇ ਸਮੁੱਚੇ ਵਿਸ਼ਵ ਦੇ ਸਮਾਜਕ, ਆਰਥਕ, ਰਾਜਨੀਤਿਕ, ਧਾਰਮਕ ਅਤੇ ਅਧਿਆਤਮਕ ਨਿਜ਼ਾਮ ਨੂੰ ਪੂਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਕੋਈ ਵੀ ਸੱਭਿਅਤਾ ਜਾਂ ਸਮਾਜਕ ਨਿਜ਼ਾਮ ਹਮੇਸ਼ਾਂ ਧਰਮ (ਮਜ਼ਹਬ) ਦੀ ਆੜ ਵਿੱਚ ਹੀ ਸੱਤਾ 'ਤੇ ਕਾਬਜ਼ ਰਿਹਾ ਹੈ ਅਤੇ ਅੱਜ ਤੀਕਰ ਇਹ ਪ੍ਰਥਾ ਉਵੇਂ ਹੀ ਚੱਲਦੀ ਆ ਰਹੀ ਹੈ, ਭਾਵੇਂ ਕਿਸੇ ਰੂਪ ਵਿੱਚ ਹੋਵੇ। ਧਰਮ (ਮਜ਼ਹਬ) ਦੀ ਸੱਤਾ ਹਮੇਸ਼ਾ ਤੋਂ ਬਰਕਰਾਰ ਰਹੀ ਹੈ ਅਤੇ ਮਨੁੱਖਤਾ ਦਾ ਇਤਿਹਾਸ ਇਸ ਗੱਲ ਦੀ ਸਾਖੀ ਭਰਦਾ ਆ ਰਿਹਾ ਹੈ। ਸੋ, ਵਰਤਮਾਨ ਸਮੇਂ ਵਿੱਚ ਧਰਮ ਦੀਆਂ ਸੈਂਕੜੇ ਪਰਿਭਾਸ਼ਾਵਾਂ ਮੌਜੂਦ ਹਨ, ਜੋ ਮੁੱਖ ਰੂਪ ਵਿੱਚ ਵਿਸ਼ਿਸ਼ਟ ਧਰਮ ਦੇ ਨਿਯਮਾਂ, ਵਿਸ਼ਵਾਸ਼ਾਂ ਅਤੇ ਜੀਵਨ ਜਾਂਚ ਨਾਲ ਸੰਬੰਧ ਰੱਖਦੀਆਂ ਹਨ। ਹਥਲੇ ਖੋਜ ਪਰਚੇ ਵਿੱਚ ਅਸੀਂ ਕੇਵਲ ਗੁਰਬਾਣੀ ਨੂੰ ਆਧਾਰ ਬਣਾ ਕੇ, ਧਰਮ ਸ਼ਬਦ ਦੇ ਅਰਥ ਦਾ ਪੁਨਰ-ਮੰਥਨ ਕਰਨ ਦਾ ਯਤਨ ਕਰਾਂਗੇ।

ਧਰਮ ਆਪਣੇ ਆਪ ਵਿੱਚ ਹੀ ਅਸੀਮ ਵਰਤਾਰਾ ਹੈ, ਜਿਸ ਨੇ ਸਾਰੇ ਵਿਸ਼ਵ ਨੂੰ ਪ੍ਰਭਾਵਿਤ ਕਰ ਰੱਖਿਆ ਹੈ। ਇਸ ਦਾ ਦਾਇਰਾ ਇੰਨਾ ਵਿਸ਼ਾਲ ਹੈ ਕਿ ਹਰ ਕੋਈ ਆਪਣੀ ਸਮਝ ਅਨੁਸਾਰ ਇਸ ਨੂੰ ਸਮਝਣ ਦੇ ਆਹਰ ਵਿੱਚ ਹੈ ਅਤੇ

[2] https://www.wisdomlib.org/definition/dharma#dharmashastra ਤਰੀਕ ਅਤੇ ਸਮਾਂ: 30 ਨਵੰਬਰ2025, 6:18 ਬਾ.ਦੁ.

ਉਸੀ ਸਮਝ ਦੇ ਅਨੁਸਾਰ ਪ੍ਰਗਟਾਅ ਕਰਦਾ ਹੈ। ਮਨੁੱਖੀ ਸੂਝ ਦੀ ਖ਼ੂਬਸੂਰਤੀ ਇਸੇ ਗੱਲ ਵਿੱਚ ਹੈ ਕਿ ਬੇਸ਼ੱਕ ਰਾਹ ਅੱਡੋ-ਅੱਡ ਹੋਵੇ ਪਰ ਮੰਜ਼ਿਲ ਸਭ ਦੀ 'ਓਹੀ' ਹੈ। ਖਿਆਲਾਂ ਦੀ ਇਸੇ ਵਿੰਭਿਨਤਾ ਕਾਰਨ, ਜਿਵੇਂ ਕੋਈ ਉਸ ਅਸੀਮ ਵਰਤਾਰੇ ਨੂੰ ਸਮਝਦਾ ਹੈ, ਉਸੇ ਅਨੁਸਾਰ ਵਿਆਖਿਆ ਕਰਨ ਦਾ ਯਤਨ ਕਰਦਾ ਹੈ। ਇਹੀ ਕਾਰਨ ਹੈ ਕਿ ਸਮਾਜਕ ਨਿਜ਼ਾਮਾਂ ਅੰਦਰ ਖਿਆਲਾਂ ਦੀ ਵੰਨ-ਸੁਵੰਨਤਾ ਅਤੇ ਕੁਦਰਤੀ ਰੰਗਾਂ ਦੀ ਭਰਮਾਰ ਹੈ।

**ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥**
**ਕਰਿ ਕਰਿ ਦੇਖੈ ਕੀਤਾ ਆਪਣਾ ਜਿਉ ਤਿਸ ਦੀ ਵਡਿਆਈ॥**[3]

ਗੁਰਬਾਣੀ ਇਸੇ ਵੰਨ-ਸੁਵੰਨਤਾ ਭਰਪੂਰ ਪੈਟਰਨ ਦਾ ਮੁੜ ਨਿਰੀਖਣ ਕਰਦੀ ਅਨੇਕਤਾ ਤੋਂ ਏਕਤਾ ਦੇ ਸੰਕਲਪ ਦਾ ਸਿਰਜਣ ਕਰਦੀ ਹੈ। ਸ਼ਬਦ 'ਧਰਮ' ਦੇ ਅਰਥਾਂ ਦੀ ਗੁਰਬਾਣੀ ਅੰਦਰੋਂ ਪੜਚੋਲ ਆਰੰਭਣ ਤੋਂ ਪਹਿਲਾਂ ਇਸ ਦੇ ਕੋਸ਼ਗਤ ਅਰਥਾਂ ਨੂੰ ਵਾਚਣਾ ਵਧੇਰੇ ਲਾਹੇਵੰਦ ਰਹੇਗਾ ਤਾਂ ਜੋ ਅਰਥਾਂ ਦਾ ਕੇਂਦਰ ਸਾਡੇ ਜ਼ਿਹਨ ਵਿੱਚ ਬਣਿਆ ਰਹਿ ਸਕੇ। ਵੈਸੇ ਤਾਂ ਆਪਾਂ ਪਿੱਛੇ ਚਰਚਾ ਕਰ ਆਏ ਹਾਂ ਕਿ ਧਰਮ ਨੂੰ ਕਿਸੇ ਵਿਸ਼ੇਸ਼ ਪਰਿਭਾਸ਼ਾ ਵਿੱਚ ਬੰਨ੍ਹਣਾ ਆਪਣੇ ਆਪ ਵਿੱਚ ਹੀ ਕਠਿਨ ਕਾਰਜ ਹੈ। ਕਿਉਂਕਿ ਇਹ ਬਹੁਅਰਥਕ ਸ਼ਬਦ ਹੈ, ਭਾਈ ਕਾਨ੍ਹ ਸਿੰਘ ਜੀ ਨਾਭਾ ਮਹਾਨ ਕੋਸ਼[4] ਅੰਦਰ ਇਸ ਦੇ ਵੱਖ-ਵੱਖ ਅਰਥਾਂ 'ਤੇ ਚਾਨਣਾ ਪਾਉਂਦੇ ਹੋਏ ਲਿਖਦੇ ਹਨ:- "ਸੰ. ਸੰਗਯਾ- ਜੋ ਸੰਸਾਰ ਨੂੰ ਧਾਰਨ ਕਰਦਾ ਹੈ. ਜਿਸ ਦੇ ਆਧਾਰ ਵਿਸ਼੍ਵ ਹੈ, ਉਹ ਪਵਿਤ੍ਰ ਨਿਯਮ. "ਸਭ ਕੁਲ ਉਧਰੀ ਇਕ ਨਾਮ ਧਰਮ." (ਸਵੈਯੇ ਸ੍ਰੀ ਮੁਖਵਾਕ ਮ:5) 2. ਸ਼ੁਭ ਕਰਮ. "ਨਹਿ ਬਿਲੰਬ ਧਰਮੰ, ਬਿਲੰਬ ਪਾਪੰ." (ਸਹਸ ਮ: 5) "ਸਾਧ ਕੈ ਸੰਗਿ ਦ੍ਰਿੜੈ ਸਭਿ ਧਰਮ." (ਸੁਖਮਨੀ) ਸਾਧੂ ਦੇ ਸੰਗ ਤੋਂ ਜੋ ਦ੍ਰਿੜ੍ਹ ਕਰਦਾ ਹੈ, ਉਹ ਸਭ ਧਰਮ ਹੈ। 3. ਮਜਹਬ. ਦੀਨ. "ਸੰਤ ਕਾ ਮਾਰਗ ਧਰਮ ਕੀ ਪਉੜੀ." (ਸੋਰ ਮ: 5) 4. ਪੁਨਯਰੂਪ. "ਇਹ ਸਰੀਰ ਸਭ ਧਰਮ ਹੈ, ਜਿਸ ਅੰਦਰਿ ਸਚੇ ਕੀ ਵਿਚਿ ਜੋਤਿ." (ਵਾਰ ਗਉ 1. ਮ: 4) 5. ਰਿਵਾਜ. ਰਸਮ. ਕੁਲ ਅਥਵਾ ਦੇਸ਼ ਦੀ ਰੀਤਿ। 6. ਫ਼ਰਜ਼. ਡਯੂਟੀ। 7. ਨਯਾਯ. ਇਨਸਾਫ਼। 8. ਪ੍ਰਕ੍ਰਿਤੀ. ਸੁਭਾਵ। 9. ਧਰਮਰਾਜ. "ਅਨਿਕ ਧਰਮ ਅਨਿਕ ਕੁਮੇਰ." (ਸਾਰ ਅ: ਮ: 5) 10. ਧਨੁਸ. ਕਮਾਣ. ਚਾਪ। 11. ਤੱਤਾਂ ਦੇ ਸ਼ਬਦ ਸਪਰਸ਼ ਆਦਿ ਗੁਣ। 12. ਧਰਮਅੰਗ (ਧੀਰਯ, ਖਿਮਾ, ਮਨ ਦਾ ਵਸ਼ ਕਰਨਾ, ਚੋਰੀ ਦਾ ਤਯਾਗ, ਪਵਿਤ੍ਰਤਾ, ਇੰਦ੍ਰੀਆਂ ਨੂੰ ਕੁਕਰਮ ਤੋਂ ਰੋਕਣਾ, ਨਿਰਮਲ ਬੁੱਧਿ, ਵਿਦਯਾ ਦਾ ਅਭਯਾਸ, ਸਤਯ, ਕ੍ਰੋਧ ਦਾ ਤਯਾਗ. ਇਹ ਦਸ਼ ਅੰਗਰੂਪ ਧਰਮ ਹੈ. 13. ਉਪਮਾ (ਦ੍ਰਿਸ਼ਾਤ, ਮਿਸਾਲ).

ਉਪਰੋਕਤ ਪਰਿਭਾਸ਼ਾ ਅੰਦਰ ਧਰਮ ਲਫਜ਼ ਦੇ 13 ਵੱਖੋ-ਵੱਖ ਅਰਥ ਹਨ, ਜੋ ਸ਼ਬਦ ਦੀ ਵਿਆਪਕਤਾ ਨੂੰ ਇੰਝ ਪੇਸ਼ ਕਰਦੇ ਹਨ ਕਿ ਸਾਰੀ ਭੌਤਿਕ ਸੱਤਾ ਇਸੇ ਵਿੱਚ ਹੀ ਸਮਾ ਜਾਂਦੀ ਹੈ। ਅਸਲ ਵਿੱਚ ਧਰਮ ਉਹ ਪ੍ਰਕ੍ਰਿਆ ਹੈ, ਜਿਸ ਦੇ ਅਧੀਨ ਸਾਰਾ ਵਿਸ਼ਵ ਆਪਣੀ ਕਾਰ ਕਰ ਰਿਹਾ ਹੈ। ਗੁਰਬਾਣੀ ਜਿਸ ਧਰਮ ਦੀ ਵਿਆਖਿਆ ਕਰਦੀ ਹੈ, ਉਹ ਹਿੰਦੂ, ਮੁਸਲਮ, ਸਿੱਖ ਜਾਂ ਈਸਾਈ ਆਦਿਕ ਮਜ਼ਹਬ ਨਹੀਂ ਹੈ ਬਲਕਿ ਸਰਬ ਵਿਆਪਕ ਵਰਤਾਰਾ ਹੈ, ਜਿਸ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਧਰਮ ਇੱਥੇ ਉਹ ਪੈਟਰਨ ਹੈ, ਜਿਸ ਨੂੰ ਗੁਰੂ ਨਾਨਕ ਸਾਹਿਬ 'ਓਅੰਕਾਰ' ਆਖ ਕੇ ਸੰਬੋਧਨ ਕਰਦੇ ਹਨ ਅਤੇ ਬ੍ਰਹਮ ਦੀ ਸੱਤਾ (ਦ੍ਰਿਸ਼ਮਾਨ ਸੰਸਾਰ) ਦਾ ਬੀਜ ਰੂਪ ਕਾਰਨ ਮੰਨਦੇ ਹਨ। ਉਦਾਹਰਣ ਵਜੋਂ:-

**ਭੈ ਵਿਚਿ ਪਵਣੁ ਵਹੈ ਸਦ ਵਾਉ॥ ਭੈ ਵਿਚਿ ਚਲਹਿ ਲਖ ਦਰੀਆਉ॥**

---

[3] ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸੋਦਰੁ ਰਾਗੁ ਆਸਾ ਮਹਲਾ 1, ਪੰਨਾ ਨੰ: 7-8

[4] ਭਾਈ ਕਾਨ੍ਹ ਸਿੰਘ ਜੀ ਨਾਭਾ, ਮਹਾਨ ਕੋਸ਼, ਪੰਨਾ ਨੰ: 2173 ਔਨਲਾਈਨ ਪੀ.ਡੀ.ਐਫ.

**ਭੈ ਵਿਚਿ ਅਗਨਿ ਕਢੈ ਵੇਗਾਰਿ॥ ਭੈ ਵਿਚਿ ਧਰਤੀ ਦਬੀ ਭਾਰਿ**
**ਭੈ ਵਿਚਿ ਇੰਦੁ ਫਿਰੈ ਸਿਰ ਭਾਰਿ॥ ਭੈ ਵਿਚਿ ਰਾਜਾਧਰਮ ਦੁਆਰੁ॥**
**ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥ ਕੋਹ ਕਰੋੜੀ ਚਲਤ ਨ ਅੰਤੁ॥**
**ਭੈ ਵਿਚਿ ਸਿਧ ਬੁਧ ਸੁਰ ਨਾਥ॥ ਭੈ ਵਿਚਿ ਆਡਾਣੇ ਆਕਾਸ॥**
**ਭੈ ਵਿਚਿ ਜੋਧ ਮਹਾਬਲ ਸੂਰ॥ ਭੈ ਵਿਚਿ ਆਵਹਿ ਜਾਵਹਿ ਪੂਰ॥**
**ਸਗਲਿਆ ਭਉ ਲਿਖਿਆ ਸਿਰਿ ਲੇਖੁ॥ ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ॥1॥**[5]

ਉਪਰੋਕਤ ਸ਼ਲੋਕ ਵਿੱਚ 'ਭੈ' ਲਫ਼ਜ਼ ਰੱਬੀ ਨਿਯਮਾਵਲੀ/ਧਰਮ ਦਾ ਲਖਾਇਕ ਹੈ। ਹਵਾ ਦਾ ਵੱਗਣਾ, ਧਰਮ ਹੈ। ਦਰਿਆਵਾਂ ਦਾ ਵਹਿਣਾ, ਅੱਗ ਦਾ ਸਾੜਣਾ, ਧਰਤੀ ਦਾ ਘੁੰਮਣਾ, ਸੂਰਜ ਤੇ ਚੰਦ ਦਾ ਆਪੋ-ਆਪਣੀ ਚਾਲੇ-ਚੱਲਣਾ ਆਦਿਕ ਸਭ ਧਰਮ ਹੈ। ਇਸੇ ਤਰ੍ਹਾਂ ਧਰਤੀ 'ਤੇ ਜੀਵਨ ਉਤਪੰਨ ਹੋਣਾ ਵੀ ਧਰਮ ਹੈ। ਧਰਮ ਅਸਲ ਵਿੱਚ ਉਹ ਕਾਰਨ ਹੈ, ਜਿਸ ਤੋਂ ਸੰਸਾਰ ਰੂਪੀ ਕਾਰਜ ਹੋਂਦ ਗ੍ਰਹਿਣ ਕਰਦਾ ਹੈ। ਇਹੀ ਗੱਲ ਭਾਈ ਕਾਨ੍ਹ ਸਿੰਘ ਨਾਭਾ ਜੀ 'ਧਰਮ' ਲਫ਼ਜ਼ ਦੇ ਪਹਿਲੇ ਅਰਥ ਵਿੱਚ ਬਿਆਨ ਕਰਦੇ ਹਨ: ਜੋ ਸੰਸਾਰ ਨੂੰ ਧਾਰਨ ਕਰਦਾ ਹੈ, ਜਿਸ ਦੇ ਆਧਾਰ ਵਿਸ਼੍ਵ ਹੈ ਉਹ ਪਵਿਤ੍ਰ ਨਿਯਮ. ਭਾਵ- ਮਨੁੱਖ ਦਾ ਜਨਮ ਵੀ ਬੱਝੇ ਹੋਏ ਪੈਟਰਨ (ਧਰਮ) ਦੇ ਕਾਰਨ ਹੀ ਹੈ, ਕਿਉਂਕਿ ਸੰਸਾਰ ਦੇ ਹਰ ਕਾਰਜ ਦਾ ਕਾਰਨ ਹੀ ਉਸ ਦਾ ਧਰਮ ਜਾਂ ਮੂਲ ਹੈ। "**ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ॥ ਬਿੰਬ ਬਿਨਾ ਕੈਸੇ ਕਪਰੇ ਧੋਈ॥**[6]" ਇਸੇ ਪ੍ਰਕਾਰ ਬ੍ਰਹਮੰਡ ਦੀ ਸੱਤਾ (ਹੋਂਦ) ਦਾ ਮੂਲ ਹੀ ਉਸ ਦਾ ਧਰਮ ਹੈ। ਵਿਸ਼ਵ ਅਤੇ ਇਸ ਦੇ ਅੰਤਰਗਤ ਆਉਣ ਵਾਲੀ ਹਰ ਸ਼ੈਅ ਦਾ ਪੈਟਰਨ ਤੈਅ ਹੈ ਅਤੇ ਇਸ ਦਾ ਵਜੂਦ ਧਰਮ ਦੀ ਸੱਤਾ ਦੇ ਕਾਰਨ ਹੀ ਹੈ। ਉਦਾਹਰਣ ਵਜੋਂ: ਘੜੇ ਦਾ ਧਰਮ ਜਲ ਨੂੰ ਟਿਕਾਉਣਾ ਹੈ, ਬਿਨਾ ਘੜੇ ਜਾਂ ਬਰਤਨ ਜਾਂ ਕਿਸੇ ਸ਼ੈਅ ਦੇ ਪਾਣੀ ਨਹੀਂ ਟਿਕਾਇਆ ਜਾ ਸਕਦਾ। "**ਕੁੰਭ ਬਿਨਾ ਜਲੁ ਨ ਟੀਕਾਵੈ॥**[6]" ਇਹੀ ਉਸ ਦਾ ਧਰਮ ਹੈ। ਇਸੇ ਪ੍ਰਕਾਰ ਗੁਰਬਾਣੀ ਵਿੱਚ ਗੁਰੂ ਨਾਨਕ ਸਾਹਿਬ ਪੌਰਾਣਿਕ ਮਿੱਥ ਨੂੰ ਤੋੜਦੇ ਹੋਏ ਇਹੀ ਸਮਝਾਉਣ ਦਾ ਯਤਨ ਕਰਦੇ ਹਨ:-

**ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖ ਥਾਪਿ ਰਖਿਆ ਜਿਨਿ ਸੂਤਿ॥**
**ਜੇ ਕੋ ਬੁਝੈ ਹੋਵੈ ਸਚਿਆਰੁ॥ ਧਵਲੈ ਉਪਰਿ ਕੇਤਾ ਭਾਰੁ॥**
**ਧਰਤੀ ਹੋਰੁ ਪਰੈ ਹੋਰੁ ਹੋਰੁ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ॥**[7]

ਲਫ਼ਜ਼ '**ਧੌਲੁ ਧਰਮ**' ਧਰਤੀ ਦੇ ਆਸਰੇ ਵੱਲ ਸੰਕੇਤ ਕਰਦਾ ਹੈ। ਹੁਣ ਗੁਰਬਾਣੀ ਇਸ ਤੱਥ ਨੂੰ ਪ੍ਰਵਾਨ ਨਹੀ ਕਰਦੀ ਕਿ ਧਰਤੀ ਦਾ ਆਸਰਾ ਕੋਈ ਪੌਰਾਣਿਕ ਬਲਦ ਹੈ, ਜਿਸ ਨੇ ਆਪਣੇ ਆਪਣੇ ਸਿੰਙ ਉੱਤੇ ਧਰਤੀ ਨੂੰ ਚੁੱਕ ਰੱਖਿਆ ਹੈ। ਬਲਕਿ ਇਹ ਧਰਮ ਦੀ ਸੱਤਾ ਰੂਪ ਰੱਬੀ ਨਿਯਮਾਵਲੀ ਹੈ। ਇਹੀ ਬ੍ਰਹਮੰਡ ਦਾ ਧਰਮ ਹੈ, ਜਿੱਥੇ ਸਭ ਕੁੱਝ ਆਪਣੀ ਚਾਲੇ ਚੱਲਿਆ ਹੋਇਆ ਹੈ। ਉਹ ਵੀ ਬਿਨਾਂ ਕਿਸੇ ਆਸਰੇ ਦੇ, ਇਹ ਚਾਹੇ ਗੁਰੂਤਾ-ਆਕਰਸ਼ਣ ਕਾਰਣ ਹੋਵੇ ਭਾਵੇ ਸਪੇਸ ਜਾਂ ਦਬਾਅ ਕਾਰਨ, ਗੁਰੂ ਨਾਨਕ ਸਾਹਿਬ ਨੇ ਬੜਾ ਸੁੰਦਰ ਚਿਤਰਿਆ ਹੈ: "**ਕੋਲੂ ਚਰਖਾ ਚਕੀ ਚਕੁ॥ ਥਲ ਵਾਰੋਲੇ ਬਹੁਤੁ ਅਨੰਤੁ॥ ਲਾਟੂ ਮਾਧਾਣੀਆ ਅਨਗਾਹ॥ ਪੰਖੀ ਭਉਦੀਆ ਲੈਣ ਨ ਸਾਹ॥ ਸੂਐ ਚਾੜਿ ਭਵਾਈਅਹਿ ਜੰਤ॥ ਨਾਨਕ**

[5] ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਵਾਰ ਆਸਾ ਮ: 1, ਸਲੋਕ, ਪੰਨਾ: 464.
[6] ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,ਰਾਗੁ ਗੋਂਡ, ਭਗਤ ਕਬੀਰ ਜੀ, ਪੰਨਾ: 872.
[7] ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜਪੁ, ਪੰਨਾ: 03.

**ਭਉਦਿਆ ਗਣਤ ਨ ਅੰਤ॥**[8]" ਚਲਾਇਮਾਨਤਾ ਹੀ ਉਹ ਨਿਯਮ (ਧਰਮ) ਹੈ, ਜਿਸ ਨੇ ਸਾਰੇ ਵਿਸ਼ਵ ਨੂੰ ਟਿਕਾ ਰੱਖਿਆ ਹੈ। ਇਹ ਨਿਯਮ (ਧਰਮ) ਸੰਸਾਰ ਦੇ ਅੰਦਰ ਅਤੇ ਬਾਹਰ ਹਰ ਥਾਈਂ ਵਿਆਪਕ ਹੈ। ਜਿੰਦਗੀ ਵਿੱਚ ਚਲਾਇਮਾਨਤਾ ਹੀ ਜੀਵਨ ਨੂੰ ਟਿਕਾ ਕੇ ਰੱਖਦੀ ਹੈ। ਖੜ੍ਹੋਤ ਦਾ ਮਤਲਬ ਅੰਤ ਹੈ ਤੇ ਜਿਹੜਾ ਜੀਵ ਇਸ ਭੇਤ ਨੂੰ ਜਾਣ ਲੈਂਦਾ ਹੈ, ਉਹੀ ਅਸਲ ਵਿੱਚ ਸਚਿਆਰ ਹੈ। ਮਜ਼ਹਬ/ਦੀਨ ਰੂਪ ਧਰਮ, ਜੇਕਰ ਸੱਚ ਤੋਂ ਊਣਾ ਹੋਵੇ ਤਾਂ ਮਨੁੱਖੀ ਸੂਝ ਅੰਦਰ ਤੰਗਦਿਲੀ ਅਤੇ ਫਿਰਕਾਪ੍ਰਸਤੀ ਦੀ ਭਾਵਨਾ ਪੈਦਾ ਕਰ ਦਿੰਦਾ ਹੈ। ਇੱਥੇ ਅਸਲ ਧਰਮ (ਰੱਬੀ ਨਿਯਮਾਵਲੀ) ਦਾ ਲੋਪ ਹੋ ਜਾਂਦਾ ਹੈ ਅਤੇ ਧਰਮ (ਖਾਕਾ/ਢਾਂਚਾ) ਤੰਗਦਿਲ, ਫਿਰਕਾਪ੍ਰਸਤ ਅਤੇ ਰਾਜਨੀਤਿਕ ਭੇੜੀਆਂ ਦੇ ਹੱਥਾਂ ਦੀ ਕਠਪੁਤਲੀ ਬਣ ਕੇ ਰਹਿ ਜਾਂਦਾ ਹੈ। ਅਜਿਹਾ ਧਰਮ ਮਨੁੱਖਤਾ ਦੇ ਹੱਥਾਂ-ਪੈਰਾਂ ਵਿੱਚ ਪਏ ਸੰਗਲਾਂ/ਬੇੜੀਆਂ ਦੀ ਨਿਆਈ ਹੁੰਦਾ ਹੈ, ਜੋ ਮਨੁੱਖੀ ਸੂਝ ਜਾਂ ਰੌਸ਼ਨ ਬੌਧਿਕਤਾ ਦਾ ਵਿਰੋਧੀ ਅਤੇ ਕੇਵਲ ਨਿਜੀ ਗ਼ਰਜ਼ਾਂ ਤੱਕ ਸੀਮਿਤ ਰਹਿੰਦਾ ਹੈ। ਬੌਧਿਕਤਾ/ਗਿਆਨ ਨੂੰ ਕਿਸੇ ਫਿਰਕੇ ਜਾਂ ਦਾਇਰੇ ਤੱਕ ਸੀਮਿਤ ਨਹੀਂ ਰੱਖਿਆ ਜਾ ਸਕਦਾ, ਉਹ ਸਰਬ ਸਾਂਝੀਵਾਲਤਾ ਦੇ ਗੁਣਾਂ ਦੀ ਧਾਰਨੀ ਹੁੰਦੀ ਹੈ।

**ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ॥ ਸਾਂਕਲ ਜੇਵਰੀ ਲੈ ਹੈ ਆਈ॥1॥**
**ਆਪਨ ਨਗਰੁ ਆਪ ਤੇ ਬਾਧਿਆ॥ ਮੋਹ ਕੈ ਫਾਧਿ ਕਾਲ ਸਰੁ ਸਾਂਧਿਆ॥1॥ਰਹਾਉ॥**
**ਕਟੀ ਨ ਕਟੈ ਤੂਟਿ ਨਹ ਜਾਈ॥ ਸਾ ਸਾਪਨਿ ਹੋਇ ਜਗ ਕਉ ਖਾਈ॥2॥**
**ਹਮ ਦੇਖਤ ਜਿਨਿ ਸਭੁ ਜਗੁ ਲੂਟਿਆ॥ ਕਹੁ ਕਬੀਰ ਮੈ ਰਾਮ ਕਹਿ ਛੂਟਿਆ॥3॥30॥**[9]

ਉਪਰੋਕਤ ਸ਼ਬਦ ਅੰਦਰ ਭਗਤ ਕਬੀਰ ਜੀ ਨੇ ਧਰਮ ਦੇ ਦੋਵੇਂ ਲੱਛਣਾਂ ਨੂੰ ਉਜਾਗਰ ਕੀਤਾ ਹੈ। ਉਨ੍ਹਾਂ ਦੀ ਖ਼ੂਬਸੂਰਤੀ ਇਸ ਗੱਲ ਵਿੱਚ ਹੈ ਕਿ, ਸ਼ਬਦਾਂ ਦੀ ਚੋਣ ਅਤੇ ਨਿਭਾਅ ਬਾ-ਕਮਾਲ ਕਰਦੇ ਹਨ। ਪਹਿਲਾਂ ਸਨਾਤਨ ਦਾ ਹਵਾਲਾ ਦਿੰਦੇ ਹੋਏ ਵਿਅੰਗ ਵਿੱਚ ਆਖਦੇ ਹਨ ਕਿ ਸੱਚ ਤੋਂ ਊਣਾ ਧਰਮ (ਮਜ਼ਹਬ) ਜਾਂ ਧਾਰਮਕ ਨਿਯਮਾਵਲੀ ਲੋਹੇ ਦੀਆਂ ਬੇੜੀਆਂ/ਸੰਗਲਾਂ ਦੇ ਉਹ ਗਹਿਣੇ ਹਨ, ਜੋ ਸਮਾਜ ਨੂੰ ਜਿੰਮੇਵਾਰੀਆਂ ਰੂਪੀ ਮੋਹ ਦੀ ਫਾਹੀ ਵਿੱਚ ਬੰਨ੍ਹ ਲੈਂਦੇ ਹਨ। ਨਾ ਤਾਂ ਇਹ ਸੰਗਲ (ਜਿੰਮੇਵਾਰੀਆਂ ਦੇ ਬੋਝ) ਟੁੱਟਦੇ ਹਨ ਅਤੇ ਨਾ ਹੀ ਜੀਵ ਦੀ ਖਲਾਸੀ ਹੁੰਦੀ ਹੈ। ਇੱਥੇ ਧਰਮ (ਮਜ਼ਹਬ) ਦੇ ਨਿਯਮਾਂ ਲਈ ਲੋਹੇ ਦੇ ਗਹਿਣਿਆਂ ਨੂੰ ਪ੍ਰਤੀਕ ਵਜੋਂ ਵਰਤਿਆ ਹੈ, ਜੋ ਮਨੁੱਖ ਲਈ ਸ਼ਰੀਰਿਕ ਅਤੇ ਮਾਨਸਿਕ ਦੋਵੇਂ ਪ੍ਰਕਾਰ ਦੀ ਗੁਲਾਮੀ ਦਾ ਪ੍ਰਤੀਕ ਹਨ। ਹਾਲਾਂਕਿ ਧਰਮ ਗੁਲਾਮੀ ਨਹੀਂ ਸਿਖਾਉਂਦਾ, ਬਲਕਿ ਨਿਡੱਕ ਹੋ ਜੀਵਨ ਜਿਊਣ ਲਈ ਪ੍ਰੇਰਣਾ ਕਰਦਾ ਹੈ। ਪਰ ਸੱਚੋਂ ਊਣਾ ਧਰਮ ਮਨੁੱਖ ਨੂੰ ਸ਼ਰੀਰਿਕ ਅਤੇ ਮਾਨਸਿਕ ਦੋਵੇਂ ਪੱਧਰ 'ਤੇ ਗੁਲਾਮੀ ਲਈ ਮਜ਼ਬੂਰ ਕਰ ਦਿੰਦਾ ਹੈ। ਇਤਿਹਾਸ ਵਿੱਚ ਇਸ ਦੇ ਪ੍ਰਮਾਣ ਵੀ ਦੇਖੇ ਜਾ ਸਕਦੇ ਹਨ। ਸਮਾਜਕ ਨਿਜ਼ਾਮ ਦਾ ਦਵੰਦ ਇਹੀ ਹੈ ਕਿ ਅਸਲ ਧਰਮ (ਸੱਚ) ਦੀ ਪਛਾਣ ਨਾ ਕਰਦਾ ਹੋਇਆ, ਮਜ਼ਹਬ ਦੇ ਨਾਮ 'ਤੇ ਝਗੜੇ ਛੇੜ ਲੈਂਦਾ ਹੈ। ਇਹ ਝਗੜੇ ਅਤੇ ਮਜ਼ਹਬ ਦੇ ਪੈਟਰਨ (ਰੀਤਾਂ-ਰਸਮਾਂ ਅਤੇ ਪੂਜਾ-ਅਰਚਨਾਵਾਂ) ਦਾ ਬੋਝ ਮਨੁੱਖ ਉਮਰ ਭਰ ਢੋਂਦਾ ਹੈ। ਕਈ ਤਾਂ ਇਹ ਬੋਝ ਬੜੇ ਉਤਸ਼ਾਹ ਨਾਲ ਚੁੱਕਦੇ ਹਨ ਪਰ ਕਈਆਂ ਨੂੰ ਮਜ਼ਬੂਰੀ ਵੱਸ ਉਮਰ ਭਰ ਇਹ ਬੋਝ ਢੋਣਾ ਪੈਂਦਾ ਹੈ। ਕਿਉਂਕਿ ਸਮਾਜਕ ਪੈਟਰਨ ਵਿੱਚ ਰਹਿੰਦਿਆਂ ਮਜ਼ਹਬ ਦੇ ਅਕੀਦੇ ਦਾ ਪਾਲਣ ਜਰੂਰੀ ਹੋ ਜਾਂਦਾ ਹੈ। ਜੇਕਰ ਇਹ ਪਾਲਣ ਨਾ ਕੀਤਾ ਜਾਵੇ ਤਾਂ ਸਮਾਜਕ, ਰਾਜਨੀਤਿਕ, ਆਰਥਕ ਅਤੇ ਧਾਰਮਕ ਦੰਡ ਵਿਧਾਨ ਸਾਰੇ ਲਾਗੂ ਹੋ ਜਾਂਦੇ ਹਨ। ਸਮਾਜਕ ਨਿਜ਼ਾਮ ਦਾ ਹਿੱਸਾ ਬਣਿਆਂ ਮਜ਼ਹਬ ਦਾ ਇਹ ਭਾਰ ਹਰ ਹਾਲ ਮਨੁੱਖ ਨੂੰ ਢੋਣਾ ਹੀ ਪੈਂਦਾ ਹੈ। ਇੱਥੇ ਧਰਮ

---

[8] ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਵਾਰ ਆਸਾ ਮ: 1, ਪੰਨਾ: 465.

[9] ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਗਉੜੀ ਕਬੀਰ ਜੀ, ਪੰਨਾ: 329.

(ਮਜ਼ਹਬ) ਦੇ ਅਕੀਦਿਆਂ ਨੂੰ ਕਬੀਰ ਸਾਹਿਬ ਮਾਇਆ ਰੂਪ ਸੱਪ ਨਾਲ ਤੁਲਨਾ ਦਿੰਦੇ ਹਨ, ਕਿਉਂ ਜੋ ਇਹ ਸੱਚ (ਧਰਮ) ਦਾ ਮਾਰਗ ਛੱਡ ਮਨੁੱਖ ਨੂੰ ਕਮਜ਼ੋਰ, ਡਰਪੋਕ ਅਤੇ ਕਰਮਕਾਂਡੀ ਬਣਾ ਦਿੰਦਾ ਹੈ। ਦੂਜਾ ਰਸਤਾ ਸੱਚ ਦੇ ਪਰਵਾਨਿਆਂ ਦਾ ਹੈ, ਜੋ ਅਸਲ ਧਰਮ ਦੀ ਪਛਾਣ ਕਰਕੇ ਸੱਚ ਤੱਕ ਪਹੁੰਚ ਸਥਾਪਤ ਕਰ ਲੈਂਦੇ ਹਨ। ਇਨ੍ਹਾਂ ਦੋਹਾਂ ਪਰਸਥਿਤੀਆਂ ਨੂੰ ਕਬੀਰ ਜੀ ਹੇਠ ਦਿੱਤੇ ਮੈਟਾਫਰਾਂ ਰਾਹੀਂ ਇੰਝ ਪੇਸ਼ ਕਰਦੇ ਹਨ:-

**ਚਾਰਿ ਪਾਵ ਦੁਇ ਸਿੰਗ ਗੁੰਗ ਮੁਖ ਤਬ ਕੈਸੇ ਗੁਨ ਗਈ ਹੈ॥**
**ਊਠਤ ਬੈਠਤ ਠੇਗਾ ਪਰਿ ਹੈ ਤਬ ਕਤ ਮੂੰਡ ਲੁਕਈ ਹੈ॥**
**ਹਰਿ ਬਿਨੁ ਬੈਲ ਬਿਰਾਨੇ ਹੁਈ ਹੈ॥ ਫਾਟੇ ਨਾਕਨ ਟੂਟੇ ਕਾਧਨ ਕੋਦਉ ਕਉ ਭੁਸੁ ਖਈ ਹੈ॥1॥ਰਹਾਉ॥**[10]

**ਕਬੀਰ ਜਿਹ ਮਾਰਗਿ ਪੰਡਿਤ ਗਏ ਪਾਛੈ ਪਰੀ ਬਹੀਰ॥**
**ਇਕ ਅਵਘਟ ਘਾਟੀ ਰਾਮ ਕੀ ਤਿਹ ਚੜਿ ਰਹਿਓ ਕਬੀਰ॥165॥**[11]

ਪਹਿਲੇ ਦ੍ਰਿਸ਼ਟਾਂਤ ਵਿੱਚ ਉਸ ਮਨੁੱਖ ਦਾ ਜ਼ਿਕਰ ਹੈ, ਜੋ ਸਮਾਜਕ ਨਿਜ਼ਾਮ ਵਿੱਚ ਬੱਝਾ ਹੋਇਆ ਹੈ ਅਤੇ ਧਰਮ (ਮਜ਼ਹਬ) ਉਸ ਲਈ ਫਾਹੀ ਵਾਂਗ ਕੰਮ ਕਰਦਾ ਹੈ। ਮਨੁੱਖ ਦੀ ਹਾਲਤ ਉਸ ਬਲਦ ਵਰਗੀ ਹੈ, ਜਿਸ ਨੂੰ ਉੱਠਦੇ-ਬੈਠਦੇ ਨੂੰ ਡਾਂਗ ਵਰ੍ਹਦੀ ਹੈ। ਪਰੰਤੂ ਉਸ ਨੂੰ ਸਮਾਜ ਵਿੱਚ ਰਹਿੰਦਿਆਂ ਜਿੰਮੇਵਾਰੀਆਂ (ਸਮਾਜਕ, ਧਾਰਮਕ, ਰਾਜਨੀਤਿਕ ਅਤੇ ਆਰਥਕ) ਦਾ ਬੋਝ ਚੁੱਕਣਾ ਪੈਂਦਾ ਹੈ। ਦੂਜਾ ਦ੍ਰਿਸ਼ਟਾਂਤ ਉਸ ਮਨੁੱਖ ਦਾ ਹੈ, ਜੋ ਰੌਸ਼ਨ ਬੌਧਿਕਤਾ ਦਾ ਮਾਲਕ ਹੈ, ਉਹ ਸਮਾਜਕ ਨਿਜ਼ਾਮ ਵਿੱਚ ਰਹਿੰਦਾ ਹੋਇਆ ਵੀ ਨਿਰਭੈਤਾ ਨਾਲ ਜੀਵਨ ਬਿਤਾਉਂਦਾ ਹੈ। ਅਜਿਹਾ ਮਨੁੱਖ ਧਰਮ ਦੇ ਅਸਲ ਮਾਇਨੇ ਦੀ ਪਛਾਣ ਕਰ ਲੈਂਦਾ ਹੈ ਅਤੇ ਦਿਖਾਵੇ ਅਤੇ ਕਰਮਕਾਂਡ ਤੋਂ ਪਾਸਾ ਵੱਟ ਜਾਂਦਾ ਹੈ। ਇਸ ਗੱਲ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਅਜਿਹੇ ਮਨੁੱਖ ਸਮਾਜਕ ਨਿਜ਼ਾਮ ਅੰਦਰ ਬਾਗੀ ਅਖਵਾਉਂਦੇ ਹਨ ਅਤੇ ਉਨ੍ਹਾਂ ਦੀ ਜ਼ਿੰਦਗੀ ਆਮ ਬੰਦੇ ਨਾਲੋਂ ਜਿਆਦਾ ਖਤਰੇ ਵਿੱਚ ਰਹਿੰਦੀ ਹੈ। ਕਿਉਂਕਿ ਹਾਕਮ ਜਮਾਤ ਅਜਿਹੇ ਮਨੁੱਖਾਂ ਨੂੰ ਬਿਲਕੁਲ ਪਸੰਦ ਨਹੀਂ ਕਰਦੀ, ਜੋ ਹਕੂਮਤ ਨਾਲ ਅੱਖ ਮਿਲਾ ਕੇ ਗੱਲ ਕਰਦੇ ਹਨ। ਪਰੰਤੂ ਧਰਮ ਦੀ ਅਸਲ ਪਛਾਣ ਮਜ਼ਹਬ ਦੇ ਨਾਮ 'ਤੇ ਝਗੜਣ ਵਿੱਚ ਨਹੀਂ ਬਲਕਿ ਮਨੁੱਖਤਾ ਵਿੱਚ ਪਰਮ ਸੱਤ ਨੂੰ ਅਨੁਭਵ ਕਰਨ ਵਿੱਚ ਹੈ। ਇਹੀ ਉਹ ਰਾਹ ਹੈ, ਜੋ ਮਨੁੱਖ ਨੂੰ ਅਸਲ ਧਰਮ ਨਾਲ ਜੋੜਦਾ ਹੈ।

ਉਪਰੋਕਤ ਚਰਚਾ ਤੋਂ ਦੋ ਤੱਥ ਉਭਰ ਕੇ ਸਾਹਮਣੇ ਆਉਂਦੇ ਹਨ, ਪਹਿਲਾ ਇਹ ਕਿ ਧਰਮ (ਸੱਚ) ਉਹ ਨਿਯਮ ਹੈ, ਜੋ ਸੰਸਾਰ ਵਿੱਚ ਜੀਵਨ ਲਈ ਰਾਹ ਖੋਲ੍ਹਦਾ ਹੈ। ਸੰਸਾਰ ਦਾ ਸਾਰਾ ਵਰਤਾਰਾ ਹੀ ਧਰਮ ਕਰਕੇ ਹੈ, ਕਿਉਂਕਿ ਧਰਮ ਹੀ ਸੰਸਾਰ ਰੂਪੀ ਕਾਰਜ ਦਾ ਮੂਲ ਕਾਰਨ ਹੈ। ਗੁਰਬਾਣੀ ਇਸੇ ਧਰਮ ਨੂੰ ਸੱਚ, ਨਿਯਮ, ਭੈ ਜਾਂ ਹੁਕਮ ਦੇ ਰੂਪ ਵਿੱਚ ਪ੍ਰਤੀਪਾਦਨ ਕਰਦੀ ਹੈ। ਜੇਕਰ ਇਸ ਤੱਥ ਨੂੰ ਹੋਰ ਵੀ ਗਹਿਰਾਈ ਵਿੱਚ ਸਮਝਣਾ ਹੋਵੇ ਤਾਂ ਜਪੁਜੀ ਸਾਹਿਬ ਦੀ ਬਾਣੀ ਵਿੱਚ ਦੇਖਿਆ ਜਾ ਸਕਦਾ ਹੈ। ਗੁਰੂ ਸਾਹਿਬ ਨੇ ਜਿੱਥੇ ਪੰਜਾਂ ਖੰਡਾਂ ਦਾ ਜ਼ਿਕਰ ਕੀਤਾ ਹੈ, ਉੱਥੇ ਪਹਿਲਾ ਖੰਡ ਹੀ ਧਰਮ ਖੰਡ ਹੈ। ਇਸ ਨੂੰ ਗੁਰੂ ਨਾਨਕ ਸਾਹਿਬ ਇੰਝ ਬਿਆਨ ਕਰਦੇ ਹਨ:-

**ਰਾਤੀ ਰੁਤੀ ਥਿਤੀ ਵਾਰ॥ ਪਵਣ ਪਾਣੀ ਅਗਨੀ ਪਾਤਾਲ॥**
**ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥**

---

[10] ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਰਾਗੁ ਗੂਜਰੀ, ਭਗਤ ਕਬੀਰ ਜੀ, ਪੰਨਾ: 524

[11] ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸਲੋਕ ਕਬੀਰ ਜੀ ਕੇ, ਪੰਨਾ: 1373

**ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥ ਤਿਨ ਕੇ ਨਾਮ ਅਨੇਕ ਅਨੰਤ॥**
**ਕਰਮੀ ਕਰਮੀ ਹੋਇ ਵੀਚਾਰੁ॥ ਸਚਾ ਆਪਿ ਸਚਾ ਦਰਬਾਰੁ॥**
**ਤਿਥੈ ਸੋਹਨਿ ਪੰਚ ਪਰਵਾਣੁ॥ ਨਦਰੀ ਕਰਮਿ ਪਵੈ ਨੀਸਾਣੁ॥**
**ਕਚ ਪਕਾਈ ਓਥੈ ਪਾਇ॥ ਨਾਨਕ ਗਇਆ ਜਾਪੈ ਜਾਇ॥34॥**[12]

ਇੱਥੇ ਸਭ ਤੋਂ ਪਹਿਲਾਂ ਇਹ ਸਮਝਣ ਦੀ ਲੋੜ ਹੈ ਕਿ ਧਰਮਖੰਡ ਹੈ ਕੀ? ਖੰਡ ਦਾ ਅਰਥ ਹੈ ਹਿੱਸਾ, ਭਾਵ- ਧਰਮ ਦਾ ਹਿੱਸਾ ਜਾਂ ਧਰਮ ਦਾ ਦਾਇਰਾ। ਪਉੜੀ ਦਾ ਆਰੰਭ ਕੁਦਰਤ ਤੋਂ ਹੁੰਦਾ ਹੈ, 'ਰਾਤਾਂ, ਰੁੱਤਾਂ, ਤਿੱਥ (ਤਰੀਕ) ਅਤੇ ਵਾਰ (ਦਿਨ)', 'ਪਵਣ, ਪਾਣੀ, ਅਗਨੀ ਅਤੇ ਪਾਤਾਲ' ਇਹ ਸਾਮੱਗਰੀ ਹੈ, ਜਿਸ ਦੀ ਅਨੁਕੂਲਤਾ ਵਿੱਚ ਧਰਮ ਰੂਪ ਧਰਤੀ, ਜੀਵਨ ਰੂਪੀ ਸੱਤਾ ਗ੍ਰਹਿਣ ਕਰਦੀ ਹੈ। ਲਫ਼ਜ਼ 'ਧਰਮਸ਼ਾਲ' ਤੋਂ ਭਾਵ ਧਰਮ ਕਮਾਉਣ ਦੀ ਥਾਂ ਤੋਂ ਹੈ। ਮੁੱਖ ਰੂਪ ਵਿੱਚ ਧਰਤੀ ਆਪ ਹੀ ਧਰਮ ਰੂਪ ਧਰਮਸ਼ਾਲਾ ਹੈ, ਜਿੱਥੇ ਜੀਵ ਨੇ ਪੈਦਾ ਹੋ ਕੇ ਜੀਵਨ ਰੂਪੀ ਖੇਡ ਖੇਡਣੀ ਹੈ। ਜੀਵ ਦੇ ਜਨਮ ਤੋਂ ਪਹਿਲਾ ਹੀ ਕੁਦਰਤ ਨੇ ਉਸ ਲਈ ਅਨੁਕੂਲ ਪ੍ਰਸਥਿਤੀਆਂ ਪੈਦਾ ਕਰ ਦਿੱਤੀਆਂ। ਇਹ ਰਾਤਾਂ, ਰੁੱਤਾਂ, ਦਿਨ, ਵਾਰ, ਅਗਨੀ, ਪਾਣੀ, ਹਵਾ ਅਤੇ ਆਕਾਸ਼-ਪਾਤਾਲ ਆਦਿਕ ਸਭ ਕਾਸੇ ਦੀ ਅਨੁਕੂਲਤਾ ਕਾਰਨ ਹੀ ਧਰਤੀ 'ਤੇ ਜੀਵਨ ਦੀ ਖੇਡ ਸ਼ੁਰੂ ਹੋਈ। ਸੋ, ਧਰਤੀ, ਧਰਮ ਅਤੇ ਧਰਮਸ਼ਾਲਾ ਸਾਰੇ ਇੱਕ ਦੂਜੇ ਦੇ ਪੂਰਕ ਅਤੇ ਗਿਆਨ ਬੋਧਕ ਸ਼ਬਦ ਹਨ। ਸਾਰੀਆਂ ਲੋੜਾਂ ਦੀ ਪੂਰਤੀ ਤੋਂ ਬਾਅਦ, "**ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥ ਤਿਨ ਕੇ ਨਾਮ ਅਨੇਕ ਅਨੰਤ॥**" ਅਨੇਕਾਂ ਰੰਗਾਂ-ਰੂਪਾਂ ਦੇ ਜੀਵ ਅਤੇ ਅਨੇਕਾਂ ਹੀ ਉਨ੍ਹਾਂ ਦੇ ਨਾਮ, ਇਹ ਸਾਰੇ ਮੈਟਾਫਰ ਧਰਮ ਦੀ ਵਿਆਖਿਆ ਕਰਦੇ ਹਨ। ਧਰਤੀ 'ਤੇ ਪੈਦਾ ਹੋ ਕੇ ਜੀਵਨ ਰੂਪੀ ਖੇਡ ਖੇਡਣਾ, ਅਸਲ ਵਿੱਚ ਇਹੀ ਧਰਮ ਹੈ ਜਿਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਜਿਹੜਾ ਵੀ ਜੀਵਿਤ ਪ੍ਰਾਣੀ ਆਪਣਾ ਜੀਵਨ ਬਤੀਤ ਕਰਦਾ ਹੈ, ਉਹ ਧਰਮ ਦੇ ਦਾਇਰੇ ਵਿੱਚ ਸ਼ਾਮਲ ਹੈ। ਅਗਲਾ ਵਾਕ, "**ਕਰਮੀ ਕਰਮੀ ਹੋਇ ਵੀਚਾਰੁ॥ ਸਚਾ ਆਪਿ ਸਚਾ ਦਰਬਾਰੁ॥**" ਹੁਣ ਗੁਰੂ ਨਾਨਕ ਸਾਹਿਬ ਕਹਿਣਾ ਇਹ ਚਾਹੁੰਦੇ ਨੇ ਕਿ ਹਰ ਉਹ ਜੀਵ ਜੋ ਧਰਤੀ 'ਤੇ ਪੈਦਾ ਹੁੰਦਾ ਹੈ, ਧਰਮ ਦੇ ਨਿਯਮ ਵਿੱਚ ਬੱਝ ਕੇ ਹੀ ਪੈਦਾ ਹੁੰਦਾ ਹੈ। ਇਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ, ਕਿਉਂਕਿ ਧਰਤੀ ਖੁਦ ਹੀ ਧਰਮ ਕਮਾਉਣ ਦੀ ਥਾਂ ਹੈ। ਧਰਮ ਕਮਾਇਆ ਕਿਵੇਂ ਜਾਵੈ? ਅਗਲੇ ਖੰਡ ਉਸੇ ਦੀ ਪੇਸ਼ਕਾਰੀ ਕਰਦੇ ਹਨ। ਪਰ ਮਜ਼ਹਬ ਨੂੰ ਧਰਮ ਮੰਨ ਕੇ ਧਰਮ (ਮਜ਼ਹਬ) ਦੇ ਨਾਮ 'ਤੇ ਲੜਨ ਵਾਲੇ ਸੱਚੋਂ ਕੋਰੇ ਹਨ, ਉਨ੍ਹਾਂ ਦੇ ਝਗੜੇ ਕੇਵਲ ਸੱਤਾ ਹਥਿਆਉਣ ਦਾ ਵਸੀਲਾ ਹਨ। ਅਸਲ ਧਰਮ ਤੋਂ ਕੋਰੇ ਮਨੁੱਖ ਭਰਮ ਵੱਸ ਟੱਕਰਾਂ ਮਾਰਦੇ ਫਿਰਦੇ ਨੇ। ਅਸਲ ਤੱਥ ਤਾਂ ਇਹ ਹੈ ਕਿ ਇਹੀ ਜੀਵਨ ਜੋ ਧਰਤੀ 'ਤੇ ਸਾਨੂੰ ਮਿਲਿਆ ਹੈ, ਧਰਮਖੰਡ ਹੈ। ਦੂਜਾ ਪੜਾਅ ਗਿਆਨ ਹੈ। ਧਰਤੀ 'ਤੇ ਪੈਦਾ ਹੋ ਕੇ ਮਨੁੱਖ ਪਹਿਲਾਂ ਗਿਆਨ ਅਰਜਿਤ ਕਰਦਾ ਹੈ, ਗਿਆਨ ਅਰਜਿਤ ਕਰਨ ਦੀ ਇਸ ਪ੍ਰਕ੍ਰਿਆ ਦਾ ਨਾਮ ਗਿਆਨ ਖੰਡ ਹੈ। 'ਸਰਮ' ਦਾ ਅਰਥ ਹੈ ਉੱਦਮ, ਗਿਆਨ ਹਾਸਲ ਕਰਨ ਉਪਰੰਤ ਮਨੁੱਖ ਸਮਾਜਕ ਨਿਜ਼ਾਮ ਅੰਦਰ ਵਿਚਰਦਾ ਅਤੇ ਆਪਣਾ ਯੋਗਦਾਨ ਅਦਾ ਕਰਦਾ ਹੈ। ਉੱਦਮ ਦੀ ਇਹ ਅਵਸਥਾ 'ਸਰਮਖੰਡ' ਹੈ। ਇਹ ਤਿੰਨੇ ਖੰਡ ਹਰੇਕ ਮਨੁੱਖ ਦੀ ਜਿੰਦਗੀ ਦਾ ਅਹਿਮ ਅਤੇ ਨਾ-ਨਕਾਰਨਯੋਗ ਹਿੱਸਾ ਹਨ। ਫੇਰ ਨਿਰਭਰ ਕਰਦਾ ਹੈ ਕਿ ਅਸੀਂ ਪ੍ਰਾਪਤ ਕੀਤੇ ਗਿਆਨ ਨੂੰ ਜੀਵਨ ਦੇ ਅਨੁਭਵ ਰਾਹੀਂ ਪ੍ਰਗਟ ਕਰਦੇ ਹਾਂ ਜਾਂ ਫੇਰ ਇਹ ਗਿਆਨ ਕੇਵਲ ਸ਼ਬਦਾਂ ਤੱਕ ਹੀ ਸੀਮਿਤ ਰਹਿੰਦਾ ਹੈ। ਗਿਆਨ ਪ੍ਰਾਪਤੀ ਤੋਂ ਬਾਅਦ ਦਾ ਜੀਵਨ ਮਨੁੱਖੀ ਜਿੰਦਗੀ ਅੰਦਰ ਕਈ ਪ੍ਰਕਾਰ ਦੇ ਅਨੁਭਵਾਂ ਦਾ ਅਹਿਸਾਸ ਕਰਵਾਉਂਦਾ ਹੈ। ਇਹੀ ਅਨੁਭਵ ਮਨੁੱਖ ਨੂੰ ਉਸ ਦੀ ਕਚਿਆਈ ਜਾਂ ਪਕਿਆਈ ਤੋਂ ਆਗਾਹ ਕਰਵਾਉਂਦੇ ਹਨ। ਹੁਣ ਫੇਰ ਪੜ੍ਹ ਕੇ ਦੇਖਦੇ ਹਾਂ:- "**ਕਰਮੀ ਕਰਮੀ ਹੋਇ ਵੀਚਾਰੁ॥**

[12] ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜਪੁ, ਪੰਨਾ: 07.

**ਸਚਾ ਆਪਿ ਸਚਾ ਦਰਬਾਰੁ॥**" "**ਕਚ ਪਕਾਈ ਓਥੈ ਪਾਇ॥ ਨਾਨਕ ਗਇਆ ਜਾਪੈ ਜਾਇ॥**" ਮਨੁੱਖ ਦੇ ਕਰਮਾਂ ਤੋਂ ਪਤਾ ਚੱਲਦਾ ਹੈ ਕਿ, ਉਹ ਧਰਮ ਕਮਾਉਣ ਦੇ ਯੋਗ ਹੈ ਜਾਂ ਨਹੀਂ, ਉਸ ਦੀ ਕੱਚਿਆਈ ਅਤੇ ਪਕਿਆਈ ਦਾ ਅਹਿਸਾਸ ਉਸ ਦੇ ਕਰਮਾਂ ਤੋਂ ਹੁੰਦਾ ਹੈ ਅਤੇ ਇਹੀ ਕਰਮ ਉਸ ਦੇ ਧਰਮੀ ਜਾਂ ਅਧਰਮੀ ਹੋਣ ਦਾ ਨਿਰਣਾ ਕਰਦੇ ਹਨ। ਅਗਲੀ ਪਉੜੀ ਦੀ ਸ਼ੁਰੂਆਤ ਵਿੱਚ ਫੇਰ ਜ਼ੋਰ ਦੇ ਕੇ ਇਹੀ ਗੱਲ ਆਖਦੇ ਹਨ ਕਿ:-

**ਧਰਮ ਖੰਡ ਕਾ ਏਹੋ ਧਰਮੁ॥ ਗਿਆਨ ਖੰਡ ਕਾ ਆਖਹੁ ਕਰਮੁ॥**[13]

ਇਹੀ ਜੋ ਉੱਪਰ ਵਿਚਾਰਿਆ ਗਿਆ ਹੈ, ਅਸਲ ਧਰਮ ਹੈ, ਕਿ ਕੋਈ ਵੀ ਮਨੁੱਖ ਧਰਮ ਤੋਂ ਅਛੂਤਾ ਨਹੀਂ ਰਹਿ ਸਕਦਾ। ਜੋ ਵੀ ਜੀਵ ਸੰਸਾਰ ਵਿੱਚ ਉਤਪੰਨ ਹੋਇਆ ਹੈ, ਉਹ ਧਰਮਖੰਡ ਵਿੱਚ ਪ੍ਰਵੇਸ਼ ਕਰ ਜਾਂਦਾ ਹੈ। ਇਹੀ ਧਰਮ ਖੰਡ ਦਾ ਨਿਯਮ (ਧਰਮ) ਹੈ। ਗਿਆਨ ਪ੍ਰਾਪਤੀ ਦਾ ਪਤਾ ਮਨੁੱਖ ਦੇ ਕਰਮਾਂ ਤੋਂ ਲੱਗਦਾ ਹੈ, ਕਰਮ ਚੰਗੇ ਹੋਣ ਤਾਂ ਹੀ ਮਨੁੱਖ ਗਿਆਨਵਾਨ ਅਖਵਾਉਂਦਾ ਹੈ ਅਤੇ ਕਰਮਾਂ ਅਨੁਸਾਰ ਹੀ ਸੰਸਾਰ ਵਿੱਚ ਦੁੱਖਾਂ-ਸੁੱਖਾਂ ਦਾ ਭੋਗ ਕਰਦਾ ਹੈ। ਇਸੇ ਗੱਲ ਉੱਪਰ ਗੁਰੂ ਅਰਜਨ ਸਾਹਿਬ ਮੁਹਰ ਲਗਾਉਂਦੇ ਹੋਏ ਬਚਨ ਕਰਦੇ ਹਨ:-

**ਸਰਬ ਧਰਮ ਮਹਿ ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥**[14]

ਧਰਮ ਦੀਆਂ ਸਾਰੀਆਂ ਵਿਆਖਿਆਵਾਂ ਵਿੱਚੋਂ ਉਹੀ ਉੱਤਮ ਹੈ, ਜੋ ਮਨੁੱਖ ਨੂੰ ਸੱਚ (ਧਰਮ) ਨਾਲ ਜੋੜਣ ਦਾ ਉਪਰਾਲਾ ਕਰੇ ਅਤੇ ਨਿਰਮਲ ਕਰਮਾਂ ਦਾ ਗਿਆਨ ਦੇਵੇ। ਉਪਰੋਕਤ ਹਵਾਲਾ, ਪਹਿਲੇ ਖਿਆਲ ਉੱਪਰ ਮੁਹਰ ਲਗਾਉਂਦਾ ਹੈ ਕਿ, ਸੱਚ ਪ੍ਰਮੇਸ਼ਰ ਦਾ ਨਾਮ, ਉਸ ਦੀ ਸੱਤਾ, ਅਤੇ ਗਿਆਨ ਦੀ ਸਹਾਇਤਾ ਨਾਲ ਕੀਤੇ ਨਿਰਮਲ ਕਰਮ ਹੀ ਅਸਲ ਧਰਮੀ ਦੇ ਲੱਛਣ ਹਨ।

ਦੂਜਾ ਤੱਥ ਇਹ ਹੈ ਕਿ ਧਰਮ ਦਾ ਦਾਇਰਾ ਐਨਾ ਵਿਸ਼ਾਲ ਹੈ ਕਿ, ਇਸ ਨੂੰ ਕਿਸੇ ਇੱਕ ਵਿਸ਼ੇਸ਼ ਪਰਿਭਾਸ਼ਾ ਵਿੱਚ ਬੰਨ੍ਹਣਾ ਮੂਲੋਂ ਅਸੰਭਵ ਕਾਰਜ ਹੈ। ਇਹੀ ਧਰਮ ਦੀ ਖੂਬਸੂਰਤੀ ਵੀ ਹੈ ਕਿ ਇਸ ਦੇ ਅੰਦਰ ਹਮੇਸ਼ਾਂ ਹੀ ਨਵਾਂਪਣ ਰਹਿੰਦਾ ਹੈ। ਪਰੰਤੂ ਇਹ ਦੋ-ਧਾਰੀ ਤਲਵਾਰ ਵਾਂਗ ਕੰਮ ਕਰਦਾ ਹੈ, ਜੇਕਰ ਧਰਮ ਆਪਣਾ ਮੂਲ ਗਵਾ ਦੇਵੇ ਤਾਂ ਇਹ ਅਨੇਕਾਂ ਕਿਸਮਾਂ ਦੇ ਮਜ਼ਹਬਾਂ, ਸੰਸਕਾਰਾਂ ਅਤੇ ਗ਼ੈਰ-ਜਰੂਰੀ ਨਿਯਮਾਂ ਦਾ ਧਾਰਣੀ ਬਣ ਜਾਂਦਾ ਹੈ। ਇਹ ਨਿਯਮ ਬਹੁਤੀ ਵਾਰੀ ਸਾਰਥਕ ਨਾ ਹੋ ਕੇ, ਸਮਾਜਕ ਨਿਜ਼ਾਮ ਲਈ ਲੋਹੇ ਦੇ ਸੰਗਲ ਜਾਂ ਜ਼ੰਜ਼ੀਰਾਂ ਬਣ ਜਾਂਦੇ ਹਨ। ਇਹ ਜ਼ੰਜ਼ੀਰਾਂ ਆਮ ਤੌਰ 'ਤੇ ਕਾਮ, ਕ੍ਰੋਧ, ਲੋਭ, ਮੋਹ ਦੀਆਂ ਅਜਿਹੀਆਂ ਤੰਦਾਂ ਹੁੰਦੀਆਂ ਹਨ, ਜਿਨ੍ਹਾਂ ਵਿੱਚ ਫਸ ਕੇ ਮਨੁੱਖ ਦੀ ਆਪਣੀ ਕੋਈ ਆਜ਼ਾਦ ਹਸਤੀ ਨਹੀਂ ਬੱਚਦੀ। ਜੀਵ ਸ਼ਰੀਰਿਕ ਤੇ ਮਾਨਸਿਕ ਪੱਧਰ 'ਤੇ ਗੁਲਾਮੀ ਕਬੂਲ ਕਰਦਾ ਹੋਇਆ ਭਟਕਣਾ ਦਾ ਸ਼ਿਕਾਰ ਹੋ ਜਾਂਦਾ ਹੈ। ਇਹ ਭਟਕਣਾ ਫੇਰ ਉਦੋਂ ਤੱਕ ਸਮਾਪਤ ਨਹੀਂ ਹੁੰਦੀ ਜਦੋਂ ਤੱਕ ਗਿਆਨ ਦੀ ਪ੍ਰਾਪਤੀ ਰਾਹੀਂ ਅਸਲ ਧਰਮ ਦੀ ਸੋਝੀ ਨਾ ਹੋਵੇ। ਬਹੁਤੀ ਵਾਰ ਸੱਤਾ ਦੇ ਲੋਭੀ, ਸੰਸਕਾਰਾਂ ਦੀ ਆੜ ਵਿੱਚ ਆਪੋ-ਆਪਣੇ ਲਾਹੇ ਖੱਟਣ ਲੱਗ ਪੈਂਦੇ ਹਨ। ਸਮਾਜਕ ਨਿਜ਼ਾਮ ਅਜਿਹੇ ਚੱਕਰ ਦੀ ਸਿਰਜਣਾ ਕਰ ਲੈਂਦਾ ਹੈ ਜਿਸ ਵਿੱਚ ਪੂਜਾ-ਅਰਚਨਾਵਾਂ, ਜੰਤਰ-ਮੰਤਰ, ਜਪ-ਪਾਠ, ਅਨੇਕਾਂ ਪ੍ਰਕਾਰ ਦੇ ਕਰਮਕਾਂਡਾਂ ਅਤੇ ਨਿਯਮਾਂ (ਕਰਨ/ਨਾ-ਕਰਨਯੋਗ ਕੰਮਾਂ) ਦੀ ਤਾਂ ਭਰਮਾਰ ਰਹਿੰਦੀ ਹੈ ਪਰੰਤੂ ਸੱਚ (ਧਰਮ) ਦਾ ਲੋਪ ਹੋ ਜਾਂਦਾ ਹੈ। ਵਰਤਮਾਨ ਸਮਾਜਕ ਨਿਜ਼ਾਮ ਅਜਿਹੀ ਹੀ ਵਿਡੰਬਣਾ ਦਾ ਸ਼ਿਕਾਰ ਹੈ। ਜਿੱਥੇ ਹਰ ਸ਼ੈਅ ਬਸ ਲੋਕ ਦਿਖਾਵੇ ਅਤੇ ਨਿੱਜੀ ਲਾਹਿਆਂ ਹਿੱਤ ਹੀ ਵਰਤੀ ਜਾ ਰਹੀ ਹੈ। ਮੌਜੂਦਾ ਸਮਾਜਕ

---

[13] ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜਪੁ, ਪੰਨਾ: 07.

[14] ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਗਉੜੀ ਸੁਖਮਨੀ ਮ: 5, ਪੰਨਾ: 266.

ਨਿਜ਼ਾਮ ਵੱਡੀ ਮਾਤਰਾ ਵਿੱਚ ਧਰਮੀ ਹੈ ਪਰ ਧਰਮ ਦੇ ਅਸਲ ਮਾਇਨਿਆਂ ਤੋਂ ਕੋਹਾਂ ਦੂਰ ਹੈ। ਧਰਮ, ਸਮਾਜਕ ਨਿਜ਼ਾਮ ਵਿੱਚੋਂ ਆਪਣਾ ਅਸਲ ਮੰਤਵ ਬਿਲਕੁੱਲ ਗਵਾ ਚੁੱਕਾ ਹੈ। ਧਰਮ ਦਾ ਨਾਮ ਕੇਵਲ ਸਮਾਜਕ, ਰਾਜਨੀਤਿਕ, ਆਰਥਕ ਅਤੇ ਧਾਰਮਕ (ਮਜ਼ਹਬ) ਲਾਹਿਆਂ ਲਈ ਵਰਤਿਆ ਜਾ ਰਿਹਾ ਹੈ। ਧਾਰਮਕ ਸਥਾਨਾਂ ਨੂੰ ਲੋਕ ਚਮਤਕਾਰ ਅਤੇ ਜਾਦੂ ਦੇ ਅੱਡੇ ਬਣਾਈ ਬੈਠੇ ਹਨ ਅਤੇ ਮਨ ਇੱਛਿਤ ਫਲਾਂ ਦਾ ਲਾਲਚ ਦੇ ਕੇ, ਲੋਕਾਂ ਕੋਲੋਂ ਭੇਟਾਵਾਂ ਇਕੱਠੀਆਂ ਕਰ ਰਹੇ ਹਨ। ਧਰਮ ਜਦੋਂ ਕਿਸੇ ਸੰਗਠਨ ਜਾਂ ਨਿਜ਼ਾਮ ਨਾਲ ਜੁੜਦਾ ਹੈ ਤਾਂ ਇਸ ਦੀਆਂ ਅਨੇਕ ਪ੍ਰਕਾਰ ਦੀਆਂ ਕਿਸਮਾਂ ਹੋਂਦ ਵਿੱਚ ਆ ਜਾਂਦੀਆਂ ਹਨ, ਜਿਨ੍ਹਾਂ ਦਾ ਜ਼ਿਕਰ ਉੱਪਰ ਕੀਤਾ ਜਾ ਚੁੱਕਾ ਹੈ। ਲੋੜ ਹੈ ਧਰਮ ਦੇ ਅਸਲ ਅਰਥਾਂ ਨੂੰ ਪਛਾਨਣ ਦੀ ਤਾਂ ਜੋ ਅਸੀਂ ਜੀਵਨ ਵਿੱਚੋਂ ਅਗਿਆਨਤਾ ਦਾ ਹਨ੍ਹੇਰਾ ਮਿਟਾ ਕੇ ਅਸਲ ਧਰਮ ਦੀ ਪਹਿਚਾਣ ਕਰ ਸਕੀਏ।

**ਨਿਸ਼ਕਰਸ਼:** ਧਰਮ ਇੱਕ ਬਹੁ-ਚਰਚਿਤ ਸੰਕਲਪ ਹੈ, ਜਿਸ ਨੂੰ ਕਿਸੇ ਖਾਸ ਪਰਿਭਾਸ਼ਾ ਜਾਂ ਦਾਇਰੇ ਵਿੱਚ ਬੰਨ੍ਹਣਾ ਕਠਿਨ ਹੈ। ਪਰੰਤੂ ਇਸ ਦੀਆਂ ਅਨ-ਗਿਣਤ ਪਰਿਭਾਸ਼ਾਵਾਂ ਵਿੱਚੋਂ, ਇੱਕ ਪੱਖ ਇਹ ਵੀ ਹੈ ਕਿ ਧਰਮ ਇੱਕ ਬ੍ਰਹਮੰਡੀ ਨਿਯਮ ਹੈ। ਜਿਸ ਦੀ ਸੱਤਾ ਸਦਕਾ ਸੰਸਾਰ ਦੀ ਕਾਰ ਚੱਲਦੀ ਹੈ। ਪਰੰਤੂ ਸਮਾਜਕ ਨਿਜ਼ਾਮ ਹਮੇਸ਼ਾਂ ਹੀ ਇਸ ਨੂੰ ਵਿਸ਼ੇਸ਼ ਸੱਭਿਆਚਾਰਕ ਸੰਦਰਭ ਵਿੱਚ ਹੀ ਦੇਖਦਾ ਰਿਹਾ ਹੈ। ਹਾਲਾਂਕਿ ਬਹੁਤ ਸਾਰੇ ਵਿਦਵਾਨਾਂ ਨੇ ਸਮੇਂ-ਸਮੇਂ ਇਸ ਦੀ ਬ੍ਰਹਮੰਡੀ ਸੱਤਾ ਤੱਕ ਪਹੁੰਚ ਸਥਾਪਤ ਕਰਨ ਦਾ ਯਤਨ ਕੀਤਾ। ਪਰ ਇਸ ਦੇ ਸਮਾਜਕ ਅਤੇ ਹੋਰ ਸੰਗਠਨਾਂ ਨਾਲ ਸੁਮੇਲ ਹੋਣ ਕਾਰਣ, ਇਹ ਪਹੁੰਚ ਅਣਗੌਲਿਆ ਕਰ ਦਿੱਤੀ ਜਾਂਦੀ ਰਹੀ। ਕਿਉਂਕਿ ਇਹ ਪਹੁੰਚ ਮਨੁੱਖੀ ਹਉਮੈ ਨੂੰ ਚੋਟ ਕਰਦੀ ਹੈ। ਮਨੁੱਖ ਆਪਣੀ ਹਸਤੀ ਨੂੰ ਆਪਣੀ ਵੱਖਰੀ ਪਛਾਣ ਅਤੇ ਸੱਭਿਆਚਾਰਕ ਸੰਦਰਭ ਵਿੱਚ ਹੀ ਪੇਸ਼ ਕਰਦਾ ਰਿਹਾ ਹੈ। ਧਰਮ ਦੀ ਇਹ ਪਹੁੰਚ ਮਨੁੱਖਤਾ ਦੀਆਂ ਵੰਡੀਆਂ ਖਤਮ ਕਰਕੇ, ਇੱਕ ਨਾਲ ਜੋੜਦੀ ਹੈ। ਪਰੰਤੂ ਇਹੀ ਵਿਡੰਬਣਾ ਹੈ ਕਿ ਮਨੁੱਖ ਸਾਂਝੀਵਾਲਤਾ ਦੀ ਥਾਂ ਖੁਦ ਨੂੰ ਪਹਿਲ ਦਿੰਦਾ ਰਿਹੈ ਅਤੇ ਆਪਣੇ ਲਾਹੇ ਲਈ ਧਰਮ ਦੀ ਸੱਤਾ ਨੂੰ ਹਮੇਸ਼ਾਂ ਟੋਟਿਆਂ ਜਾਂ ਫਿਰਕਿਆਂ ਦੇ ਰੂਪ ਵਿੱਚ ਹੀ ਵਰਤਦਾ ਆ ਰਿਹਾ ਹੈ। ਬੇਸ਼ੱਕ ਸਮਾਜਕ ਨਿਜ਼ਾਮ ਨੇ ਇਸ ਸੰਕਲਪ ਨੂੰ ਅਣਗੌਲਿਆ ਕੀਤਾ ਅਤੇ ਧਰਮ ਦੀ ਸੱਤਾ ਨੂੰ ਖੰਡਾਂ ਵਿੱਚ ਵਿਭਾਜਿਤ ਕਰ ਦਿੱਤਾ। ਪਰ ਗੁਰਬਾਣੀ ਧਰਮ ਦੀ ਅਸਲ ਸੱਤਾ ਦਾ ਵਖਿਆਣ ਕਰਦੀ ਹੋਈ, ਕਿਸੇ ਖਾਸ ਮਜ਼ਹਬ ਜਾਂ ਫਿਰਕੇ ਨੂੰ ਸੰਬੋਧਿਤ ਹੋਏ ਬਿਨਾਂ "**ਏਕ ਪਿਤਾ ਏਕਸ ਕੇ ਹਮ ਬਾਰਿਕ॥**" ਦਾ ਸੰਕਲਪ ਸਿਰਜਦੀ ਸਮੁਦਾਇਕ ਏਕਤਾ ਦੀ ਪਛਾਣ ਵੱਲ ਰੁਚਿਤ ਹੈ। ਇਹ ਧਰਮ ਦੇ ਨਾਮ 'ਤੇ ਪਏ ਦਵੰਦਾਂ ਦਾ ਨਿਵਾਰਣ ਕਰਦੀ, ਮਨੁੱਖ ਨੂੰ ਅਸਲ ਧਰਮ ਦੇ ਲੜ੍ਹ ਲਾਉਣ ਦਾ ਉਪਰਾਲਾ ਕਰਦੀ ਹੈ। ਨਾਲ ਹੀ ਸਮਾਜਕ ਨਿਜ਼ਾਮ ਦੁਆਰਾ ਸਿਰਜਿਤ ਧਰਮ ਦੇ ਭਰਮ ਰੂਪ ਜਾਲ ਨੂੰ ਕੱਟ ਕੇ, "**ਸਭੇ ਸਾਝੀਵਾਲ ਸਦਾਇਨਿ**" ਦਾ ਉਪਦੇਸ਼ ਦ੍ਰਿੜ੍ਹ ਕਰਵਾਉਂਦੀ ਹੈ।

# ਆਪਣੇ ਆਪਣੇ ਮਰਸੀਏ : ਨਾਰੀ ਸੰਵੇਦਨਾ

**ਡਾ. ਦੀਦਾਰ ਸਿੰਘ**

**ਈਮੇਲ:** pannu8890@gmail.com

'ਆਪਣੇ ਆਪਣੇ ਮਰਸੀਏ' ਕਹਾਣੀ ਸੰਗ੍ਰਹਿ ਸਰਘੀ ਦੁਆਰਾ ਲਿਖਿਆ ਗਿਆ ਪਲੇਠਾ ਕਹਾਣੀ ਸੰਗ੍ਰਹਿ ਹੈ ਜਿਸ ਵਿਚ ਕੁੱਲ ਨੌ ਕਹਾਣੀਆਂ ਹਨ। ਇਸ ਕਹਾਣੀ ਸੰਗ੍ਰਹਿ ਨੂੰ ਢਾਹਾਂ ਪੁਰਸਕਾਰ ਨਾਲ ਨਿਵਾਜਿਆ ਗਿਆ। ਸਰਘੀ ਦੀਆਂ ਕਹਾਣੀਆਂ ਵਿਚ ਪੇਸ਼ ਹੋਈਆਂ ਔਰਤ ਪਾਤਰ ਮੁਸ਼ਕਿਲ ਹਲਾਤਾਂ ਨਾਲ ਸਮਝੌਤਾ ਨਹੀਂ ਕਰਦੀਆਂ ਸਗੋਂ ਸਮਾਜਕ ਪਰੰਪਰਾ ਨੂੰ ਭੰਗ ਕਰਦੀਆਂ ਇਕ ਵੱਖਰਾ ਰਾਹ ਇਖਤਿਆਰ ਕਰਦੀਆਂ ਹਨ। ਉਹ ਸਮਾਜਕ ਪ੍ਰਬੰਧ ਦੀ ਥਾਂ ਮਨੁੱਖ ਦੀਆਂ ਮੂਲ ਪ੍ਰਵਿਰਤੀਆਂ ਅਤੇ ਆਪਣੇ ਸਵੈ ਨੂੰ ਤਰਜੀਹ ਦਿੰਦੀਆਂ ਹਨ। ਇਸ ਕਹਾਣੀ ਸੰਗ੍ਰਹਿ ਦੀ ਪਹਿਲੀ ਕਹਾਣੀ 'ਹੋਲੀਡੇ ਵਾਈਫ' ਹੈ। 'ਹੋਲੀਡੇ ਵਾਈਫ' ਸ਼ਬਦ ਦੀ ਵਰਤੋਂ ਜਗਜੀਤ ਆਪਣੀ ਵਾਈਫ ਲਈ ਕਰਦਾ ਹੈ, ਜਿਸ ਦੇ ਉਲਟ ਵਜੋਂ ਉਸ ਦੀ ਵਾਈਫ ਉਸ ਲਈ 'ਹੋਲੀਡੇ ਹਸਬੈਂਡ' ਸ਼ਬਦ ਤਨਜ ਵਜੋਂ ਵਰਤਦੀ ਹੈ। ਇਸ ਕਹਾਣੀ ਦੀ ਮੁੱਖ ਪਾਤਰ ਚੰਨਪ੍ਰੀਤ ਹੈ ਜੋ ਵਿਆਹ ਤੋਂ ਬਾਅਦ ਵੀ ਆਪਣੀਆਂ ਕਾਮੁਕ ਇੱਛਾਵਾਂ ਦੀ ਪੂਰਤੀ ਅਤੇ ਪ੍ਰੇਮ ਲਈ ਤਰਸਦੀ ਰਹਿੰਦੀ ਹੈ। ਅਸਲ ਵਿਚ ਉਸ ਦਾ ਪਤੀ ਜਗਜੀਤ ਵਿਦੇਸ਼ ਲੈ ਕੇ ਜਾਣ ਦਾ ਲਾਰਾ ਲਾ ਕੇ ਉਸ ਨਾਲ ਵਿਆਹ ਕਰਵਾ ਲੈਂਦਾ ਹੈ। ਚੰਨਪ੍ਰੀਤ ਉਸ ਦੇ ਇਸ ਝੂਠ ਨੂੰ ਸੱਚ ਮੰਨ ਲੈਂਦੀ ਹੈ, ਕਿ ਉਹ ਆਪਣੀ ਪਹਿਲੀ ਪਤਨੀ ਨੂੰ ਛੱਡ ਉਸ ਨੂੰ ਵਿਦੇਸ਼ ਲੈ ਜਾਵੇਗਾ, ਜਿਸ ਕਰਕੇ ਉਸ ਨੂੰ ਤਮਾਮ ਉਮਰ 'ਹੋਲੀਡੇ ਵਾਈਫ' ਵਜੋਂ ਜਿੰਦਗੀ ਗੁਜ਼ਾਰਨੀ ਪੈਂਦੀ ਹੈ। ਪਤੀ ਤੋਂ ਪ੍ਰੇਮ ਨਾ ਮਿਲਣ ਤੇ ਭਾਵੇਂ ਉਸ ਦਾ ਪ੍ਰੇਮ ਆਪਣੀ ਸੰਤਾਨ ਨਾਲ ਬਣ ਜਾਂਦਾ ਹੈ ਪਰ ਆਪਣੀਆਂ ਕਾਮੁਕ ਇੱਛਾਵਾਂ ਦੀ ਪੂਰਤੀ ਲਈ ਉਹ ਆਪਣੇ ਜੇਠ ਦਾ ਸਹਾਰਾ ਲੈਂਦੀ ਹੈ। ਉਹ ਭੂਆ ਵਰਗੀਆਂ ਔਰਤਾਂ ਵਾਂਗ ਸਾਰੀ ਉਮਰ ਨਰਕ ਨਹੀਂ ਭੋਗਣਾ ਚਾਹੁੰਦੀ। ਉਹ ਚੰਨਪ੍ਰੀਤ ਨਾਲ ਦੁਖ-ਸੁਖ ਕਰਦੀ ਉਸ ਨੂੰ ਵੀ ਆਪਣੇ ਵਰਗਾ ਸਮਝਦੀ ਹੋਈ ਕਹਿੰਦੀ ਹੈ ਕਿ "ਕੀ ਗੱਲ ਸੁਣਾਵਾਂ ਧੀਏ ! ਆਪਾਂ ਤਾਂ ਨਾ ਰੰਡੀਆਂ 'ਚੋਂ ਨਾ ਸੁਹਾਗਣਾਂ 'ਚੋਂ।"[1], ਪਰ ਚੰਨਪ੍ਰੀਤ ਭੂਆ ਵਾਂਗ ਪਤੀ ਦੇ ਵਿਯੋਗ ਵਿਚ ਜਿੰਦਗੀ ਕੱਟਣ ਦੀ ਬਜਾਏ ਆਪਣੇ ਜੇਠ ਨਾਲ ਸੰਬੰਧ ਰੱਖਦੀ ਹੈ। ਦੂਜੇ ਪਾਸੇ ਜਗਜੀਤ ਵਰਗੇ ਮਰਦ ਔਰਤਾਂ ਨੂੰ ਕੇਵਲ ਆਪਣੀ ਕਾਮ ਪੂਰਤੀ ਦਾ ਜ਼ਰੀਆ ਸਮਝਦੇ ਹਨ। ਉਹ ਵਿਦੇਸ਼ ਵਿਚ ਹੋਏ ਪਹਿਲੇ ਵਿਆਹ ਦੇ ਬਾਵਜੂਦ ਚੰਨਪ੍ਰੀਤ ਵਰਗੀ ਔਰਤ ਨੂੰ ਵੀ ਲਾਰਾ ਲਾ ਕੇ ਵਿਆਹ ਕਰਵਾ ਲੈਂਦਾ ਹੈ। ਵਿਆਹ ਤੋਂ ਇਲਾਵਾ ਵੀ ਉਹ ਹੋਰਨਾਂ ਔਰਤਾਂ ਨਾਲ ਵੀ ਕਾਮੁਕ ਸੰਬੰਧ ਸਥਾਪਿਤ ਕਰਦਾ ਹੈ, ਜਿਸ ਕਰਕੇ ਚੰਨਪ੍ਰੀਤ ਦਾ ਵੀ ਤ੍ਰਿਸਕਾਰ ਕਰਦਾ ਕਹਿੰਦਾ ਹੈ ਕਿ "ਯੂ ਆਰ ਬਿਊਟੀ ਫੁੱਲ ਪਰ ਗੋਰੀਆਂ ਵਰਗਾ ਡੰਗ ਨਹੀਂ ਹੈਗਾ ਤੇਰੇ ਚ।"[2] ਉਹ ਚੰਨਪ੍ਰੀਤ ਨੂੰ ਕੇਵਲ ਆਪਣੀ ਕਾਮ ਪੂਰਤੀ ਕਰਨ ਵਾਲੀ ਔਰਤ ਵਜੋਂ ਵੇਖਦਾ ਹੈ, ਜਿਸ ਕਰਕੇ ਉਹ ਉਸ ਨੂੰ 'ਹੋਲੀਡੇ ਵਾਈਫ' ਕਹਿਕੇ ਸੰਬੋਧਨ ਕਰਦਾ ਹੈ। ਅਜਿਹੀ ਜਿੰਦਗੀ ਦੇ ਬਦਲ ਵਜੋਂ ਚੰਨਪ੍ਰੀਤ ਸਮਾਜਕ ਰਿਸ਼ਤਾ-ਨਾਤਾ ਪ੍ਰਣਾਲੀ ਵਿਰੁੱਧ ਨਾਬਰ ਹੋ ਜਾਂਦੀ ਹੈ ਅਤੇ ਆਪਣੇ ਜੇਠ ਨਾਲ ਕਾਮੁਕ ਸੰਬੰਧ ਬਣਾਉਂਦੀ ਹੈ। ਉਹ ਤਨਜ ਵਜੋਂ ਆਪਣੇ ਪਤੀ ਨੂੰ 'ਹੋਲੀਡੇ ਹਸਬੈਂਡ' ਕਹਿ ਕੇ ਸੰਬੋਧਨ ਕਰਦੀ ਹੈ, ਜਿਸ ਕਰਕੇ ਉਸ ਦੇ ਪਤੀ ਨੂੰ ਚੰਗਾ ਨਹੀਂ ਲੱਗਦਾ। ਇਸ ਤਰ੍ਹਾਂ ਉਹ ਤਮਾਮ ਉਮਰ ਬੇਬਸੀ ਵਿਚ ਗੁਜ਼ਾਰਨ ਅਤੇ ਇਕ ਮਰਦ ਦੇ ਹੱਥ ਦੀ ਕਠਪੁਤਲੀ ਬਣਕੇ ਰਹਿਣ ਦੀ ਬਜਾਏ ਆਪਣੀ ਜ਼ਿੰਦਗੀ ਦਾ ਫੈਸਲਾ ਆਪ ਕਰਦੀ ਹੈ ਅਤੇ ਇਕ ਵੱਖਰੇ ਰਾਹ ਦੀ ਚੋਣ ਕਰਦੀ ਹੈ।

ਦੂਜੀ ਕਹਾਣੀ 'ਰਾਡ' ਔਰਤ ਦੀ ਮਾਨਸਿਕ ਸਥਿਤੀ ਨਾਲ ਸਬੰਧਿਤ ਹੈ ਜੋ ਕਿ ਆਪਣੀਆਂ ਹੀ ਸੋਚਾਂ ਦੇ ਜਾਲ ਵਿਚ ਫਸ ਆਪਣਾ ਮਾਨਸਿਕ ਸੰਤੁਲਨ ਗਵਾ ਬੈਠਦੀ ਹੈ। ਕਹਾਣੀ ਵਿਚ ਪੇਸ਼ ਹੋਈਆਂ ਦੋਵੇਂ ਘਟਨਾਵਾਂ ਦਾ ਸੰਬੰਧ ਵੀ ਕੁੜੀਆਂ ਨਾਲ ਹੈ ਅਤੇ ਅਜਿਹੀਆਂ ਘਟਨਾਵਾਂ ਸਾਡੇ ਸਮਾਜ ਵਿਚ ਵਾਪਰਨ ਕਰਕੇ ਔਰਤਾਂ ਨੂੰ ਇਸ ਤਰ੍ਹਾਂ ਦੀ ਮਾਨਸਿਕ ਸਥਿਤੀਆਂ ਦਾ ਆਮ ਹੀ ਸਾਹਮਣਾ ਕਰਨਾ ਪੈਂਦਾ ਹੈ। ਕਹਾਣੀ ਦੀ ਮੁੱਖ ਪਾਤਰ ਦੀਪਾ 'ਪੈਰਾਨੋਇਡ ਡਿਸਔਡਰ' ਦਾ ਸ਼ਿਕਾਰ ਹੋ ਜਾਂਦੀ ਹੈ। 'ਪੈਰਾਨੋਇਡ

ਡਿਸਔਡਰ' ਵਿਚ ਮਰੀਜ਼ ਅਕਸਰ ਦੂਜਿਆਂ ਨੂੰ ਬਹੁਤ ਸ਼ੱਕ ਦੀ ਨਿਗਾਹ ਨਾਲ ਵੇਖਣ ਲੱਗ ਜਾਂਦੇ ਹਨ। ਉਹ ਲੋਕਾਂ ਤੇ ਵਿਸ਼ਵਾਸ ਨਹੀਂ ਕਰਦੇ ਅਤੇ ਹਰ ਗੱਲ ਅਤੇ ਸਥਿਤੀ ਨੂੰ ਨਕਾਰਾਤਮਕ ਢੰਗ ਨਾਲ ਵੇਖਦੇ ਹਨ। ਅਜਿਹੀ ਹੀ ਸਥਿਤੀ ਦਾ ਸਾਹਮਣਾ ਕਹਾਣੀ ਦੀ ਮੁੱਖ ਪਾਤਰ ਦੀਪਾ ਨੂੰ ਕਰਨਾ ਪੈਂਦਾ ਹੈ। ਟੀ.ਵੀ. ਵਿਚ ਸੁਣੀ ਪਹਿਲੀ ਘਟਨਾ ਜਿਸ ਵਿਚ ਮਿਸਟਰ ਅਤੇ ਮਿਸਿਜ਼ ਆਨੰਦ ਦੀ ਤੇਰਾਂ ਸਾਲ ਦੀ ਧੀ ਅਤੇ ਨੌਕਰ ਦੀ ਲਾਸ਼ ਘਰ ਵਿਚੋਂ ਮਿਲਦੀ ਹੈ। ਇਸ ਘਟਨਾ ਦਾ ਦੀਪਾ ਦੇ ਦਿਮਾਗ ਤੇ ਅਜਿਹਾ ਅਸਰ ਹੁੰਦਾ ਹੈ ਕਿ ਉਹ 'ਪੈਰਾਨੋਇਡ ਡਿਸਔਡਰ' ਦਾ ਸ਼ਿਕਾਰ ਹੋ ਜਾਂਦੀ ਹੈ। ਇਸ ਘਟਨਾ ਦੀ ਵਜ੍ਹਾ ਕਰਕੇ ਉਹ ਆਪਣੇ ਨੌਕਰ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਣ ਲੱਗ ਜਾਂਦੀ ਹੈ ਕਿ ਉਸ ਦਾ ਨੌਕਰ ਵੀ ਉਸ ਦੀ ਧੀ ਸ਼ਰੁਤੀ ਨਾਲ ਕੁੱਝ ਗਲਤ ਕਰ ਦੇਵੇਗਾ, ਜਿਸ ਕਰਕੇ ਉਹ ਹਮੇਸ਼ਾ ਸਹਿਮ ਦੇ ਮਾਹੌਲ ਵਿਚ ਰਹਿਣ ਲੱਗ ਜਾਂਦੀ ਹੈ ਅਤੇ ਆਪਣੀ ਧੀ ਨੂੰ ਨੌਕਰ ਕੋਲ ਇੱਕਲਾ ਨਹੀਂ ਛੱਡਦੀ। ਅੰਤ ਉਹ ਆਪਣੇ ਸਹਿਮ ਕਾਰਨ ਨੌਕਰ ਨੂੰ ਘਰੋਂ ਕੱਢ ਦਿੰਦੀ ਹੈ, ਜੋ ਕਿ ਪਿਛਲੇ 12 ਸਾਲਾਂ ਤੋਂ ਉਨ੍ਹਾਂ ਦੇ ਘਰ ਰਹਿ ਰਿਹਾ ਸੀ। ਦੀਪਾ ਦੀ ਮਾਨਸਿਕ ਹਾਲਤ ਇੰਨੀ ਵਿਗੜ ਜਾਂਦੀ ਹੈ ਕਿ ਉਸ ਨੂੰ ਆਪਣੇ ਨੌਕਰ ਤੇ ਬਿਲਕੁਲ ਵੀ ਤਰਸ ਨਹੀਂ ਆਉਂਦਾ। ਉਹ ਘਰ ਤੋਂ ਜਾਂਦੇ ਹੋਏ ਦੀਪਾ ਦੇ ਸਿਰ ਤੇ ਹੱਥ ਰੱਖ ਕੇ ਉਸ ਨੂੰ ਪਿਆਰ ਦਿੰਦਾ ਹੈ ਪਰ ਦੀਪਾ ਉਸ ਨੂੰ ਕਹਿੰਦੀ ਹੈ ਕਿ "ਚੰਗਾ ਤੂੰ ਚਲੇ ਜਾ... ਮੁੜ ਕਦੇ ਨਾ ਆਈਂ ।"[3] ਤਾਂ ਉਹ ਕਹਿੰਦਾ ਹੈ ਕਿ "ਬੀਬੀ ਜੀ! ਮੈਂ ਆਨੇ ਕੇ ਲੀਏ ਨਹੀਂ ਜਾ ਰਹਾ।"[4] ਦੀਪਾ ਦਾ ਘਰ ਛੱਡਣ ਤੋਂ ਕੁਝ ਸਮੇਂ ਬਾਅਦ ਹੀ ਨੌਕਰ ਦੀ ਮੌਤ ਹੋ ਜਾਂਦੀ ਹੈ। ਨੌਕਰ ਨੂੰ ਘਰੋਂ ਬਾਹਰ ਕੱਢਣ ਤੇ ਭਾਵੇ ਦੀਪਾ ਨੂੰ ਲੱਗਦਾ ਹੈ ਕਿ ਉਸ ਨੇ ਆਪਣੀ ਇਸ ਮਾਨਸਿਕ ਸਥਿਤੀ ਤੋਂ ਛੁਟਕਾਰਾ ਪਾ ਲਿਆ ਹੈ ਪਰ ਕੁਝ ਸਮਾਂ ਸਹੀ ਬੀਤਣ ਤੋਂ ਬਾਅਦ ਜਦੋਂ ਉਹ ਨਿਰਭੈਅ ਨਾਲ ਵਾਪਰੀ ਘਟਨਾ ਬਾਰੇ ਵੇਖਦੀ ਹੈ ਤਾਂ ਉਸ ਨੂੰ ਹਰ ਥਾਂ ਉਹ ਰਾਡ ਦਿਸਣ ਲੱਗਦੀ ਹੈ ਜਿਸ ਨਾਲ ਨਿਰਭੈਅ ਨੂੰ ਮਾਰਿਆ ਗਿਆ ਸੀ। ਉਹ ਫਿਰ ਤੋਂ ਆਪਣੀ ਇਸ ਮੁਸੀਬਤ ਦਾ ਜ਼ਿਕਰ ਆਪਣੀ ਦੋਸਤ ਨਵਜੋਤ ਨਾਲ ਵੀ ਕਰਦੀ ਹੈ। ਦੀਪਾ ਦੇ ਹਾਲਾਤ ਇੰਨੇ ਵਿਗੜ ਜਾਂਦੇ ਹਨ ਕਿ ਉਸ ਨੂੰ ਆਪਣੇ ਪਤੀ ਕੋਲੋਂ ਵੀ ਖੌਫ਼ ਆਉਣ ਲੱਗਦਾ ਹੈ। ਉਹ ਕਾਲਜ ਵਿਚ ਆਪਣੇ ਕੁਲੀਗਾਂ ਤੋਂ ਵੀ ਡਰਨ ਲੱਗਦੀ ਹੈ। ਇਕ ਦਿਨ ਉਸ ਨੂੰ ਕਾਲਜ ਬੱਸ ਵਿਚ ਪਈ ਹਾਕੀ ਵਿਚੋਂ ਵੀ ਰਾਡ ਨਜ਼ਰ ਆਉਂਦੀ ਹੈ। ਇਸ ਸਭ ਤੋਂ ਪਰੇਸ਼ਾਨ ਹੋ ਕੇ ਦੀਪਾ ਬ੍ਰਹਮਚਾਰੀ ਸ਼ਿਵਰ ਵਿਚ ਜਾਣ ਦਾ ਫੈਸਲਾ ਕਰਦੀ ਹੈ ਪਰ ਉਥੇ ਔਰਤਾਂ ਨੂੰ ਆਪਸ ਵਿਚ ਗਲਤ ਹਰਕਤਾਂ ਅਤੇ ਲੁੱਚ-ਲਫੰਗੀਆਂ ਗੱਲਾਂ ਕਰਦੇ ਵੇਖਦੀ ਹੈ ਤਾਂ ਉਸ ਨੂੰ ਪਤਾ ਲੱਗ ਜਾਂਦਾ ਹੈ ਕਿ ਜਿਸ ਆਨੰਦ ਦੀ ਭਾਲ ਵਿਚ ਉਹ ਸ਼ਿਵਰ ਵਿਚ ਆਈ ਹੈ ਉਹ ਇਥੇ ਵੀ ਨਹੀਂ। ਉਹ ਨਵਜੋਤ ਨੂੰ ਦੱਸਦੀ ਹੈ ਕਿ "ਨਵਜੋਤ ! ਮੇਰੇ ਸਭ ਭੁਲੇਖੇ ਦੂਰ ਹੋ ਗਏ... ਤੈਨੂੰ ਪਤਾ, ਉਸ ਸ਼ਿਵਰ 'ਚ ਵੀ ਰਾਡ ਹੈ...ਮੈਂ ਆਪਣੀ ਅੱਖੀਂ ਵੇਖੀ...ਉਸ ਰਾਤ ਪੰਜ ਛੇ ਸਾਧਣੀਆਂ ਆਪਸ 'ਚ...ਮੈਂ ਤੈਨੂੰ ਦੱਸ ਨਹੀਂ ਸਕਦੀ...।"[5] ਕਿਉਂਕਿ ਰਾਡ ਨੂੰ ਇਸ ਕਹਾਣੀ ਵਿਚ ਕਾਮ ਦੇ ਸੰਕੇਤ ਵਜੋਂ ਲਿਆ ਗਿਆ ਹੈ ਤਾਂ ਦੀਪਾ ਨੂੰ ਸ਼ਿਵਰ ਵਿਚਲੇ ਹਾਲਾਤ ਦੇਖਕੇ ਪਤਾ ਲੱਗ ਜਾਂਦਾ ਹੈ ਕਿ ਅਸਲ ਵਿਚ ਜਦੋਂ ਮਨੁੱਖ ਦੀ ਜ਼ਿੰਦਗੀ ਪਿਆਰ ਮਨਫ਼ੀ ਹੋ ਜਾਂਦਾ ਹੈ ਤਾਂ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ, ਜੋ ਮਿਸਟਰ ਅਤੇ ਮਿਸਿਜ਼ ਆਨੰਦ ਦੀ ਧੀ ਅਤੇ ਨਿਰਭੈਅ ਨਾਲ ਬੀਤੀ। ਉਸ ਨੂੰ ਨਵਜੋਤ ਦੀ ਗੱਲ ਸਹੀ ਲੱਗਦੀ ਹੈ ਕਿ "ਨਵਜੋਤ ! ਤੂੰ ਸੱਚ ਕਹਿ ਰਹੀ ਹੈਂ...ਮੈਨੂੰ ਪਤਾ ਜਦ ਜ਼ਿੰਦਗੀ 'ਚੋਂ ਪਿਆਰ ਮਨਫ਼ੀ ਹੋ ਜਾਂਦਾ ਤਾਂ ਕੀ ਹੁੰਦਾ ਹੈ...ਬੰਦੇ ਨੂੰ ਆਪਣੀ ਸ਼ਕਲ ਡਰਾਉਣੀ ਲੱਗਦੀ ਹੈ...ਹਰ ਵੇਲੇ ਕ੍ਰੋਧ...ਹਰ ਵੇਲੇ ਖਿਝ...ਹਰ ਵੇਲੇ ਨੇਗੈਟਿਵਟੀ...।"[6] ਜਦੋਂ ਦੀਪਾ ਅਸਲ ਨੂੰ ਸਮਝ ਜਾਂਦੀ ਹੈ ਤਾਂ ਉਸ ਦੀ ਮਾਨਸਿਕ ਹਾਲਤ ਸੁਧਰ ਜਾਂਦੀ ਹੈ। ਉਸ ਦੇ ਪੂਰੇ ਘਰ ਵਿਚ ਚਿਤਰਾ ਸਿੰਘ ਦੀ ਗਜ਼ਲ "ਪਿਆਰ ਹੀ ਪਿਆਰ ਹੈ ਹਮ ਪੇ ਭਰੋਸਾ ਕੀਜੈ"[7] ਗੂੰਜਣ ਲੱਗਦੀ ਹੈ।

'ਹੌਂਟਡ ਹਾਊਸ' ਕਹਾਣੀ ਦਾ ਸਿਰਲੇਖ ਰੌਣਕ ਦੀ ਬੇਟੀ ਵਲੋਂ ਉਸ ਦੇ ਘਰ ਲਈ ਵਰਤਿਆ ਗਿਆ ਹੈ, ਜਦੋਂ ਰੌਣਕ ਆਪਣੀ ਕੁੜੀ ਇੰਦਰ ਨੂੰ ਕਹਿੰਦਾ ਹੈ ਕਿ ਇਹ ਤੇਰੇ ਸੁਪਨਿਆਂ ਦਾ ਘਰ ਹੈ ਤਾਂ ਉਹ ਇਸ ਘਰ ਵਿਚ ਆਪਣੀ ਮਾਂ ਦੀ ਅਣਹੋਂਦ ਕਰਕੇ ਇਸਨੂੰ ਹੌਂਟਡ ਹਾਊਸ ਸੰਬੋਧਨ ਕਰਦੀ ਹੈ। ਭਾਵੇਂ ਕਿ ਇਹ ਪੂਰੀ ਕਹਾਣੀ ਮੈਂ ਪਾਤਰ ਰਾਹੀਂ ਪੇਸ਼ ਕੀਤੀ ਗਈ ਹੈ ਪਰ ਇਹ ਕਹਾਣੀ ਔਰਤ ਦੀ ਸਥਿਤੀ ਨੂੰ ਬਹੁਖੂਬੀ ਪੇਸ਼ ਕਰਦੀ ਹੈ। ਰੌਣਕ ਇੰਗਲੈਂਡ ਵਿਚ ਪੱਕਾ ਹੋਣ ਲਈ ਉਥੋਂ ਦੀ ਜੰਮਪਲ ਸ਼ਰਨ ਨਾਲ ਵਿਆਹ ਕਰਵਾ ਲੈਂਦਾ ਹੈ। ਉਸ ਦੀ ਇਕ ਬਾਂਹ ਵੱਡ੍ਹੀ ਹੋਣ ਕਰਕੇ ਅਤੇ ਵਿਆਹ ਤੋਂ ਪਹਿਲਾਂ ਹੋਰ ਮਰਦਾਂ ਨਾਲ ਸੰਬੰਧ ਹੋਣ ਕਰਕੇ ਉਹ ਸ਼ਰਨ ਨੂੰ ਕਦੇ ਪਿਆਰ ਨਹੀਂ ਕਰਦਾ। ਉਹ ਸ਼ਰਨ ਨੂੰ ਕੇਵਲ ਇੰਗਲੈਂਡ ਵਿਚ ਪੱਕੇ ਹੋਣ ਲਈ ਵਰਤਦਾ ਹੈ ਅਤੇ ਉਸ ਨੂੰ ਜੂਠ ਸਮਾਨ ਸਮਝਦਾ ਹੈ। ਦੂਜੇ ਪਾਸੇ ਸ਼ਰਨ ਜੋ ਕਿ ਰੌਣਕ ਨੂੰ ਬੇਹੱਦ ਪਿਆਰ ਕਰਦੀ ਹੈ ਪਰ ਉਸ ਦੇ ਵਿਵਹਾਰ ਕਰਕੇ ਦੋਵੇਂ ਕੁੜੀਆਂ ਨੂੰ ਲੈ ਕੇ ਘਰ ਛੱਡ ਦਿੰਦੀ ਹੈ। ਥੋੜੇ ਸਮੇਂ ਬਾਅਦ ਹੀ ਸ਼ਰਨ ਦੁਆਰਾ ਮਾਨਸਿਕ ਤਨਾਅ ਵਿਚ ਪੈਰਾਸਿਟਾਮੋਲ ਦੀਆਂ ਗੋਲੀਆਂ ਖਾਣ

ਕਰਕੇ ਉਸ ਨੂੰ ਲਿਵਰਸਿਰੋਸਿਸ ਹੋ ਜਾਂਦਾ ਹੈ ਅਤੇ ਅੰਤ ਉਸ ਦੀ ਮੌਤ ਹੋ ਜਾਂਦੀ ਹੈ। ਰੌਣਕ ਇੰਡੀਆ ਆ ਕੇ ਫਿਰ ਤੋਂ ਦੂਜਾ ਵਿਆਹ ਕਰਵਾ ਲੈਂਦਾ ਹੈ। ਅਜਿਹੀ ਮੁਸ਼ਕਿਲ ਹਾਲਾਤਾਂ ਦਾ ਰੋਣਕ ਦੀਆਂ ਬੇਟੀਆਂ ਉਤੇ ਵੀ ਬਹੁਤ ਪ੍ਰਭਾਵ ਪੈਂਦਾ ਹੈ। ਸ਼ਰਨ ਅਤੇ ਰੌਣਕ ਦੇ ਝਗੜੇ ਕਰਕੇ ਉਨ੍ਹਾਂ ਨੂੰ ਵੀ ਕੋਰਟ ਦੇ ਚੱਕਰ ਕੱਟਣੇ ਪੈਂਦੇ ਹਨ। ਸ਼ਰਨ ਦੀ ਮੌਤ ਤੋਂ ਬਾਅਦ ਜਦੋਂ ਉਹ ਦੋਵੇਂ ਕੁੜੀਆਂ ਨੂੰ ਆਪਣੇ ਨਵੇਂ ਘਰ ਲੈ ਆਉਂਦਾ ਹੈ ਤਾਂ ਉਹ ਰੋਣਕ ਦੀ ਦੂਜੀ ਪਤਨੀ ਸੁਖਜੀਤ ਨੂੰ ਆਪਣੀ ਮਾਂ ਵਜੋਂ ਪ੍ਰਵਾਨ ਨਹੀਂ ਕਰਦੀਆਂ। ਜਦੋਂ ਰੌਣਕ ਆਪਣੀ ਬੇਟੀ ਨੂੰ ਕਹਿੰਦਾ ਹੈ ਕਿ ਇਹ ਉਸ ਦੇ ਸੁਪਨਿਆਂ ਦਾ ਵੱਡਾ ਘਰ ਹੈ ਤਾਂ ਉਹ ਇਸ ਵੱਡੇ ਘਰ ਨੂੰ 'ਹੋਟਡ ਹਾਊਸ' ਕਹਿੰਦੀ ਹੈ ਕਿਉਂਕਿ ਉਸ ਦੀ ਮਾਂ ਹੁਣ ਇਸ ਘਰ ਦਾ ਹਿੱਸਾ ਨਹੀਂ। ਇਸ ਤਰ੍ਹਾਂ ਰੌਣਕ ਸਿਰਫ ਇੰਗਲੈਂਡ ਪੱਕੇ ਹੋਣ ਦੀ ਲਾਲਸਾ ਦਾ ਨਤੀਜਾ ਸ਼ਰਨ ਅਤੇ ਉਸ ਦੀਆਂ ਬੇਟੀਆਂ ਨੂੰ ਭੁਗਤਣਾ ਪੈਂਦਾ ਹੈ।

'ਕੁੜੀਆਂ' ਕਹਾਣੀ ਸਾਡੇ ਸਮਾਜ ਵਿਚ ਕੁੜੀ ਦੀ ਥਾਂ ਮੁੰਡਾ ਜੰਮਣ ਨੂੰ ਦਿੱਤੀ ਜਾਂਦੀ ਤਰਜੀਹ ਨਾਲ ਸਬੰਧਿਤ ਹੈ। ਮੁੰਡੇ ਦੀ ਪ੍ਰਾਪਤੀ ਲਈ ਕੁੜੀਆਂ ਦਾ ਕਤਲ ਕੀਤਾ ਜਾਂਦਾ ਹੈ ਅਤੇ ਮੁੰਡਾ ਨਾ ਜੰਮਣ ਦੀ ਸੂਰਤ ਵਿਚ ਔਰਤ ਨੂੰ ਵੀ ਅਤਿਆਚਾਰ ਦਾ ਸਾਹਮਣਾ ਕਰਨਾ ਪੈਂਦਾ ਹੈ। ਕਹਾਣੀ ਦੀ ਮੁੱਖ ਪਾਤਰ ਜੀਤਾ ਨੂੰ ਵੀ ਅਜਿਹੀ ਹੀ ਸਥਿਤੀ ਦਾ ਸਾਹਮਣਾ ਕਰਨਾ ਪੈਂਦਾ ਹੈ। ਜੀਤਾ ਦੇ ਪਹਿਲਾਂ ਇਕ ਕੁੜੀ ਹੋ ਕੇ ਮਰ ਜਾਂਦੀ ਹੈ ਅਤੇ ਉਸ ਕੋਲ ਹੁਣ ਕੇਵਲ ਇਕ ਕੁੜੀ ਸੀ। ਉਸ ਦੀ ਸੱਸ ਮੁੰਡੇ ਦੀ ਭਾਲ ਕਰਕੇ ਉਸਨੂੰ ਥਾਂ-ਥਾਂ ਬਾਬਿਆਂ ਕੋਲ ਲੈ ਕੇ ਜਾਂਦੀ ਹੈ, ਜਿੱਥੇ ਉਸ ਦਾ ਸਰੀਰਕ ਸ਼ੋਸ਼ਣ ਤਾਂ ਹੁੰਦਾ ਹੀ ਹੈ ਸਗੋਂ ਉਸ ਦੀ ਮਾਨਸਿਕ ਹਾਲਤ ਵੀ ਵਿਗੜ ਜਾਂਦੀ ਹੈ। ਅਜਿਹੀ ਸਥਿਤੀ ਦਾ ਸਾਹਮਣਾ ਕਰ ਰਹੀ ਜੀਤਾ ਦੀ ਹਾਲਤ ਕੋਈ ਨਹੀਂ ਸਮਝਦਾ। ਅਨਪੜ੍ਹਤਾ ਕਾਰਨ ਉਸ ਦੀ ਸੱਸ ਅਤੇ ਨਨਾਣ ਉਸ ਨੂੰ ਲਾ-ਲਾ ਕੇ ਗੱਲਾਂ ਕਰਦੀਆਂ ਰਹਿੰਦੀਆਂ ਹਨ। ਇਸ ਕਰਕੇ ਉਸ ਦੀ ਨਨਾਣ  ਗਿੱਧੇ ਵਿਚ ਨੱਚਦੇ ਹੋਏ ਉਸ ਨੂੰ ਸੁਣਾ ਕੇ ਬੋਲੀ ਪਾਉਂਦੀ ਹੈ-

"ਸਤਿ ਦੇ ਬਚਨ ਵਿਚ ਪੁੜੀਆਂ
ਸਤਿ ਦੇ ਬਚਨ ਵਿਚ ਪੁੜੀਆਂ
ਅਸਾਂ ਤੈਨੂੰ ਨਈਉਂ ਰੱਖਣਾ
ਤੇਰੀ ਨਾੜ-ਨਾੜ ਵਿਚ ਕੁੜੀਆਂ।"[8]

ਜੀਤਾ ਦੇ ਅਜਿਹੇ ਹਾਲਾਤਾਂ ਵਿਚ ਉਸ ਦਾ ਪਤੀ ਵੀ ਉਸ ਦਾ ਸਾਥ ਨਹੀਂ ਦਿੰਦਾ। ਉਹ ਆਪਣੀ ਮਾਂ ਅਤੇ ਭੈਣ ਦੇ ਅਨੁਸਾਰੀ ਚਲਦਾ ਹੈ। ਉਸ ਦਾ ਪਤੀ ਕੇਵਲ ਆਪਣੀਆਂ ਸਰੀਰਿਕ ਲੋੜਾਂ ਲਈ ਉਸ ਦਾ ਸਰੀਰ ਚੂੰਡਦਾ ਰਹਿੰਦਾ ਹੈ ਪਰ ਉਸ ਦੇ ਹੱਕ ਵਿਚ ਕਦੇ ਵੀ ਖੜਾ ਨਹੀਂ ਹੁੰਦਾ। ਇਸ ਕਰਕੇ ਹੀ ਉਹ ਮੁੰਡੇ ਦੀ ਪ੍ਰਾਪਤੀ ਲਈ ਆਪਣੀ ਮਾਂ ਅਤੇ ਭੈਣ ਪਿੱਛੇ ਲੱਗਕੇ ਦੂਜਾ ਵਿਆਹ ਕਰਵਾਉਣ ਲਈ ਵੀ ਤਿਆਰ ਹੋ ਜਾਂਦਾ ਹੈ। ਸਾਡੇ ਸਮਾਜ ਵਿਚ ਮੁੰਡਾ ਪ੍ਰਾਪਤੀ ਦੀ ਲਾਲਸਾ ਵੱਸ ਔਰਤਾਂ ਨੂੰ ਸਰੀਰਿਕ ਸ਼ੋਸ਼ਣ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ । ਜਦੋਂ ਟੈਸਟ ਕਰਵਾਉਣ ਤੇ ਪਤਾ ਲੱਗਦਾ ਹੈ ਕਿ ਜੀਤਾ ਦੇ ਪੇਟ ਵਿਚ ਕੁੜੀ ਹੈ ਤਾਂ ਉਸ ਦਾ ਅਬੋਰਸ਼ਨ ਕਰਵਾ ਭਰੂਣ ਨੂੰ ਨਹਿਰ ਵਿਚ ਸੁੱਟ ਦਿੱਤਾ ਜਾਂਦਾ ਹੈ, ਜਿਸ ਦੀ ਜਿੰਮੇਵਾਰ ਜੀਤਾ ਆਪਣੇ-ਆਪ ਨੂੰ ਮੰਨਦੀ ਹੈ। ਉਹ ਆਪਣੇ ਕਰਮਾਂ ਨੂੰ ਕੋਸਦੀ ਹੈ ਪਰ ਜਦੋਂ ਡਿਸਪੈਂਸਰੀ ਵਿਚ ਆਈ ਡਾਕਟਰਨੀ ਰਾਹੀਂ ਉਸ ਨੂੰ ਪਤਾ ਲੱਗਦਾ ਹੈ ਕਿ ਮੁੰਡਾ ਨਾ ਜੰਮਣ ਪਿੱਛੇ ਕਸੂਰ ਉਸ ਦਾ ਨਹੀਂ ਸਗੋਂ ਉਸ ਦੇ ਪਤੀ ਦਾ ਹੈ ਤਾਂ ਉਸ ਦੇ ਸਿਰ ਤੋਂ ਭਾਰ ਲਹਿ ਜਾਂਦਾ ਹੈ। ਉਹ ਆਪਣੇ ਪਤੀ ਨੂੰ ਵੀ ਸੁਣਾ ਵੀ ਦਿੰਦੀ ਹੈ ਕਿ "ਉਹ...ਲੈ ਆ ਸੌਂਕਣ...ਬਣਨਾ-ਜੁੜਣਾ ਤੈਨੂੰ ਉਥੋਂ ਵੀ ਕੁਝ ਨਈਂ ।"[9] ਜੀਤਾ ਦੇ ਮੂੰਹੋਂ ਇਹ ਗੱਲ ਸੁਣਕੇ ਉਸ ਦਾ ਪਤੀ ਉਸ ਨੂੰ ਕੁੱਟਣ ਲੱਗ ਜਾਂਦਾ ਹੈ, ਜਿਸ ਕਰਕੇ ਉਸ ਨੂੰ ਦੰਦਲ ਪੈ ਜਾਂਦੀ ਹੈ। ਭਾਵੇਂ ਕਿ ਕਹਾਣੀਕਾਰਾ ਨੇ ਇਕ ਪਾਸੇ ਜੀਤਾ ਦੇ ਪਰਿਵਾਰ ਦੀ ਅਨਪੜ੍ਹਤਾ ਵੱਸ ਮੁੰਡੇ ਦੀ ਲਾਲਸਾ ਨੂੰ ਪੇਸ਼ ਕੀਤਾ ਹੈ ਦੂਜੇ ਪਾਸੇ ਸਮੇਂ ਨਾਲ ਵਾਪਰਦੇ ਬਦਲਾਅ ਨੂੰ ਵੀ ਪ੍ਰਗਟਾਇਆ ਹੈ ਕਿ ਕਿਸ ਤਰ੍ਹਾਂ ਸਮੇਂ ਦੇ ਬਦਲਣ ਨਾਲ ਕੁੜੀਆਂ ਨੂੰ ਤਰਜੀਹ ਦਿੱਤੀ ਜਾਣ ਲੱਗੀ ਹੈ। ਜਦੋਂ ਜੀਤਾ ਦੀ ਨਨਾਣ ਬਦਲੇ ਸਮੇਂ ਨਾਲ ਬਦਲੀਆਂ ਬੋਲੀਆਂ ਸੁਣਦੀ ਹੈ ਤਾਂ ਉਸ ਨੂੰ ਬਹੁਤ ਬੁਰਾ ਲੱਗਦਾ ਹੈ। ਇਸ ਕਰਕੇ ਹੀ ਜੀਤਾ ਵੀ ਗਿੱਧੇ ਵਿਚ ਆਪਣੀ ਨਨਾਣ ਨੂੰ ਸੁਣਾਕੇ ਬੋਲੀ ਪਾਉਂਦੀ ਹੈ ਅਤੇ ਹੱਸਦੀ-ਹੱਸਦੀ ਰੋਣ ਲੱਗਦੀ ਹੈ-

“ਸਤਿ ਦੇ ਬਚਨ ਵਿਚ ਪੁੜੀਆਂ
ਸਤਿ ਦੇ ਬਚਨ ਵਿਚ ਪੁੜੀਆਂ
ਤੇਰੇ ਵੀਰ ਘਰ ਨਹੀਂਉ ਵੱਸਣਾ
ਉਹਦੇ ਕਣ ਕਣ ਦੇ ਵਿਚ ਕੁੜੀਆਂ।”[10]

‘ਆਪਣੇ ਆਪਣੇ ਮਰਸੀਏ’ ਕਹਾਣੀ ਔਰਤ ਪਾਤਰ ਚੰਨੀ ਅਤੇ ਨਿੰਦੀ ਦੀ ਕਹਾਣੀ ਹੈ ਜੋ ਕਿ ਆਪਣੀ ਜ਼ਿੰਦਗੀ ਦੇ ਕੁਰਖਤ ਹਾਲਾਤਾਂ ਨਾਲ ਨਿੱਜਠਦੀਆਂ ਆਪਣੀ ਜਿੰਦਗੀ ਦੇ ਫੈਸਲੇ ਆਪ ਕਰਦੀਆਂ ਹਨ, ਜਿਸ ਕਰਕੇ ਦੋਵਾਂ ਨੂੰ ਆਪਣੇ ਆਲੇ-ਦੁਆਲੇ ਦੇ ਲੋਕਾਂ ਦੀਆਂ ਗੱਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਕਰਕੇ ਹੀ ਚੰਨੀ ਪਿੰਡ ਤੋਂ ਉੱਠ ਕੇ ਸ਼ਹਿਰ ਆ ਜਾਂਦੀ ਹੈ ਅਤੇ ਨਿੰਦੀ ਵਿਆਹ ਕਰਵਾਕੇ ਬਾਹਰ ਚਲੀ ਜਾਂਦੀ ਹੈ। ਕਹਾਣੀ ਦੇ ਕੁਝ ਅੰਸ਼ ਚੰਨੀ ਅਤੇ ਨਿੰਦੀ ਦੁਆਰਾ ‘ਮੈਂ’ ਪਾਤਰ ਦੇ ਰੂਪ ਵਿਚ ਪ੍ਰਗਟਾਏ ਗਏ ਹਨ। ਚੰਨੀ ਅਤੇ ਨਿੰਦੀ ਜਿਸ ਨੂੰ ਗੁਰਬਚਨ ਅਤੇ ਉਸ ਦਾ ਦੋਸਤ ਸਾਲ ਦੀ ਵਿਥ ਨਾਲ ਵਿਆਹ ਕੇ ਲੈ ਜਾਂਦੇ ਹਨ। ਦੋਵੇਂ 45 ਵਰ੍ਹੇ ਦੀ ਉਮਰ ਵਿਚ ਵਿਧਵਾ ਹੋ ਜਾਂਦੀਆਂ ਹਨ। ਦੋਵਾਂ ਦੇ ਪਤੀ ਜਿਣਸ ਵੇਚਣ ਗਏ ਘਰ ਵਾਪਿਸ ਨਹੀਂ ਪਰਤਦੇ। ਪਤੀ ਦੀ ਮੌਤ ਦਾ ਦੁੱਖ ਤਾਂ ਵੱਖਰਾ ਸੀ ਪਰ ਉਸ ਦੇ ਜੀਂਦੇ ਜੀਅ ਵੀ ਚੰਨੀ ਕੋਲ ਔਲਾਦ ਨਾ ਹੋਣ ਕਰਕੇ ਉਸ ਨੂੰ ਜੋਗੇ ਨਾਲ ਸਰੀਰਿਕ ਸੰਬੰਧ ਸਥਾਪਿਤ ਕਰਨੇ ਪੈਂਦੇ ਹਨ, ਜਿਸ ਕਰਕੇ ਲੋਕਾਂ ਭਾਵੇਂ ਕਿਹਾ ਸੀ ਕਿ ਰੂੜੀ ਦੀ ਵੀ ਸੁਣੀ ਗਈ ਪਰ ਉਸ ਦਾ ਪੁੱਤ ਉਸ ਦੇ ਜੇਠ ਦੀਆਂ ਅੱਖਾਂ ਵਿਚ ਸ਼ਰੀਕ ਬਣਕੇ ਰੜਕਣ ਲੱਗਦਾ ਹੈ। ਪਤੀ ਦੀ ਮੌਤ ਤੋਂ ਬਾਅਦ ਜੇਠ ਵਲੋਂ ਗਾਲ੍ਹਾਂ ਕੱਢਣ ਤੇ ਭਾਵੇਂ ਉਹ ਘਰ ਦੀ ਕੰਧ ਉੱਚੀ ਕਰਵਾ ਦਿੰਦੀ ਹੈ ਪਰ ਇਕ ਦਿਨ ਉਹ ਘਰ ਦੇ ਸਾਹਮਣੇ ਆ ਕੇ ਲਲਕਾਰੇ ਮਾਰਨ ਲੱਗਦਾ ਹੈ “ਗਸ਼ਤੀਏ ਏਥੇ ਰਵੇਂਗੀ ਤਾਂ ਮੇਰੀ ਰੰਨ ਬਣ ਕੇ ਨਹੀਂ ਮੁੰਡੇ ਸਣੇ ਘੋਗਾ ਚਿੱਤ ਕਰ ਦੇਣਾ।”[11] ਅਜਿਹੇ ਹਾਲਾਤਾਂ ਵਿਚ ਚੰਨੀ ਉਸ ਨਾਲ ਵਰਤ-ਵਰਤਾ ਛੱਡ ਦਿੰਦੀ ਹੈ ਅਤੇ ਕਹਿੰਦੀ ਹੈ ਕਿ “ਸਰਦਾਰਾ ਅੱਜ ਤੋਂ ਬਾਅਦ ਜੀਣ ਦੀ ਤਾਂ ਕੀ, ਮਰਨ ਦੀ ਸਾਂਝ ਵੀ ਖ਼ਤਮ।”[12]

ਪਰ ਚੰਨੀ ਨੂੰ ਦੂਹਰੇ ਦੁੱਖ ਦਾ ਸਾਹਮਣਾ ਕਰਨਾ ਪੈਂਦਾ ਹੈ। ਉਸ ਦੇ ਪਤੀ ਦੀ ਮੌਤ ਤੋਂ ਕੁੱਝ ਸਾਲ ਬਾਅਦ ਜੋਗੇ ਦੀ ਵੀ ਮੌਤ ਹੋ ਜਾਂਦੀ ਹੈ, ਜਿਸ ਨੇ ਉਸ ਦੀ ਜੱਗ ਵਿਚ ਜੜ੍ਹ ਲਾਈ ਸੀ। ਭਾਵੇਂ ਚੰਨੀ ਦੇ ਘਰਵਾਲੇ ਨੂੰ ਵੀ ਬਾਹਰ ਮੂੰਹ ਮਾਰਨ ਦੀ ਆਦਤ ਸੀ ਅਤੇ ਜੋਗਾ ਵੀ ਕਈ ਥਾਈਂ ਵੰਡਿਆ ਸੀ ਪਰ ਜੋਗਾ ਉਸ ਨੂੰ ਹਮੇਸ਼ਾ ਆਪਣਾ ਲੱਗਾ ਸੀ। ਔਰਤ ਦੇ ਮੁਸ਼ਕਿਲ ਹਾਲਾਤਾਂ ਵਿਚ ਅਜਿਹੇ ਮਰਦ ਬਹੁਤ ਹੁੰਦੇ ਹਨ ਜੋ ਕਿ ਉਸ ਦਾ ਸਹਾਰਾ ਬਣਨ ਦਾ ਵਕਤ ਲੋਚਦੇ ਰਹਿੰਦੇ ਹਨ। ਇਸ ਕਰਕੇ ਹੀ ਬਲਜੀਤ ਭਾਵੇਂ ਚੰਨੀ ਨੂੰ ਪਸੰਦ ਨਹੀਂ ਸੀ ਪਰ ਬਿਜਨਸ ਪਾਰਟਨਰ ਹੋਣ ਕਰਕੇ ਉਸ ਦਾ ਸਹਾਰਾ ਵੀ ਬਣਿਆ ਸੀ।

ਦੂਜੇ ਪਾਸੇ ਨਿੰਦੀ ਜੋ ਕਿ ਪੌਣੇ ਸੱਤ ਸਾਲ ਬਾਅਦ ਪਿੰਡ ਨੂੰ ਪਰਤ ਰਹੀ ਸੀ ਕਾਲਜ ਤੋਂ ਹੀ ਖੁੱਲੇ-ਡੁੱਲ੍ਹੇ ਸੁਭਾਅ ਦੀ ਮਾਲਕ ਸੀ ਜਿਸ ਨੂੰ ਤਿੰਨ-ਤਿੰਨ ਮਹੀਨੇ ਦੀ ਵਿਥ ਨਾਲ ਪਤੀ, ਭਰਾ ਅਤੇ ਪੁੱਤ ਦੇ ਚਲੇ ਜਾਣ ਦੇ ਦੁੱਖ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਅਜਿਹੇ ਹਾਲਾਤਾਂ ਵਿਚ ਉਹ ਜ਼ਿੰਦਗੀ ਅੱਗੇ ਗੋਡੇ ਨਹੀਂ ਟੇਕਦੀ ਸਗੋਂ ਇਸ ਨਾਲ ਨਜਿੱਠਣ ਦਾ ਰਾਹ ਲੱਭਦੀ ਹੈ। ਪਤੀ ਦੀ ਮੌਤ ਤੋਂ ਬਾਅਦ ਉਸ ਨੂੰ ਆਪਣੀ ਜ਼ਿੰਦਗੀ ਸੱਖਣੀ ਲੱਗਣ ਲੱਗ ਪੈਂਦੀ ਹੈ ਤਾਂ ਅਜਿਹੇ ਸਮੇਂ ਉਹ ਗੁਰਦੇਵ ਨੂੰ ਆਪਣੀ ਜ਼ਿੰਦਗੀ ਦਾ ਸਹਾਰਾ ਬਣਾ ਲੈਂਦੀ ਹੈ। ਉਸ ਦੇ ਮੁੰਡੇ ਗੈਰੀ ਨੂੰ ਆਪਣੀ ਮਾਂ ਦਾ ਕਿਸੇ ਹੋਰ ਮਰਦ ਨਾਲ ਗੱਲਾਂ ਕਰਨਾ ਚੰਗਾ ਨਹੀਂ ਲੱਗਦਾ, ਜਿਸ ਕਰਕੇ ਮਾਨਸਿਕ ਤਨਾਅ ਕਾਰਨ ਉਸ ਨੂੰ ਬਰੇਨ ਹੈਮਰੇਜ ਹੋ ਜਾਂਦਾ ਹੈ ਅਤੇ ਉਸ ਦੀ ਮੌਤ ਹੋ ਜਾਂਦੀ ਹੈ। ਸਾਰੇ ਨਿੰਦੀ ਨੂੰ ਹੀ ਗੈਰੀ ਦਾ ਕਾਤਲ ਮੰਨਦੇ ਹਨ, ਪਰ ਕੋਈ ਵੀ ਉਸ ਦੇ ਹਾਲਾਤਾਂ ਵੱਲ ਨਜ਼ਰ ਨਹੀਂ ਮਾਰਦਾ। ਮੁੰਡੇ ਦੀ ਮੌਤ ਤੋਂ 17 ਦਿਨਾਂ ਬਾਅਦ ਹੀ ਉਹ ਗੁਰਦੇਵ ਨਾਲ ਵਿਆਹ ਕਰਵਾ ਲੈਂਦੀ ਹੈ। ਉਸ ਦਾ ਮੰਨਣਾ ਸੀ ਕਿ ਜਾਗਦੀਆਂ ਅੱਖਾਂ ਦੇ ਸੁਪਨੇ ਕਦੇ ਨਹੀਂ ਮਰਦੇ। ਨਿੰਦੀ ਅਤੇ ਗੁਰਦੇਵ ਕਿਤੇ ਨਾ ਕਿਤੇ ਆਪਣੇ ਆਪ ਨੂੰ ਦੋਸ਼ੀ ਮੰਨਦੇ ਹਨ। ਨਿੰਦੀ ਨੂੰ ਜਿੱਥੇ ਸੱਪਾਂ ਦੇ ਸੁਪਨੇ ਆਉਂਦੇ ਹਨ ਉਥੇ ਹੀ ਗੁਰਦੇਵ ਨੂੰ ਆਪਣੀ ਪਹਿਲੀ ਪਤਨੀ ਅਤੇ ਗੁਰਬਚਨ ਦੇ ਸੁਪਨੇ ਸਤਾਉਂਦੇ ਹਨ। ਨਿੰਦੀ ਦੇ ਖੁੱਲੇ-ਡੁੱਲ੍ਹੇ ਸੁਭਾਅ ਕਾਰਨ ਉਸ ਨੂੰ ਅਜਿਹੀਆਂ ਔਰਤਾਂ ਵੀ ਚੰਗੀਆਂ ਨਹੀਂ ਲੱਗਦੀਆਂ ਜੋ ਦੂਹਰੇ ਮਾਪਦੰਡ ਵਾਲੀ ਜ਼ਿੰਦਗੀ ਜਿਊਂਦੀਆਂ ਹਨ, ਜੋ ਇਕ ਪਾਸੇ ਤਾਂ ਆਪਣੇ ਵਿਧਵਾ ਹੋਣ ਦਾ ਢਕਵੰਜ ਕਰਦੀਆਂ ਹਨ ਅਤੇ ਅੰਦਰ ਖਾਤੇ ਕਿਸੇ ਹੋਰ ਨਾਲ ਗੰਡਤੁੱਪ ਰੱਖਦੀਆਂ ਹਨ। ਪਿੰਡ ਨੂੰ ਪਰਤਦਿਆਂ ਉਸ ਦਾ

ਸਿਰ ਆਪਣੇ ਪਤਿਓਰੇ ਦੀ ਯਾਦ 'ਚ ਬਣੇ ਯਾਦਗਾਰੀ ਗੇਟ ਅੱਗੇ ਝੁੱਕ ਜਾਂਦਾ ਹੈ। ਮਨੁੱਖ ਨੇ ਜਿੱਥੇ ਆਪਣੀ ਜ਼ਿੰਦਗੀ ਦੇ ਕੁਝ ਪਲ ਗੁਜ਼ਾਰੇ ਹੋਣ ਉਹ ਉਸ ਦੀਆਂ ਸਿਮਰਤੀਆਂ ਦਾ ਹਿੱਸਾ ਬਣੇ ਰਹਿੰਦੇ ਹਨ। ਭਾਵੇਂ ਨਿੰਦੀ ਨੂੰ ਪਿੰਡ ਛੱਡੇ ਕਈ ਸਾਲ ਹੋ ਗਏ ਸਨ ਪਰ ਫਿਰ ਵੀ ਉਹ ਸਿੱਧਾ ਚੰਨੀ ਕੋਲ ਸ਼ਹਿਰ ਜਾਣ ਦੀ ਬਜਾਏ ਗੱਡੀ ਵਾਲੇ ਨੂੰ ਗੱਡੀ ਪਿੰਡ ਵੱਲ ਮੋੜਨ ਨੂੰ ਕਹਿੰਦੀ ਹੈ। ਉਸ ਨੂੰ ਪਿੰਡ ਨਾਲ ਆਪਣਾ ਨਾਤਾ ਜਾਪਦਾ ਹੈ। ਉਹ ਪਿੰਡ ਜੋ ਉਸ ਦਾ ਕਦੇ ਨਹੀਂ ਸੀ ਬਣਿਆ ਅਤੇ ਉਸ ਨੂੰ ਕਈ ਤਰ੍ਹਾਂ ਦੀਆਂ ਗੱਲਾਂ ਸੁਣਨੀਆਂ ਪਈਆਂ ਸਨ, ਉਹ ਉਸ਼ ਨਾਲੋਂ ਟੁੱਟ ਨਹੀਂ ਸਕੀ ਸੀ। ਇਸ ਤਰ੍ਹਾਂ ਇਸ ਕਹਾਣੀ ਦੀਆਂ ਦੋਵੇਂ ਪਾਤਰ ਭਾਵੇਂ ਜ਼ਿੰਦਗੀ ਦੇ ਮੁਸ਼ਕਿਲ ਹਾਲਾਤਾਂ ਵਿਚੋਂ ਗੁਜ਼ਰਦੀਆਂ ਹਨ ਪਰ ਉਹ ਇਨ੍ਹਾਂ ਹਾਲਾਤਾਂ ਅੱਗੇ ਗੋਡੇ ਨਹੀਂ ਟੇਕਦੀਆਂ ਸਗੋਂ ਆਪਣਾ-ਆਪਣਾ ਰਾਹ ਨਿਰਧਾਰਿਤ ਕਰਦੀਆਂ ਹਨ।

"ਜਿਸ ਦਿਹਾੜੇ ਮੇਰਾ ਹਰਿਆ ਨੀ..." ਕਹਾਣੀ ਇਕ ਮਾਂ ਦੇ ਦੁੱਖ ਨੂੰ ਬਿਆਨ ਕਰਦੀ ਹੈ ਜਿਸ ਦਾ ਪੁੱਤ ਫੌਜ ਵਿਚ ਸ਼ਹੀਦ ਹੋ ਜਾਂਦਾ ਹੈ। ਜੰਗ ਭਾਵੇਂ ਦੋ ਦੇਸ਼ਾਂ ਵਿਚਕਾਰ ਹੁੰਦੀ ਹੈ ਪਰ ਇਸ ਜੰਗ ਦੌਰਾਨ ਮਰਨ ਵਾਲੇ ਜਵਾਨਾਂ ਕਰਕੇ ਕਈ ਪਰਿਵਾਰ ਮਰ ਜਾਂਦੇ ਹਨ। ਇਸ ਕਹਾਣੀ ਦੁਆਰਾ ਇਕ ਮਾਂ ਦੀ ਮਮਤਾ ਨੂੰ ਪੇਸ਼ ਕੀਤਾ ਗਿਆ ਹੈ ਕਿ ਕਿਸ ਤਰ੍ਹਾਂ ਇਕ ਮਾਂ ਦੇ ਮਨ ਵਿਚ ਆਪਣੇ ਪੁੱਤ ਲਈ ਕਿੰਨੇ ਚਾਅ ਹੁੰਦੇ ਹਨ। ਕਾਨਵ ਜੋ ਕਿ ਆਰਮੀ ਅਫਸਰ ਸੀ ਉਸ ਦਾ ਕੁਝ ਮਹੀਨੇ ਬਾਅਦ ਹੀ ਵਿਆਹ ਹੋਣ ਕਰਕੇ ਮਾਂ ਦੇ ਅੰਦਰ ਪੁੱਤ ਦੇ ਵਿਆਹ ਦਾ ਚਾਅ ਸੀ। ਜਦੋਂ ਈਰਾਂ ਅਤੇ ਪ੍ਰੀਤ ਕਾਨਵ ਦੀ ਮਾਂ ਨੂੰ ਰਾਤ ਦੇ ਮਿਲਣ ਆਉਂਦੀਆਂ ਹਨ ਤਾਂ ਉਹ ਘਬਰਾ ਜਾਂਦੀ ਹੈ ਪਰ ਸਵੇਰੇ ਭਰਾ -ਭਾਬੀ ਦੇ ਆਉਣ ਨਾਲ ਉਸ ਨੂੰ ਪਤਾ ਲੱਗ ਜਾਂਦਾ ਹੈ ਕਿ ਉਸ ਦਾ ਪੁੱਤ ਲੈਫਟੀਨੈਂਟ ਕੇ.ਡੀ. ਸਿੰਘ ਉਰਫ ਕਾਨਵ ਜੰਗ ਦੌਰਾਨ ਸ਼ਹੀਦ ਹੋ ਗਿਆ ਸੀ। ਭਰਾ-ਭਾਬੀ ਨੂੰ ਆਉਂਦੇ ਹੀ ਭਰਾ ਦਾ ਉਤਰਿਆ ਮੂੰਹ ਦੇਖ ਉਹ ਸਮਝ ਜਾਂਦੀ ਹੈ ਤੇ ਕਹਿੰਦੀ ਹੈ "ਵੀਰੇ ਮੇਰਾ ਪੁੱਤ ਠੀਕ ਆ... ਮੈਂ ਉਹਦੇ ਸੀ.ਓ. ਨੂੰ ਫ਼ੋਨ ਕਰਨ ਲੱਗੀ ਸੀ।"[13]

ਸੰਗਤ ਦਰਸ਼ਨ ਲਈ ਜਦੋਂ ਕਾਨਵ ਦੀ ਦੇਹ ਘਰ ਆਉਂਦੀ ਹੈ ਤਾਂ ਮੱਥੇ ਤੇ ਵੱਜੀ ਗੋਲੀ ਨੂੰ ਵੇਖ ਕਾਨਵ ਦੀ ਮਾਂ ਗਿਲਾ ਕਰਦੀ ਹੈ "ਵੇ... ਤੈਨੂੰ ਪੂਰਾ ਸੂਰਾ ਭੇਜਿਆ ਸੀ.... ਤੇ ਤੂੰ ਪੂਰਾ ਹੋ ਕੇ ਆ ਗਿਆ।"[14] ਇਸ ਸਭ ਦੇ ਬਾਵਜੂਦ ਉਹ ਆਪਣੇ ਪੁੱਤ ਦੀ ਅਰਥੀ ਨੂੰ ਮੋਢਾ ਦਿੰਦੀ ਹੈ। ਕਿਰਨ ਵੀ ਆਪਦੇ ਭਰਾ ਨੂੰ ਯਾਦ ਕਰਦੀ ਹੈ ਕਿ ਮੇਰੀ ਰੱਖੜੀ ਵੀ ਮੇਰੇ ਭਰਾ ਦੀ ਰਾਖੀ ਨਾ ਕਰ ਸਕੀ।

ਜਦੋਂ ਕਾਨਵ ਦਾ ਰਸੋਈਆ ਉਸ ਬਾਰੇ ਦੱਸਦਾ ਹੈ ਕਿ ਸਾਹਬ ਬਹੁਤ ਬਹਾਦਰ ਸੀ ਕਿ "ਅੱਜ ਸਾਹਬ ਦੀ ਵਾਰੀ ਨਹੀਂ ਸੀ ਇਨਕਾਊਂਟਰ 'ਤੇ ਜਾਣ ਦੀ ......ਜਿਸ ਨੇ ਜਾਣਾ ਸੀ, ਉਹ ਬਾਲ ਬੱਚੇਦਾਰ ਸੀ ਤੇ ਉਹ ਹੱਸਦਾ-ਹੱਸਦਾ ਕਹਿਣ ਲੱਗਾ-ਛੱਡ ਯਾਰ...ਤੇਰੀ ਚੂੜੇ ਵਾਲੀ ਉਡੀਕਦੀ ਹੋਣੀ...ਮੈਂ ਚਲਾ ਜਾਂਦਾ...ਯਾਰ ਹੁਰੀਂ ਅਜੇ ਕੱਲੇ ਆ.... ਨੋ ਮੈਰਿਜ਼ ਨੋ ਟੈਨਸ਼ਨ।"[15] ਕਾਨਵ ਦੀ ਮਾਂ ਹੌਕਾ ਭਰ ਕਿ ਕਹਿੰਦੀ ਹੈ ਕਿ ਪੁੱਤ "ਕੱਲੇ ਤਾਂ ਤੂੰ ਸਾਨੂੰ ਕਰ ਗਿਆ ਪੁੱਤਾਂ"[16]!

ਭਾਵੇਂ ਕਾਨਵ ਸ਼ਹੀਦ ਹੋ ਜਾਂਦਾ ਹੈ ਪਰ ਮਾਂ ਆਪਣੇ ਪੁੱਤਾ ਨੂੰ ਕਦੇ ਭੁਲਦੀ ਨਹੀਂ। ਜਦੋਂ ਕਿਰਨ ਦੇ ਵਿਦੇਸ਼ ਜਾਣ ਤੋਂ ਬਾਅਦ ਮਾਨਵ ਦੇ ਘਰ ਨਵਾਂ ਜੀਅ ਆਉਣ ਬਾਰੇ ਪਤਾ ਲੱਗਦਾ ਹੈ ਤਾਂ ਉਹ ਆਪਣੇ ਪੁੱਤ ਦੀ ਯੂਨੀਫੋਰਮ ਨੂੰ ਝੋਲੀ ਵਿਚ ਲੈ ਕੇ ਬੈਠ ਜਾਂਦੀ ਹੈ। ਆਪਣੇ ਪੁੱਤ ਨੂੰ ਯਾਦ ਕਰਦੀ ਹੈ। ਉਹ ਮਾਨਵ ਦੇ ਬੱਚੇ ਵਿਚੋਂ ਆਪਣੇ ਕਾਨਵ ਨੂੰ ਦੇਖ ਰਹੀ ਹੁੰਦੀ ਹੈ। ਇਸੇ ਲਈ ਉਹ ਈਰਾ ਨੂੰ ਕਹਿੰਦੀ ਹੈ ਕਿ ਕਾਨਵ ਦੀ ਖ਼ਬਰ ਦਾ ਵੀ ਪਤਾ ਸਭ ਤੋਂ ਪਹਿਲਾਂ ਤੈਨੂੰ ਪਤਾ ਲੱਗਾ ਸੀ। ਮੈਂ ਇਹ ਖ਼ਬਰ ਵੀ ਮੈਂ ਸਭ ਤੋਂ ਪਹਿਲਾਂ ਤੈਨੂੰ ਸੁਣਾਉਣਾ ਚਾਹੰਦੀ ਹਾਂ ਕਿ ਮਾਨਵ ਦੇ ਘਰ ਨਵਾਂ ਜੀਅ ਆਉਣ ਵਾਲਾ ਹੈ। ਈਰਾਂ ਨੂੰ ਯੂਨੀਫੋਰਮ ਦਾ ਹਰਾ ਰੰਗ ਸਾਰੇ ਕਮਰੇ ਵਿਚ ਫੈਲਿਆ ਲੱਗਦਾ ਹੈ। ਕਾਵਨ ਦੀ ਮਾਂ ਜਦੋਂ ਯੂਨੀਫੋਰਮ ਨੂੰ ਗੋਦ ਵਿਚ ਲੈ ਕੇ ਲਾਡ ਨਾਲ ਹੱਥ ਫੇਰਦੀ ਗੁਣਗੁਣਾਉਂਦੀ ਹੈ ਕਿ "ਜਿਸ ਦਿਹਾੜੇ ਮੇਰਾ ਹਰਿਆ ਨੀ ਜੰਮਣਾ...ਸੋਈ ਦਿਹਾੜੇ ਮੇਰਾ ਹਰਿਆ ਨੀ ਜੰਮਣਾ।"[17] ਤਾਂ ਈਰਾਂ ਨੂੰ ਸਾਰੇ ਕਮਰੇ ਵਿਚ ਹਰਾ ਰੰਗ ਫੈਲਿਆ ਨਜ਼ਰ ਆਉਂਦਾ ਹੈ।

ਇਸ਼ ਤਰ੍ਹਾਂ ਸਰਘੀ ਆਪਣੀਆਂ ਕਹਾਣੀਆਂ ਵਿਚ ਜਿੱਥੇ ਔਰਤ ਦੇ ਦੁਖ ਭਰੇ ਹਾਲਾਤਾਂ ਦਾ ਜ਼ਿਕਰ ਕਰਦੀ ਹੈ ਉੱਥੇ ਹੀ ਉਸ ਦੁਆਰਾ ਪੇਸ਼ ਔਰਤ ਪਾਤਰਾਂ ਆਪਣੇ ਮੁਸ਼ਕਿਲ ਹਾਲਾਤਾਂ ਨਾਲ ਸਮਝੌਤਾ ਨਹੀਂ ਕਰਦੀਆਂ ਸਗੋਂ ਆਪਣੀਆਂ ਵੱਖਰਾ ਰਾਹ ਇਖਤਿਆਰ ਕਰਦੀਆਂ ਹਨ। ਉਹ ਸਮਾਜ ਦੇ ਅਨੁਸਾਰੀ ਨਾ ਚੱਲ ਸਗੋਂ ਸਮਾਜਕ ਪਰੰਪਰਾ ਨੂੰ ਭੰਗ ਕਰਦੀਆ ਹਨ।

## ਹਵਾਲੇ ਅਤੇ ਟਿੱਪਣੀਆਂ


1. ਸਰਘੀ, ਆਪਣੇ ਆਰਣੇ ਮਰਸੀਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2020, ਪੰਨਾ -16
2. ਉਹੀ, ਪੰਨਾ-10
3. ਉਹੀ, ਪੰਨਾ-31
4. ਉਹੀ, ਪੰਨਾ-31
5. ਉਹੀ, ਪੰਨਾ-36
6. ਉਹੀ, ਪੰਨਾ-37
7. ਉਹੀ, ਪੰਨਾ-38
8. ਉਹੀ, ਪੰਨਾ-99
9. ਉਹੀ, ਪੰਨਾ-108
10. ਉਹੀ, ਪੰਨਾ-111
11. ਉਹੀ, ਪੰਨਾ-56
12. ਉਹੀ, ਪੰਨਾ-57
13. ਉਹੀ, ਪੰਨਾ-116
14. ਉਹੀ, ਪੰਨਾ-116
15. ਉਹੀ, ਪੰਨਾ-118
16. ਉਹੀ, ਪੰਨਾ-118
17. ਉਹੀ, ਪੰਨਾ-120

# ਝਾਂਜਰਾਂ ਵਾਲੇ ਪੈਰ : ਸਭਿਆਚਾਰਕ ਤਣਾਓ ਦਾ ਬਿਰਤਾਂਤ

**ਸਿਮਰਜੀਤ ਕੌਰ**
**ਪੀਐਚ.ਡੀ. ਖੋਜਾਰਥੀ**
**ਪੰਜਾਬੀ ਵਿਭਾਗ ,ਦਿੱਲੀ ਯੂਨੀਵਰਸਿਟੀ**

**'ਝਾਂਜਰਾਂ ਵਾਲੇ ਪੈਰ'** ਅਰਵਿੰਦਰ ਕੌਰ ਦਾ ਪਲੇਠਾ ਕਹਾਣੀ ਸੰਗ੍ਰਹਿ ਹੈ ਇਸ ਨਾਲ ਲੇਖਿਕਾ ਨੇ ਸਾਹਿਤ ਵਿਚ ਆਪਣੇ ਕਹਾਣੀਕਾਰ ਹੋਣ ਦੀ ਦਸਤਕ ਦਿੱਤੀ ਹੈ। ਇਸ ਕਹਾਣੀ ਸੰਗ੍ਰਹਿ ਵਿਚ ਕੁਲ ਦਸ ਕਹਾਣੀਆਂ ਦੀ ਪੇਸ਼ਕਾਰੀ ਕੀਤੀ ਗਈ ਹੈ ਜੋ ਕ੍ਰਮਵਾਰ ਇਸ ਤਰ੍ਹਾਂ ਹਨ- **'ਆਪਣੇ-ਆਪਣੇ ਹਿੱਸੇ ਦਾ ਆਸਮਾਨ', 'ਆਖ਼ਿਰ ਉਹ ਹਾਰ ਗਿਆ', 'ਝਾਂਜਰਾਂ ਵਾਲੇ ਪੈਰ', 'ਗਰਦਿਸ਼', 'ਹੈਸ਼ ਟੈਗ # ਤੂੰ ਉਹ', 'ਨੀਲੇ ਮੋਰਾਂ ਵਾਲੀ ਚਾਦਰ', 'ਮਤ ਸ਼ਰਮਿੰਦਾ ਥੀਵਹੀ', 'ਕੁਆਰ ਗੰਦਲ', 'ਵੇਦਨ ਕਹੀਏ ਕਿਸ', ਅਤੇ 'ਲਿਪ ਗਲੋਸ'** ਆਦਿ ਹਨ। ਇਸ ਕਹਾਣੀ ਸੰਗ੍ਰਹਿ ਦੀਆਂ ਸਾਰੀਆਂ ਕਹਾਣੀਆਂ ਵਿਸ਼ੇ ਪੱਖੋਂ ਵੰਨ-ਸੁਵੰਨਤਾ, ਕਲਾਤਮਕ ਨਿਭਾਅ, ਕਥਾ-ਜੁਗਤਾਂ ਦੇ ਸੱਜਰੇ ਜਾਵੀਏ, ਜੀਵਨ ਦੀਆਂ ਅਸੀਮ ਜਟਿਲਤਾਵਾਂ ਅਤੇ ਵਿਸੰਗਤੀਆਂ ਦੀ ਕਲਾ-ਕੌਸ਼ਲਤਾ ਪੱਖੋਂ ਪੇਸ਼ ਹੋਈਆਂ ਹਨ। ਅਰਵਿੰਦਰ ਕੌਰ ਦੀਆਂ ਕਹਾਣੀਆਂ ਦੀ ਸਲਾਂਘਾਯੋਗ ਗੱਲ ਇਹ ਹੈ ਕਿ ਇਹ ਕਹਾਣੀਆਂ ਚੁੱਪ ਵਿਚ ਡੂੰਘੀ ਛਾਪ ਛੱਡਦੀਆਂ ਹਨ। ਇਸ ਕਹਾਣੀ ਸੰਗ੍ਰਹਿ ਤੋਂ ਇਲਾਵਾ ਜੇ ਗੱਲ ਕੀਤੀ ਜਾਵੇ ਤਾਂ ਕਹਾਣੀਕਾਰ ਦੀਆਂ ਇਸ ਤੋਂ ਪਹਿਲਾਂ ਕਈ ਕਿਤਾਬਾਂ ਆ ਚੁੱਕੀਆਂ ਹਨ ਜਿਵੇਂ ਖਾਸਮਾਖਾਣੀਆਂ, ਬੁੱਲ੍ਹਾ, ਤੀਸਰੀ ਦਸਤਕ, ਬਾਰਡਰ-ਬਾਰਡਰ, ਦੁੱਖ- ਦਰਿਆ, ਜੋੜ੍ਹੀਆਂ ਜਗ ਥੋੜ੍ਹੀਆਂ ਅਤੇ ਨਾਟਕ ਸ਼ਾਹਿਦ ਨਦੀਮ ਦੇ ਨਾਟਕ ਹਨ। ਉਸ ਨੇ ਨਾਟਕ ਵਿਚ ਸਾਹਿਤਕ ਆਲੋਚਨਾ ਦੀਆਂ ਰਚਨਾਵਾਂ ਵੀ ਤਿਆਰ ਕੀਤੀਆਂ ਹਨ। ਲੇਖਿਕਾ ਨੂੰ 'ਕਲਾ ਰਤਨ ਪੁਰਸਕਾਰ 2013', 'ਗੁਰਦਿਆਲ ਸਿੰਘ ਫੁੱਲ ਯਾਦਗਾਰੀ ਸਭਾ', ਅਤੇ 'ਪ੍ਰਿੰਸੀਪਲ ਸੁਜਾਨ ਸਿੰਘ ਯਾਦਗਾਰੀ' ਉਤਸ਼ਾਹ ਵਰਧਕ ਸਨਮਾਨ 2020, ਨਾਲ ਸਨਮਾਨਿਤ ਕੀਤਾ ਗਿਆ। 2021 ਵਿਚ **'ਝਾਂਜਰਾਂ ਵਾਲੇ ਪੈਰ'** ਕਹਾਣੀ ਸੰਗ੍ਰਹਿ ਨੂੰ ਦਲਬੀਰ ਚੇਤਨ ਯਾਦਗਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।

'ਝਾਂਜਰਾਂ ਵਾਲੇ ਪੈਰ' ਕਹਾਣੀ ਸੰਗ੍ਰਹਿ ਦੀ ਕਹਾਣੀ 'ਆਪਣੇ-ਆਪਣੇ ਹਿੱਸੇ ਦਾ ਆਸਮਾਨ' ਵਿਚ ਦੋ ਨੁਕਤੇ ਸਾਹਮਣੇ ਆਉਂਦੇ ਹਨ ਪਹਿਲਾ ਬੱਚੇ ਦੀ ਅਣਹੋਂਦ ਨਾਲ ਪਤੀ-ਪਤਨੀ ਦਾ ਰਿਸ਼ਤਾ ਅਣ-ਸੁਖਾਵਾਂ ਅਤੇ ਦੂਜਾ ਅਡਵਾਂਸ ਤਕਨਾਲੋਜੀ ਦੇ ਹਵਾਲੇ ਤੋਂ ਪੇਸ਼ ਕੀਤੀ ਗਈ ਹੈ। ਇਹ ਕਹਾਣੀ ਮਾਪੇ ਬਣਨ ਦੇ ਸੁਪਨੇ ਨੂੰ ਸਾਕਾਰ ਕਰਨ ਦੀ ਨਵੀਂ ਤਕਨਾਲੋਜੀ ਨੂੰ ਪੇਸ਼ ਕਰਦੀ ਹੈ। ਇਸ ਕਹਾਣੀ ਦਾ ਮੁੱਖ ਪਾਤਰ ਦਿਆਲ ਬਾਪ ਨਹੀਂ ਬਣ ਸਕਦਾ ਕਿਉਂਕਿ ਉਸਦੀ ਸਪਰਮ ਮੋਟਿਲਿਟੀ ਕਮਜ਼ੋਰ ਹੈ। ਪਰ ਉਸਦੀ ਪਤਨੀ ਪਾਲੀ ਜਿਸ ਵਿਚ ਕੋਈ ਕਮੀ ਨਹੀਂ ਹੈ ਉਹ ਮਾਂ ਬਣ ਸਕਦੀ ਹੈ। ਡਾਕਟਰ ਦਿਆਲ ਨੂੰ ਸਮਝਾਉਂਦਾ ਹੈ ਕਿ ਪਾਲੀ ਮਾਂ ਬਣ ਸਕਦੀ ਹੈ ਨੈਚੂਰਲ ਨਾ ਸਹੀ ਆਰਟੀਫੀਸ਼ੀਅਲ ਤਕਨੀਕ ਰਾਹੀਂ ਹੀ ਪਰ ਤੁਹਾਡਾ ਮਾਪੇ ਬਣਨ ਦਾ ਸੁਪਨਾ ਸਾਕਾਰ ਹੋ ਸਕਦਾ ਹੈ ਜਿਸ ਦੇ ਚਲਦੇ ਉਹ ਵਿਗਿਆਨ ਦੇ ਕਰਿਸ਼ਮਿਆਂ ਨੂੰ ਪੇਸ਼ ਕਰਦਾ ਹੈ। ਡਾਕਟਰ ਇੱਥੇ ਟੈਸਟ ਟਿਊਬ ਰਾਹੀਂ ਪੈਦਾ ਹੋ ਰਹੇ ਬੱਚਿਆਂ ਦੀ ਨਵੀਂ ਤਕਨੀਕ ਤੋਂ ਜਾਣੂ ਕਰਾਉਂਦਾ ਹੈ ਕਿ ਇਸ ਤਕਨਾਲੋਜੀ ਸਪੇਸ ਅੰਦਰ ਕੁਝ ਵੀ ਅਸੰਭਵ ਨਹੀਂ ਹੈ। ਇਸ ਦੀ ਉਦਾਹਰਨ ਉਹਨਾਂ ਦੀ ਵਾਰਤਾਲਾਪ ਹੈ:-

> **"ਯਾਰ ਨਿਰਾਸ਼ ਹੋਣ ਦੀ ਲੋੜ ਨਹੀਂ। ਕੁਦਰਤ ਬੜੀ ਬੇਅੰਤ ਹੈ 'ਤੇ ਸਾਇੰਸ ਉਸਤੋਂ ਵੀ ਜ਼ਿਆਦਾ, ਮੈਨੀ ਟਾਈਮਜ਼ ਮਿਰੇਕਲਜ਼ ਹੈਪਨਜ਼। ਉਨ੍ਹਾਂ ਤੇ ਭਰੋਸਾ ਰੱਖ। ਤੇਰਾ ਨਾ ਸਹੀ, ਤੇਰੀ ਬੀਵੀ ਦੇ ਤਾਂ ਬੱਚਾ ਹੋ ਸਕਦਾ। ਤੈਨੂੰ ਤਾਂ ਬੱਚੇ ਨਾਲ ਮਤਲਬ ਏ ਨਾ, ਆਪਾਂ ਪਾਲੀ ਨੂੰ ਕੁਝ ਦੱਸਾਂਗੇ ਹੀ ਨਹੀਂ...ਤੂੰ ਉਸਨੂੰ ਆਈ. ਵੀ. ਐੱਫ. ਲਈ ਰਾਜ਼ੀ ਕਰ ਲੈ। ਉਸ ਨੂੰ ਇਹੀ ਦੱਸਾਂਗੇ ਕਿ ਨੈਚੂਰਲ ਨਹੀਂ ਤਾਂ ਆਰਟੀਫੀਸ਼ਅਲੀ ਐਂਬਰੀਓ ਟਰਾਂਸਫਰ ਕਰ ਲੈਨੇ ਹਾਂ। ਉਹ ਤਾਂ ਆਪਣੇ**

**ਵੱਲੋਂ ਤੇਰੇ ਹੀ ਬੱਚੇ ਦੀ ਮਾਂ ਬਣੇਗੀ ਨਾ...। ਕਮ ਆਨ ਯਾਰ! ਗਿਵ ਮੀ ਯੂਅਰ ਸਮਾਈਲ! ਤੇਰਾ ਕਾਨਫੀਡੈਂਸ...ਤੂੰ... ਸਭ ਉਵੇਂ ਹੀ ਰਹੇਗਾ, ਜਿਵੇਂ ਹੈ... !" ਡਾਕਟਰ ਨੇ ਜਿਵੇਂ ਟੈਸਟ ਟਿਊਬ ਬੇਬੀ ਦੀ ਐਡਵਾਂਸ ਤਕਨੀਕ ਦਾ ਜਾਲ ਸੁਟਿਆ।**[1]

ਇਸਦੇ ਚਲਦੇ ਜਦੋਂ ਦਿਆਲ ਨੂੰ ਪਤਾ ਲਗਦਾ ਹੈ ਕਿ ਪਾਲੀ ਮਾਂ ਬਣਨ ਵਾਲੀ ਹੈ ਉਸ ਲਈ ਜਿਵੇਂ ਪਰਲੋਂ ਆ ਗਈ ਹੋਵੇ। ਡਾਕਟਰ ਮੁਤਾਬਕ ਉਹ ਨਿਪੁੰਸਕ ਹੈ ਤਾਂ ਉਸਦੀ ਪਤਨੀ ਮਾਂ ਕਿਵੇਂ ਬਣ ਸਕਦੀ ਹੈ। ਇਸ ਸਭ ਦੇ ਕਾਰਨ ਉਨ੍ਹਾਂ ਦੇ ਰਿਸ਼ਤੇ ਵਿਚ ਤਣਾਉ ਵਧਦਾ ਹੈ, ਮਾਰ ਕੁੱਟ ਸ਼ੁਰੂ ਹੁੰਦੀ ਹੈ, ਗੱਲ ਤਲਾਕ ਤਕ ਪਹੁੰਚ ਜਾਂਦੀ ਹੈ। ਇੱਥੇ ਕਹਾਣੀਕਾਰ ਰੋਜ਼ ਜਿਉਣ ਲਈ ਤਾਂਘਦੀ ਪਰ ਦੱਬੀ ਕੁਚਲੀ ਅਤੇ ਮਾਰ-ਕੁੱਟ ਨਾਲ ਭੰਨੀ ਔਰਤ ਨੂੰ ਜੁਬਾਨ ਦਿੰਦੀ ਹੈ। ਪਤਨੀ ਦਹਾੜਦੀ ਹੋਈ ਪਤੀ ਦੇ ਮਰਦਊਪੁਣੇ ਨੂੰ ਵੰਗਾਰਦੀ ਹੈ। ਤੂੰ ਲੱਖ ਵੇਰ ਆਖ ਇਹ ਬੱਚਾ ਤੇਰਾ ਨਹੀਂ ਪਰ ਮੈਂ ਹਿੱਕ ਠੋਕ ਕੇ ਆਖਦੀ ਹਾਂ ਇਹ ਬੱਚਾ ਮੇਰਾ ਹੈ। ਇੱਥੇ ਕਹਾਣੀਕਾਰ ਔਰਤ ਨੂੰ ਆਪਣੇ ਹੱਕਾਂ ਅਤੇ ਜ਼ੁਲਮਾਂ ਪ੍ਰਤੀ ਬੋਲਣ ਲਈ ਜ਼ੁਬਾਨ ਦਿੰਦੀ ਹੈ। ਉਹ ਦੱਸਦੀ ਹੈ ਕਿ ਹੁਣ ਦੀ ਔਰਤ ਆਪਣੇ ਤੇ ਜ਼ੁਲਮ ਨਹੀਂ ਸਹੇਗੀ ਅੱਜ ਦੀ ਔਰਤ ਪੜ੍ਹ-ਲਿਖ ਗਈ ਹੈ ਤੇ ਆਪਣੇ ਹੱਕਾਂ ਲਈ ਲੜਨਾ ਜਾਣਦੀ ਹੈ। ਇਸ ਤਕਨਾਲੋਜੀ ਨੇ ਔਰਤ ਨੂੰ ਆਪਣੇ ਬਾਰੇ ਬੋਲਣ ਦਾ ਪਲੇਟਫਾਰਮ ਮੁਹੱਈਆਂ ਕੀਤਾ ਹੈ। ਹੁਣ ਦੀ ਔਰਤ ਇਕੱਲੇ ਜੀਵਨ ਜਿਉਣ ਤੋਂ ਘਬਰਾਉਂਦੀ ਨਹੀਂ ਸਗੋਂ ਪੜ੍ਹਨ ਲਿਖਣ ਨਾਲ ਉਹ ਆਪਣੇ ਆਪ ਨੂੰ ਸੰਪੂਰਨ ਮੰਨਦੀ ਹੈ ਜਿੱਥੇ ਉਸ ਦੀ ਦੁਨੀਆਂ ਵਿਚ ਮਰਦ ਦੀ ਕੋਈ ਜਗ੍ਹਾਂ ਨਹੀਂ ਹੈ। ਇਸ ਦੀ ਉਦਾਹਰਨ ਦੇਖ ਸਕਦੇ ਹਾਂ:-

**ਤੇਰੇ ਦਿਮਾਗ ਦੇ ਕੀੜੇ ਦਾ ਕੋਈ ਇਲਾਜ ਨਹੀਂ, ਜਾਹ... ਜਾ ਕੇ ਕਿਸੇ ਡਾਕਟਰ ਨੂੰ ਵਿਖਾ ਤੇ ਆਪਣਾ ਇਲਾਜ ਕਰਾ...ਅੱਵਲ ਤੇ ਮੈਂ ਮੰਨਦੀ ਨਹੀਂ ਕਿ ਇਹ ਤੇਰਾ ਨਹੀਂ...ਪਰ ਹਾਂ...ਤੇਰੇ ਮੁਤਾਬਕ...ਜੇ ਇਹ ਤੇਰਾ ਨਹੀਂ ਵੀ ਏ...ਤਾਂ ਵੀ ਇਹ ਮੇਰਾ ਤੇ ਹੈ...ਬਲਕਿ ਅੱਜ ਤੋਂ ਇਹ ਸਿਰਫ਼ ਮੇਰਾ ਏ...! ਤੂੰ ਮੈਨੂੰ ਛੱਡਣਾ ਚਾਹੁੰਨਾ ਏਂ...ਛੱਡ ਦੇ...! ਤੂੰ ਆਪਣੇ ਸ਼ੱਕ ਨਾਲ ਜੀਅ ਤੇ ਮੈਂ ਆਪਣੇ ਬੱਚੇ ਨਾਲ ਜੀਵਾਂਗੀ'** [2]

ਚਿੰਤਕ ਮਿਸ਼ੇਲ ਫੂਕੋ (Michel Foucault) ਜਿਸਨੇ ਸਮਾਜਕ ਸਿਸਟਮ ਨੂੰ ਸਮਝਦਿਆਂ 'ਪ੍ਰਵਚਨ' (Discourse), 'ਤਾਕਤ' (Power), 'ਗਿਆਨ' (Knowledge), 'ਅਨੁਸ਼ਾਸਨ' (Discipline) ਤੇ 'ਪੈਨਔਪਟਿਕ ਸੁਸਾਇਟੀ' (Panoptic Society) ਆਦਿ ਮਹੱਤਵਪੂਰਨ ਸੰਕਲਪ ਪੇਸ਼ ਕੀਤੇ ਹਨ। ਫੂਕੋ ਸਮਾਜਿਕ ਪ੍ਰਕਿਰਿਆ ਵਿਚ 'ਪ੍ਰਵਚਨ' ਨੂੰ ਤਲਾਸ਼ਦਾ ਹੈ। ਉਸ ਅਨੁਸਾਰ ਸਮਾਜ ਦੀਆਂ ਦੋ ਧਿਰਾ ਹੁੰਦੀਆਂ ਹਨ ਇਕ ਤਾਕਤਵਰ ਅਤੇ ਦੂਜੀ ਘੱਟ ਤਾਕਤਵਰ। ਤਾਕਤਵਰ ਧਿਰ 'ਪ੍ਰਵਚਨ' ਸਿਰਜਣ ਦੀ ਅਧਿਕਾਰਤ ਹੈ। ਉਹ 'ਪ੍ਰਵਚਨ' ਦੇ ਵਿਧੀ-ਵਿਧਾਨ ਨੂੰ ਵੇਖਦਾ ਹੈ ਜਿਸ 'ਚ ਹਰੇਕ ਨੂੰ ਇਹ 'ਪ੍ਰਵਚਨ' ਵਰਤਣ ਦਾ ਹੱਕ ਨਹੀਂ ਹੁੰਦਾ ਜਾਂ ਹੱਕ ਹਾਸਲ ਕਰਨ ਲਈ ਖ਼ਾਸ ਮੌਕੇ ਦੀ ਲੋੜ ਹੁੰਦੀ ਹੈ। ਫੂਕੋ ਅਨੁਸਾਰ 'ਪ੍ਰਵਚਨ' ਗਿਆਨ ਅਤੇ ਤਾਕਤ ਨੂੰ ਜੋੜਦਾ ਹੈ। ਜਿਸ ਵਲੋਂ ਜੋ ਪੇਸ਼ ਹੋ ਰਿਹਾ ਰਿਹਾ ਹੈ ਸਾਡਾ ਮਨ ਉਸਨੂੰ ਆਸਾਨੀ ਨਾਲ ਪ੍ਰਵਾਨ ਕਰ ਲੈਂਦਾ ਹੈ। ਹਰੇਕ ਸਮਾਜ ਵਿਚ ਤਾਕਤਵਰ ਧਿਰ ਨੇ ਅਜਿਹੀ ਹੀ ਵਿਵਸਥਾ ਦਾ ਨਿਰਮਾਣ ਕੀਤਾ ਹੁੰਦਾ ਹੈ ਜਿਸਨੂੰ ਫੂਕੋ 'ਪੈਨਔਪਟਿਕ ਸੁਸਾਇਟੀ' ਦਾ ਨਾਂ ਦਿੰਦਾ ਹੈ। ਭਾਵ ਸਾਡੇ ਮਨ, ਭਾਸ਼ਾ, ਵਿਚਾਰਾਂ, ਵਿਹਾਰਾਂ ਆਦਿ ਉਪਰ ਕਿਸੇ ਹੋਰ ਥਾਂ ਤੋਂ ਕੰਟਰੋਲ ਹੁੰਦਾ ਹੈ। ਤਾਕਤ ਦਾ ਬਹੁਤ ਵੱਡਾ ਨੈੱਟਵਰਕ ਹੁੰਦਾ ਹੈ ਜੋ ਘਰ-ਪਰਿਵਾਰ, ਸੰਸਥਾਵਾਂ ਅਤੇ ਸਟੇਟ ਸਭ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਇਹ ਸਭ ਕੁਝ 'ਪ੍ਰਵਚਨ' ਰਾਹੀਂ ਹੀ ਵਾਪਰਦਾ ਹੈ। ਜਿਸ ਵਿਚ ਉਹ ਆਪਣਾ ਸੰਸਾਰ ਤੇ ਯਥਾਰਥ ਸਿਰਜਦਾ ਹੈ ਉਹੀ ਸਾਡੇ ਸਾਹਮਣੇ ਪੇਸ਼ ਹੁੰਦਾ ਹੈ।[3] ਇਸੇ ਪ੍ਰਵਚਨ ਦੀ ਸਭ ਤੋਂ ਵੱਡੀ ਉਦਾਹਰਨ ਨੈੱਟਵਰਕ ਮੀਡੀਆ ਦੇਖਿਆ ਜਾ ਸਕਦਾ ਹੈ। ਅਜੋਕੇ ਸਮਾਜ ਵਿਚ ਸੰਚਾਰ ਮੀਡੀਆ ਰਾਹੀਂ ਹੀ ਔਰਤ ਨੂੰ ਅਜਿਹਾ ਪਲੇਟਫਾਰਮ ਮਿਲਿਆ ਹੈ ਜਿੱਥੇ ਔਰਤ ਆਪਣੇ ਹੱਕਾਂ ਦੀ ਗੱਲ ਬੇਝਿਜਕ ਕਹਿ ਸਕਦੀ ਹੈ। ਪਰ ਇਸ ਆਜ਼ਾਦੀ ਦੀ ਆੜ ਵਿਚ ਔਰਤ ਆਪਣੀਆਂ ਕਦਰਾਂ-ਕੀਮਤਾਂ ਅਤੇ ਸੰਸਕਾਰਾਂ ਨੂੰ ਦਰ-ਕਿਨਾਰ ਕਰਕੇ ਅਜਿਹੀ ਆਜ਼ਾਦੀ ਦੀ ਤਲਾਸ਼ ਵਿਚ ਹੈ ਜੋ ਉਸਨੂੰ ਮੰਡੀ ਦੀ ਵਸਤ ਬਣਾ ਕੇ ਪੇਸ਼ ਕਰ ਰਹੀ ਹੈ। ਇਸੇ ਹੀ ਨਵੀਂ ਤਕਨਾਲੋਜੀ ਰਾਹੀਂ ਬਦਲ ਰਹੀ ਸਮਾਜਕ ਤਸਵੀਰ ਦੀ ਪੇਸ਼ਕਾਰੀ ਅਰਵਿੰਦਰ ਕੌਰ ਧਾਲੀਵਾਲ ਇਹਨਾਂ ਕਹਾਣੀਆਂ ਜ਼ਰੀਏ ਕਰਦੀ ਹੈ, ਜਿਸ ਵਿਚ 'ਆਖ਼ਿਰ ਉਹ ਹਾਰ

ਗਿਆ', 'ਹੈਸ਼ ਟੈਗ # ਤੂੰ ਉਹ', 'ਮਤ ਸ਼ਰਮਿੰਦਾ ਥੀਵਹੀ' ਆਦਿ ਹਨ। ਇਹਨਾਂ ਕਹਾਣੀਆਂ ਵਿਚ ਕਹਾਣੀਕਾਰ ਇਹਨਾਂ ਪਾਤਰਾਂ ਰਾਹੀਂ ਆਧੁਨਿਕ ਔਰਤ ਦੀ ਆਪਣੀ ਸਪੇਸ ਪ੍ਰਤੀ ਅਤੇ ਆਪਣੇ ਤਰੀਕੇ ਨਾਲ ਜਿਉਣ ਲਈ ਬੇਬਾਕੀ ਨੂੰ ਪੇਸ਼ ਕਰਦੀ ਹੈ। ਅੱਜ ਔਰਤ ਪੜ੍ਹ ਲਿਖ ਕੇ ਮਰਦ ਦੇ ਨਾਲ ਹਰ ਖੇਤਰ ਵਿਚ ਬਰਾਬਰ ਵਿਚਰਦੀ ਹੈ, ਜਿੱਥੇ ਔਰਤ ਨੇ ਬਰਾਬਰੀ ਹਾਸਿਲ ਕੀਤੀ ਹੈ ਉੱਥੇ ਹੀ ਕਈ ਔਰਤਾਂ ਇਸ ਬਰਾਬਰੀ ਦਾ ਗਲ਼ਤ ਫ਼ਾਇਦਾ ਚੁੱਕ ਦੀ ਵੀ ਨਜ਼ਰ ਪੈਂਦੀ ਹੈ ਜਿਸ ਨੂੰ ਕਹਾਣੀਕਾਰ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੈ। ਕਹਾਣੀਕਾਰ ਇਹ ਦੱਸਣਾ ਚਾਹੁੰਦੀ ਹੈ ਕਿ ਔਰਤ ਆਪਣੀ ਨਿੱਜੀ ਜ਼ਿੰਦਗੀ ਨੂੰ ਸਮਾਜ ਸਾਹਮਣੇ ਖੁੱਲ ਕੇ ਰੱਖਣ ਅਤੇ ਆਪਣੇ ਨੰਗੇਜ਼ ਦਾ ਪ੍ਰਦਰਸ਼ਨ ਕਰਨ ਨੂੰ ਸੰਪੂਰਨ ਆਜ਼ਾਦੀ ਮੰਨ ਬੈਠੀ ਹੈ।

**'ਆਖ਼ਿਰ ਉਹ ਹਾਰ ਗਿਆ'** ਕਹਾਣੀ ਵਿਚ ਸਮਾਜ ਅੰਦਰ ਵਧ ਰਹੇ ਲੈਸਬੀਅਨ ਸੰਬੰਧਾਂ ਨੂੰ ਉਜਾਗਰ ਕਰਦੀ ਹੈ। ਲੈਸਬੀਅਨ ਇਕ ਸਮਲਿੰਗੀ ਔਰਤ ਨੂੰ ਕਿਹਾ ਗਿਆ ਹੈ। ਲੈਸਬੀਅਨ ਸ਼ਬਦ ਦੀ ਵਰਤੋਂ ਔਰਤਾਂ ਲਈ ਉਨ੍ਹਾਂ ਦੀ ਜਿਨਸੀ ਪਛਾਣ ਜਾਂ ਜਿਨਸੀ ਵਿਵਹਾਰ ਦੇ ਸੰਬੰਧ ਵਿਚ ਕੀਤੀ ਜਾਂਦੀ ਹੈ। ਜਿਨਸੀ ਰੁਝਾਨ ਦੀ ਪਰਵਾਹ ਕੀਤੇ ਬਿਨ੍ਹਾਂ, ਔਰਤਾਂ ਦੇ ਔਰਤ ਨਾਲ ਜਿਨਸੀ ਸੰਬੰਧਾਂ ਵਜੋਂ ਕੀਤੀ ਜਾਂਦੀ ਹੈ। ਕਹਾਣੀਕਾਰ ਲੈਸਬੀਅਨ ਸੰਬੰਧਾਂ ਨੂੰ ਮੁੰਡੇ-ਕੁੜੀ ਦੇ ਮੈਟਾਫਰ ਰਾਹੀਂ ਗੁੱਝੇ ਤਰੀਕੇ ਨਾਲ ਪੇਸ਼ ਕਰਦੀ ਹੈ। ਇਸ ਕਹਾਣੀ ਵਿਚ ਮਨਜੀਤ ਤੇ ਗੀਤ ਦੋਵੇਂ ਸਕੂਲ ਵਿਚ ਜਮਾਤੀ ਹਨ ਪਰ ਉਨ੍ਹਾਂ ਦੀ ਦੋਸਤੀ ਆਮ ਦੋਸਤੀ ਨਾ ਹੋ ਕੇ ਇਕ ਦੂਜੇ ਪ੍ਰਤੀ ਆਕਰਸ਼ਣ ਅਤੇ ਸ਼ਰੀਰਕ ਨੇੜਤਾ ਵਾਲੀ ਹੈ। ਮਨਜੀਤ ਨੂੰ ਜਦੋਂ ਗੀਤ ਦੇ ਭਰਾ ਸੁੱਖ ਨਾਲ ਪ੍ਰੇਮ ਹੁੰਦਾ ਹੈ ਤਾਂ ਉਹ ਇਸ ਤਰ੍ਹਾਂ ਦੀ ਦੋਸਤੀ ਤੋਂ ਕਿਨਾਰਾ ਕਰਦੀ ਹੈ ਜੋ ਗੀਤ ਨੂੰ ਰਾਸ ਨਹੀਂ ਆਉਂਦਾ ਅਤੇ ਉਹ ਭੜਕ ਜਾਂਦੀ ਹੈ। ਗੀਤ ਨੂੰ ਮਨਜੀਤ ਨਾਲ ਆਪਣੇ ਨਿੱਜ ਦਾ ਰਿਸ਼ਤਾ ਮਨਜ਼ੂਰ ਹੁੰਦਾ ਹੈ ਪਰ ਆਪਣੇ ਭਰਾ ਨਾਲ ਉਸਦੀ ਨਜ਼ਦੀਕੀ ਪਸੰਦ ਨਹੀਂ ਆਉਂਦੀ ਜਿਸ ਕਰਕੇ ਉਹ ਮਨਜੀਤ ਨੂੰ ਉਸਦੇ ਖ਼ਾਨਦਾਨ ਦੇ ਮੇਚ ਨਾ ਹੋਣ ਤੇ ਤਿੱਖਾ ਵਿਅੰਗ ਕਰਦੀ ਹੈ। ਇਹ ਅਸੀਂ ਵਰਤਾਲਾਪ ਰਾਹੀਂ ਜਾਣਦੇ ਹਾਂ:-

> **"ਕੀ? ਤੂੰ ! ਸੁੱਖ... ! ਹੋ ਹੀ ਨਹੀਂ ਸਕਦਾ। ਅਸੀਂ ਕਿੱਥੇ ? ਤੂੰ ਕਿੱਥੇ ? ਤੂੰ ਮੇਰੇ ਨਾਲ...! ਮੇਰੇ ਭਰਾ ਨਾਲ...ਏਦਾ ਨਹੀਂ ਕਰ ਸਕਦੀ। ਮੇਰੇ ਪਿਉ ਦਾ ਪਤਾ, ਉਹਨੇ ਡੱਕਰੇ ਕਰ ਦੇਣੇ ਆ ਤੁਹਾਡੇ। ਹੋਰ ਥੋੜ੍ਹੇ ਦਿਨਾਂ ਨੂੰ ਮੇਰੇ ਭਰਾ ਨੇ ਇੰਜੀਨੀਅਰ ਬਣਨ ਕੈਨੇਡਾ ਚਲੇ ਜਾਣਾ, ਉਹਨੂੰ ਤੂੰ ਹੀ ਰਹਿ ਗਈ ਏ ! ਤੂੰ ਹੈਂ ਕੀ...?" ਗੀਤ ਨੂੰ ਮੇਰੇ ਨਾਲ ਆਪਣਾ ਨਿੱਜ ਜੋੜਨਾ ਤਾਂ ਸਵੀਕਾਰ ਸੀ, ਪਰ ਉਸ ਨੂੰ ਮੇਰੀ ਸੁੱਖ ਨਾਲ ਨੇੜਤਾ ਗਵਾਰਾ ਨਹੀਂ ਸੀ। ਹੁਣ ਉਸ ਨੂੰ ਆਪਣੀ ਬਚਪਨ ਦੀ ਸਹੇਲੀ ਕੋਈ ਵਰਤਣ ਵਾਲੀ ਵਸਤੂ ਲੱਗਣ ਲੱਗ ਪਈ । ਉਸ ਦੇ ਅਹਿਮ ਨੂੰ ਸੱਟ ਵੱਜੀ ਸੀ। ਉਹ ਉੱਚੀ-ਉੱਚੀ ਬੋਲਦੀ ਬਾਹਰ ਨਿਕਲ ਗਈ ਸੀ।[4]**

ਇਹੀ ਤਾਅਨਾ ਤੂੰ ਹੈ ਕੀ...? ਮਨਜੀਤ ਦੇ ਅੰਦਰ ਸਾਰੀ ਉਮਰ ਉਸਦਾ ਪਿੱਛਾ ਕਰਦਾ ਰਹਿੰਦਾ ਹੈ। ਇਕ ਦਿਨ ਸ਼ੋਸ਼ਲ ਮੀਡੀਆ ਰਾਹੀਂ ਸੁੱਖ ਉਸਨੂੰ ਸੰਪਰਕ ਕਰਦਾ ਹੈ। ਸੰਚਾਰ ਤਕਨਾਲੋਜੀ ਜਿੱਥੇ ਲੋਕਾਂ ਨੂੰ ਵਿਦੇਸ਼ਾਂ ਵਿਚ ਬੈਠੇ ਦੋਸਤਾਂ ਮਿੱਤਰਾਂ ਨੂੰ ਇਕ ਅੱਖ ਫੇਰ ਨਾਲ ਮਿਲਾਉਣ ਦਾ ਕੰਮ ਕਰਦੀ ਹੈ ਉੱਥੇ ਹੀ ਇਹ ਨਿੱਜੀ ਰਿਸ਼ਤਿਆਂ ਵਿਚ ਤਣਾਓ ਦੇ ਵਧਣ ਦਾ ਕਾਰਨ ਵੀ ਬਣਦੀ ਹੈ। ਇਸੇ ਤਰ੍ਹਾਂ ਜਦੋਂ ਸੁੱਖ ਮਨਜੀਤ ਨੂੰ ਸੰਪਰਕ ਕਰਦਾ ਹੈ ਤਾਂ ਸਾਲਾਂ ਬੱਧੀ ਚੋਭ ਮਨਜੀਤ ਦੇ ਅੰਦਰ ਫਿਰ ਉਛਾਲੇ ਮਾਰਦੀ ਹੈ ਜਿਸ ਦੇ ਹੱਥੋਂ ਮਜ਼ਬੂਰ ਹੋ ਕੇ ਉਹ ਆਪਣੀ ਵਿਆਹੁਤਾ ਅਤੇ ਖ਼ੁਸ਼ਹਾਲ ਜੀਵਨ ਨੂੰ ਪਾਸੇ ਰੱਖ ਕੇ ਪੱਚੀ ਸਾਲ ਬਾਅਦ ਕੈਨੇਡਾ ਤੋਂ ਵਾਪਿਸ ਪਰਤੇ ਸੁੱਖ ਨੂੰ ਇਕ ਹੋਟਲ ਵਿਚ ਮਿਲਣ ਲਈ ਜਾਂਦੀ ਹੈ। ਜਦੋਂ ਮਨਜੀਤ ਅਤੇ ਸੁੱਖ ਦੀ ਗੱਲਬਾਤ ਫ਼ੋਨ ਰਾਹੀਂ ਸ਼ੁਰੂ ਹੁੰਦੀ ਹੈ ਤਾਂ ਸੁੱਖ ਵਿਚੋਂ ਉਸਦੇ ਮਰਦਾਊਪਣ ਦੀ ਬੋਅ ਮਾਰਦੀ ਹੈ ਉਹ ਔਰਤ ਨੂੰ ਇਕ ਬਿੱਲੀ ਦੇ ਚਿੰਨ ਰਾਹੀਂ ਸੰਬੋਧਿਤ ਹੁੰਦਾ ਹੈ ਅਤੇ ਮਨਜੀਤ ਨੂੰ ਦੱਸਦਾ ਹੈ ਕਿ ਉਸਨੇ ਵਿਦੇਸ਼ ਵਿਚ ਰਹਿ ਕੇ ਕਈ ਬਿੱਲੀਆਂ ਮਾਰੀਆਂ ਹਨ। ਕਹਾਣੀਕਾਰ ਔਰਤ ਨੂੰ ਬਿੱਲੀ ਦੇ ਚਿੰਨ ਪ੍ਰਤੀ ਸੰਬੋਧਿਤ ਹੁੰਦੀ ਹੈ ਕਿਉਂਕਿ ਔਰਤ ਆਪਣੇ ਆਪ ਨੂੰ ਬਹੁਤ ਹੀ ਚਾਲਾਕ ਤੇ ਚਤੁਰ ਸਮਝਦੀ ਹੈ ਪਰ ਪਿਆਰ ਵਿਚ ਜ਼ਖਮੀ ਹੋਈ ਔਰਤ ਦੂਸਰੇ ਨੂੰ ਨੁਕਸਾਨ ਪਹੁਚਾਉਣ ਦੇ ਨਾਲ-ਨਾਲ ਖ਼ੁਦ ਨੂੰ ਵੀ ਬੁਰੀ ਤਰ੍ਹਾਂ ਜਖ਼ਮੀ ਕਰ ਲੈਂਦੀ ਹੈ ਜਿਸ ਦੇ ਜ਼ਖਮਾਂ ਦੀ ਮੱਲਮ ਫ਼ਿਰ ਕਦੀ ਨਹੀਂ ਮਿਲਦੀ। ਇਸੇ ਤਰ੍ਹਾਂ ਮਨਜੀਤ ਜੋ ਆਪਣੇ ਬਚਪਨ ਦੇ ਪਿਆਰ ਨੂੰ ਆਪਣੇ ਮਨ ਚੋਂ ਵਿਸਾਰ ਨਹੀਂ ਸਕੀ ਸਗੋਂ

ਪਤਾ ਨਹੀਂ ਕਿਹੜੀ ਅਜਿਹੀ 'ਮੈਂ' ਸਥਾਪਿਤ ਕਰਨ ਦੇ ਚੱਕਰ ਵਿਚ ਉਹ ਆਪਣੀ ਵਿਆਹੁਤਾ ਜ਼ਿੰਦਗੀ ਨੂੰ ਵੀ ਦਾਅ 'ਤੇ ਲਾ ਦਿੰਦੀ ਹੈ। ਉਸਦੀ ਬਚਪਨ ਦੀ ਸਹੇਲੀ ਵੱਲੋਂ ਮਿਲੇ ਉਸ ਤਾਅਨੇ ਨੂੰ ਨਾ ਸਹਾਰਦੀ ਹੋਈ ਆਪਣੀ ਸਵੈ ਦੀ ਇੱਜ਼ਤ ਨੂੰ ਦਾਅ ਤੇ ਲਾਉਂਦੀ ਸਾਲਾਂ ਬੱਧੀ ਚੌਭ ਨੂੰ ਠਾਰਨ ਲਈ ਉਸਨੂੰ ਇਹ ਪਤਾ ਨਹੀਂ ਚਲਦਾ ਕਿ ਉਹ ਆਪਣੇ ਹੱਥੋਂ ਖ਼ੁਦ ਹਾਰ ਗਈ ਹੈ। ਇਸ ਤਰ੍ਹਾਂ ਕਹਾਣੀਕਾਰ ਨੇ ਇਕ ਔਰਤ ਨੂੰ ਆਪਣੇ ਹੱਥੋਂ ਆਪ ਬਰਬਾਦ ਹੁੰਦੇ ਦਿਖਾਇਆ ਹੈ। ਜਿੱਥੇ ਕਹਾਣੀਕਾਰ ਕਹਾਣੀ ਦੇ ਅੰਤ ਵਿਚ ਇਸ ਨੂੰ ਜ਼ੁਬਾਨ ਦਿੰਦੀ ਹੈ:-

> **"ਸੁੱਖ ਤੂੰ ਗੀਤ ਨੂੰ ਜਦੋਂ ਮਿਲਿਆ ਤਾਂ ਉਸਨੂੰ ਦੱਸੀਂ ਕਿ ਤੂੰ ਮੈਨੂੰ ਮਿਲਿਆ ਸੀ...।"**
> **ਇਸ ਪਲ ਸੁੱਖ ਤੇ ਗੀਤ ਮੇਰੇ ਖ਼ਿਆਲਾਂ ਵਿਚ ਹਾਰ ਰਹੇ ਸੀ। ਸਾਹਮਣੇ ਬੈੱਡ ਦੀ ਢੋਅ ਵਿਚ ਲੱਗੇ ਸ਼ੀਸ਼ੇ ਵਿਚ ਮੇਰੀ ਨਜ਼ਰ ਸੁੱਖ ਦੀ ਪ੍ਰੇਮਿਕਾ ਮਨਜੀਤ ਨਾਲ ਮਿਲੀ।**
>
> **ਸ਼ੀਸ਼ੇ ਬਾਹਰਲੀ ਮਨਜੀਤ ਨੇ ਮਨ ਹੀ ਮਨ ਉਸ ਪ੍ਰੇਮਿਕਾ ਨੂੰ ਨਿਹੋਰਾ ਮਾਰਿਆ, "ਵੇਖਿਆ! ਕਦੇ-ਕਦੇ ਬਿੱਲੀ ਨੂੰ ਆਪ ਵੀ ਨਹੀਂ ਪਤਾ ਹੁੰਦਾ ਕਿ ਉਹ ਮਾਰੀ ਗਈ ਹੈ।"[5]**

ਇਸੇ ਤਰ੍ਹਾਂ ਕਹਾਣੀ 'ਹੈਸ਼ ਟੈਗ # ਤੂੰ ਉਹ' ਇਕ ਔਰਤ ਦੂਜੀ ਔਰਤ ਦੇ ਰਿਸ਼ਤੇ ਨੂੰ ਬਰਬਾਦ ਕਰਦੀ ਪੇਸ਼ ਹੁੰਦੀ ਹੈ ਅਤੇ ਆਪਣੇ ਰਿਸ਼ਤੇ ਨੂੰ ਸੋਸ਼ਲ ਮੀਡੀਆ ਰਾਹੀਂ ਪੇਸ਼ ਕਰਦੀ ਨਜ਼ਰ ਪੈਂਦੀ ਹੈ। ਇਸ ਤਕਨਾਲੋਜੀ ਰਾਹੀਂ ਉਸਰ ਰਹੇ ਸ਼ੋਸ਼ਲ ਮੀਡੀਆ ਦੇ ਜਾਲ ਨੇ ਰਿਸ਼ਤਿਆਂ ਨੂੰ ਤਾਰ-ਤਾਰ ਕਰ ਦਿੱਤਾ ਹੈ। ਕਿਸੇ ਵੀ ਰਿਸ਼ਤੇ ਦੀ ਆਪਣੀ ਨਿੱਜੀ ਜ਼ਿੰਦਗੀ ਨੂੰ ਲੋਕਾਂ ਦੇ ਸਨਮੁੱਖ ਕਰਨ ਦੀ ਕਾਹਲ ਨੇ ਕਈ ਰਿਸ਼ਤਿਆਂ ਅੰਦਰ ਦੂਰੀਆਂ ਅਤੇ ਸ਼ੰਕਾਵਾਂ ਪੈਦਾ ਕੀਤੀਆਂ ਹਨ। ਇਸ ਕਹਾਣੀ ਦੀ ਪਾਤਰ ਸੱਤੀ ਜਿਸਦਾ ਨਜਾਇਜ਼ ਰਿਸ਼ਤਾ ਕਹਾਣੀ ਦੀ ਦੂਜੀ ਪਾਤਰ ਜੀਨਾ ਦੇ ਪਤੀ ਨਾਲ ਹੈ ਜਿਸ ਦੇ ਚਲਦੇ ਜੀਨਾ ਤੇ ਉਸਦੇ ਪਤੀ ਵਿਚਕਾਰ ਰੋਜ਼ ਕਲੇਸ਼ ਹੁੰਦਾ ਹੈ। ਸੋਸ਼ਲ ਮੀਡੀਆ ਦੇ ਵਧਦੇ ਪਾਸਾਰ ਕਾਰਨ ਨਿੱਤ ਨਵੀਆਂ ਤਕਨੀਕੀ ਐਪਸ ਬਾਜ਼ਾਰਾਂ ਵਿਚ ਆ ਰਹੀਆਂ ਹਨ ਜਿਸਦੇ ਚਲਦੇ ਲੋਕ ਆਪਣੇ ਸਟੇਟਸ ਦੀ ਮਸ਼ਹੂਰੀ ਕਰਨ ਲਈ ਇਨ੍ਹਾਂ ਐਪਸ ਦਾ ਸਹਾਰਾ ਲੈਂਦੇ ਹਨ। ਇਸ ਕਹਾਣੀ ਵਿਚ ਇਕ ਦਿਨ ਸੱਤੀ ਆਪਣੇ ਪਤੀ ਅਤੇ ਜੀਨਾ ਦੇ ਪਤੀ ਕੁਸ਼ਲ ਨਾਲ ਇੰਸਟਾਗ੍ਰਾਮ ਤੇ ਪੋਸਟ ਸ਼ੇਅਰ ਕਰਦੀ ਹੈ ਜਿਸਨੂੰ ਦੇਖ ਕੇ ਜੀਨਾ ਭੜਕ ਜਾਂਦੀ ਹੈ ਅਤੇ ਉਹ ਆਪਣੇ ਪਤੀ ਤੋਂ ਪਤੀ ਹੋਣ ਦੇ ਸਾਰੇ ਅਧਿਕਾਰ ਖੋਹ ਲੈਂਦੀ ਹੈ। ਇਸ ਕਹਾਣੀ ਨੂੰ ਸਿਰਜਣ ਦਾ ਮੋਟਿਫ਼ ਇਹ ਜਾਪਦਾ ਹੈ ਕਿ ਕਹਾਣੀਕਾਰ ਦੱਸਣਾ ਚਾਹੁੰਦੀ ਹੈ ਕਿ ਸਮਾਜ ਮੱਧਕਾਲ ਹੋਵੇ ਜਾਂ ਆਧੁਨਿਕ ਔਰਤ ਆਪਣੀ ਜ਼ਿੰਦਗੀ ਵਿਚ ਸੌਂਕਣ ਦੀ ਭੂਮਿਕਾ ਨੂੰ ਕਦੀ ਸਵੀਕਾਰ ਨਹੀਂ ਕਰਦੀ ਇੱਥੇ ਔਰਤ ਦਾ ਔਰਤ ਵਿਰੋਧੀ ਹੋਣਾ ਨਹੀਂ ਸਗੋਂ ਉਸ ਰਿਸ਼ਤੇ ਨੂੰ ਨਾ ਮਨਜ਼ੂਰ ਕਰਨਾ ਹੈ ਜੋ ਉਸਦੇ ਪਤੀ ਨਾਲ ਹੈ ਕਿਉਂਕਿ ਔਰਤ ਆਪਣੇ ਪਤੀ ਨੂੰ ਹੀ ਆਪਣੀ ਪੂਰੀ ਕਾਇਨਾਤ ਵਜੋਂ ਸਵੀਕਾਰ ਕਰਦੀ ਹੈ ਜਿਸ ਕਾਰਨ ਉਸ ਕਾਇਨਾਤ ਦਾ ਥੋੜ੍ਹਾ ਜਿਹਾ ਹਿੱਸਾ ਵੀ ਕਿਸੇ ਹੋਰ ਵੱਲ ਜਾਂਦਾ ਉਸਤੋਂ ਬਰਦਾਸ਼ਤ ਨਹੀਂ ਹੁੰਦਾ। ਇਸਦੇ ਉਲਟ ਮਰਦ ਔਰਤ ਨੂੰ ਆਪਣੀ ਨਿੱਜੀ ਜਾਇਦਾਦ ਮੰਨ ਕੇ ਉਸਨੂੰ ਭੋਗਣ ਤਕ ਦਾ ਹੀ ਨਜ਼ਰੀਆਂ ਰੱਖਦੇ ਹਨ ਇਸ ਕਰਕੇ ਉਹ ਹਮੇਸ਼ਾਂ ਇਕ ਤੋਂ ਜ਼ਿਆਦਾ ਔਰਤਾਂ ਨੂੰ ਆਪਣੀ ਜ਼ਿੰਦਗੀ ਵਿਚ ਲਿਆਉਣ ਨੂੰ ਅਹਿਮੀਅਤ ਦਿੰਦਾ ਹੈ। ਅੱਜ ਦੀ ਔਰਤ ਨੂੰ ਖੁੱਲ੍ਹਾ ਆਸਮਾਨ ਤਾਂ ਮਿਲਿਆ ਹੈ ਪਰ ਉਸ ਨੇ ਆਪਣੇ ਕੱਦ ਨੂੰ ਉੱਚਾ ਚੁੱਕਣ ਦੀ ਬਜਾਏ ਆਪਣੀਆਂ ਮਰਿਆਦਾਵਾਂ ਤੋਂ ਉਲਟ ਰਾਸਤਾ ਅਪਣਾ ਲਿਆ ਹੈ ਜਿਸ ਕਰਕੇ ਉਹ ਵੀ ਇਸ ਨਵੇਂ ਸਮਾਜ ਮੁਤਾਬਿਕ ਮੰਡੀ ਦੀ ਵਸਤ ਬਣਦੀ ਨਜ਼ਰੀ ਪੈਂਦੀ ਹੈ। ਔਰਤ ਦੀ ਇਸ ਬਦਲਦੀ ਤਸਵੀਰ ਨੂੰ ਕਹਾਣੀਕਾਰ ਇਸ ਵਾਰਤਾਲਾਪ ਰਾਹੀਂ ਪੇਸ਼ ਕਰਦੀ ਹੈ:-

> **"ਜੀਨਾ ਇਹ ਸਾਡੇ ਸਮਾਜ ਵਿਚ ਸਿਰਫ਼ ਕਹਿਣ ਨੂੰ ਹੀ ਕਿਹਾ ਜਾਂਦਾ ਹੈ ਕਿ ਬੰਦੇ ਔਰਤਖ਼ੋਰ ਹੁੰਦੇ ਨੇ, ਕਈ ਜ਼ਨਾਨੀਆਂ ਵੀ ਬੜੀਆਂ ਮਰਦਬਾਜ਼ ਹੁੰਦੀਆਂ ਨੇ..."[6]**

ਇੱਥੇ ਕਹਾਣੀਕਾਰ ਆਜ਼ਾਦੀ ਦੀ ਆੜ ਵਿਚ ਔਰਤ ਅਯਾਸ਼ ਦੀ ਗੱਲ ਕਰਦੀ ਹੈ। ਔਰਤ ਇਕ ਸਮਾਜ ਸਿਰਜਕ ਹੈ ਜੋ ਸਮਾਜ ਨੂੰ ਅੱਗੇ ਤੋਰਨ ਦਾ ਕੰਮ ਕਰਦੀ ਹੈ ਇਸੇ ਕਰਕੇ ਤਾਂ ਸਾਡੇ ਗੁਰੂਆਂ ਨੇ ਔਰਤ ਨੂੰ ਜੱਗ ਜਨਨੀ ਦਾ ਨਾਮ ਦਿੱਤਾ ਹੈ। ਪਰ ਅਜੋਕੇ ਸਮਾਜ ਦੀ ਔਰਤ ਆਪਣੀਆਂ ਔਰਤ ਹੋਣ ਦੀਆਂ ਤਾਕਤਾਂ ਨੂੰ ਨਜ਼ਰ ਅੰਦਾਜ਼ ਕਰ ਮਰਦ ਬਰਾਬਰੀ ਨੂੰ ਸਵੀਕਾਰ ਕਰਦੀ ਗਲਤ ਰਾਹ

ਅਖ਼ਤਿਆਰ ਕਰ ਰਹੀਆਂ ਹਨ ਉਹ ਇਹ ਭੁੱਲ ਗਈ ਹੈ ਕਿ ਰੱਬ ਨੇ ਉਸਨੂੰ ਮਰਦ ਨਾਲੋਂ ਜ਼ਿਆਦਾ ਮਜ਼ਬੂਤ ਤੇ ਸਮਝਦਾਰ ਬਣਾਇਆ ਹੈ।

ਮੁੱਢਲੇ ਸਮੇਂ ਦੀ ਗੱਲ ਕੀਤੀ ਜਾਵੇ ਤਾਂ ਉਸ ਸਮੇਂ ਪਰਿਵਾਰਕ ਰਿਸ਼ਤੇ ਅਤੇ ਸਮਾਜਕ ਰਿਸ਼ਤੇ ਮੁੱਢਲੀ ਭੂਮਿਕਾ ਵਜੋਂ ਪੇਸ਼ ਹੁੰਦੇ ਸਨ। ਅਜੋਕੇ ਦੌਰ ਵਿਚ ਤਕਨਾਲੋਜੀ ਨੇ ਮਨੁੱਖ ਨੂੰ ਇਸ ਕਦਰ ਇਕੱਲਾ ਕਰ ਦਿੱਤਾ ਹੈ ਕਿ ਅੱਜ ਦਾ ਮਨੁੱਖ ਵਿਅਕਤੀਗਤ ਆਜ਼ਾਦੀ ਅਤੇ ਸਹੂਲਤ ਨੂੰ ਵੱਧ ਮਹੱਤਵ ਦਿੰਦਾ ਹੈ ਜਿਸ ਨਾਲ ਰਿਸ਼ਤੇ ਸਿਰਫ਼ ਗਰਜ਼ ਨਾਲ ਬੱਝੇ ਰਹਿ ਗਏ ਹਨ। ਇਸ ਤਰ੍ਹਾਂ ਦੀ ਪਾਤਰ ਦੀ ਪੇਸ਼ਕਾਰੀ ਕਹਾਣੀ 'ਮਤ ਸ਼ਰਮਿੰਦਾ ਥੀਹਵੀ' ਰਾਹੀਂ ਹੁੰਦੀ ਹੈ। ਮਤ ਸ਼ਰਮਿੰਦਾ ਥੀਹਵੀਂ ਕਹਾਣੀ ਦੀ ਪਾਤਰ ਸੁਮੇਰ ਜੋ ਇਕ ਵੱਡੇ ਬਾਪ ਦੀ ਇਕਲੋਤੀ ਧੀ ਹੈ ਜਿਸਦੀ ਪਰਵਰਿਸ਼ ਸ਼ਾਹੀ ਠਾਠ-ਬਾਠ ਨਾਲ ਹੋਈ ਹੈ ਜਿਸ ਨੂੰ ਉਸਦੇ ਬਾਪ ਨੇ ਕਿਸੇ ਚੀਜ਼ ਦੀ ਕੋਈ ਘਾਟ ਮਹਿਸੂਸ ਨਹੀਂ ਹੋਣ ਦਿੱਤੀ। ਉਹ ਸੁਮੇਰ ਪਰਿਵਾਰਕ ਰਿਸ਼ਤਿਆਂ ਤੋਂ ਅਲੱਗ ਐਸਕਾਰਟ ਦੀ ਜ਼ਿੰਦਗੀ ਨੂੰ ਚੁਣਦੀ ਹੈ ਜੋ ਆਧੁਨਿਕ ਸਮਾਜ ਵਿਚ ਪੇਸ਼ਾ ਕਰਨ ਵਾਲੀਆਂ ਔਰਤਾਂ ਨੂੰ ਕਿਹਾ ਜਾਂਦਾ ਹੈ। ਇੱਥੇ ਸੁਮੇਰ ਆਪਣੀ ਨਿੱਜੀ ਜ਼ਿੰਦਗੀ ਨੂੰ ਆਪਣੇ ਤਰੀਕੇ ਨਾਲ ਜਿਉਣ ਲਈ ਇਸ ਰਾਸਤੇ ਨੂੰ ਅਪਣਾਉਂਦੀ ਦਿਖਾਈ ਗਈ ਹੈ ਜਿਸ ਲਈ ਆਜ਼ਾਦੀ ਸਿਰਫ਼ ਇਸੇ ਨੂੰ ਕਿਹਾ ਜਾਂਦਾ ਹੈ ਨਹੀਂ ਤਾਂ ਉਸ ਕੋਲ ਕਿਸੇ ਚੀਜ਼ ਦੀ ਕੋਈ ਕਮੀ ਨਹੀਂ ਸੀ ਜੋ ਉਸਨੂੰ ਇਹ ਰਾਸਤਾ ਅਖ਼ਤਿਆਰ ਕਰਨ ਲਈ ਮਜਬੂਰ ਕਰਦਾ। ਇਸ ਕਹਾਣੀ ਰਾਹੀਂ ਕਹਾਣੀਕਾਰ ਅਜ਼ੋਕੀ ਜ਼ਿੰਦਗੀ ਦੀਆਂ ਅਨੇਕ ਅਸੰਗਤੀਆਂ ਬਾਰੇ ਤਿੱਖੇ ਪ੍ਰਸ਼ਨ ਖੜ੍ਹੇ ਕਰਦੀ ਹੈ। ਇੱਥੇ ਇਕ ਧੀ ਵੇਸਵਾਗਾਮੀ ਦੇ ਰੂਪ ਵਿਚ ਹਮ-ਬਿਸਤਰੀ ਲਈ ਜਦੋਂ ਹੋਟਲ ਜਾਂਦੀ ਹੈ ਤਾਂ ਉਸਦੇ ਸਾਹਮਣੇ ਉਸਦਾ ਪਿਤਾ ਹੈ ਜਿਸ ਨਾਲ ਉਸਨੇ ਹਮ-ਬਿਸਤਰ ਹੋਣਾ ਹੈ। ਇੱਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਧੀ ਹੋਟਲ ਵਿਚ ਹੈ ਤਾਂ ਪਿਓ ਉੱਥੇ ਕੀ ਕਰ ਰਿਹਾ ਹੈ? ਕਹਾਣੀਕਾਰ ਇਹ ਸਿੱਧ ਕਰਨਾ ਚਾਹੁੰਦੀ ਹੈ ਕਿ ਇੱਥੇ ਦੋਸ਼ੀ ਸਿਰਫ ਨੌਜਵਾਨ ਪੀੜ੍ਹੀ ਹੀ ਨਹੀਂ ਹੈ ਜੋ ਉਨ੍ਹਾਂ ਨੂੰ ਵਿਰਾਸਤ ਵਿਚ ਮਿਲਦਾ ਹੈ ਉਹੀ ਬੱਚੇ ਅੱਗੇ ਕਰਦੇ ਹਨ ਚਾਹੇ ਉਹ ਜਿਨਸ ਰਾਹੀਂ ਹੀ ਕਿਉਂ ਨਾ ਹੋਵੇ। ਪਿਤਾ ਜੇਕਰ ਆਪਣੇ ਰਿਸ਼ਤਿਆਂ ਪ੍ਰਤੀ ਵਫ਼ਾਦਾਰ ਨਹੀਂ ਤਾਂ ਉਹ ਆਪਣਿਆਂ ਬੱਚਿਆਂ ਤੋਂ ਵੀ ਈਮਾਨਦਾਰੀ ਦੀ ਉਮੀਦ ਕਰਦਾ ਚੰਗਾ ਨਹੀਂ ਲਗਦਾ। ਇੱਥੇ ਅਸੀਂ ਕਹਾਣੀ ਦੀ ਇਕ ਵਾਰਤਾਲਾਪ ਰਾਹੀਂ ਦੇਖ ਸਕਦੇ ਹਾਂ:-

> **"ਮੈਂ 'ਹੈਲੋ' ਕਿਹਾ। ਅਸਮਾਨ ਜਿਵੇਂ ਸਿਰ ਤੇ ਆਣ ਢੱਠਿਆ। ਐਸਕਾਰਡ ਮੇਰੇ ਵੱਲ ਘੁੰਮੀ। ਪਰਲੋ ਆ ਗਈ। ਮੈਨੂੰ ਮਰਨ ਨੂੰ ਥਾਂ ਨਹੀਂ। ਮੇਰੇ ਸਾਹਮਣੇ ਸੁਮੇਰ ਖੜ੍ਹੀ ਸੀ।**
>
> **ਹਾਏ ਉਏ ਮੇਰਿਆ ਰੱਬਾ! ਮੈਂ ਮਰ ਕਿਉਂ ਨਾ ਗਿਆ। ਮੇਰੀਆਂ ਧਾਹਾਂ ਨਿਕਲ ਗਈਆਂ"**[7]

ਇਸ ਤਰ੍ਹਾਂ ਕਹਾਣੀਕਾਰ ਵੱਖ-ਵੱਖ ਕਹਾਣੀਆਂ ਦੇ ਜ਼ਰੀਏ ਸ਼ੋਸ਼ਲ ਮੀਡੀਆਂ ਜਾਂ ਤਕਨੀਕੀ ਯੁੱਗ ਰਾਹੀ ਬਦਲ ਰਹੇ ਔਰਤ ਬਿੰਬ ਨੂੰ ਸਾਡੇ ਸਾਹਮਣੇ ਪੇਸ਼ ਕਰਦੀ ਹੈ। ਇਨ੍ਹਾਂ ਕਹਾਣੀਆਂ ਰਾਹੀਂ ਅਰਵਿੰਦਰ ਕੌਰ ਇਹ ਦੱਸਣ ਦੀ ਕੋਸ਼ਿਸ਼ ਕਰਦੀ ਹੈ ਕਿ ਔਰਤ ਨੇ ਆਧੁਨਿਕ ਸਮਾਜ ਦੀਆਂ ਤਕਨੀਕੀ ਸਹੂਲਤਾਂ ਨੂੰ ਆਪਣਾ ਕੇ ਆਪਣੀ ਆਜ਼ਾਦੀ ਦੇ ਉਹਲੇ ਵਿਚ ਆਪਣੇ ਕਿਰਦਾਰ ਨੂੰ ਸਵਾਰਨਾ ਪਿੱਛੇ ਛੱਡ ਦਿੱਤਾ। ਅੱਜ ਦੀ ਔਰਤ ਮੰਡੀ ਸਮਾਜ ਦੇ ਕੱਦ ਦੀ ਹੋਣ ਲਈ ਨਿੱਤ ਨਵੇਂ ਜ਼ਾਵੀਏ ਅਖ਼ਤਿਆਰ ਕਰਦੀ ਨਜ਼ਰ ਆ ਰਹੀ ਹੈ। ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਸਮਾਜ ਅੰਦਰ ਤਕਨਾਲੋਜੀ ਦੇ ਸਾਧਨਾਂ ਨੇ ਦੋਹਰਾ ਪ੍ਰਭਾਵ ਪਾਇਆ ਹੈ। ਇਕ ਪਾਸੇ ਔਰਤਾਂ ਵਿਚ ਜਾਗਰੂਕਤਾ, ਸਵੈ-ਅਭਿਵਿਅਕਤੀ ਅਤੇ ਹੱਕਾਂ ਲਈ ਆਵਾਜ਼ ਬਣਨ ਦਾ ਕੰਮ ਕੀਤਾ ਹੈ, ਪਰ ਦੂਜੇ ਪਾਸੇ ਮੰਡੀ ਸਭਿਆਚਾਰ ਦੇ ਅੰਧੇ ਅਨੁਕਰਨ ਨਾਲ ਕਈ ਵਾਰ ਔਰਤ ਨੂੰ ਉਪਭੋਗ ਦੀ ਵਸਤੂ ਵਜੋਂ ਵੀ ਪੇਸ਼ ਕੀਤਾ ਜਾਂਦਾ ਹੈ।

## ਹਵਾਲੇ ਟਿੱਪਣੀਆਂ :

1. ਝਾਂਜਰਾਂ ਵਾਲੇ ਪੈਰ, ਅਰਵਿੰਦਰ ਕੌਰ ਧਾਲੀਵਾਲ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ,2021, ਪੰਨਾ-14
2. ਉਹੀ, ਪੰਨਾ-24
3. ਉਤਰ-ਆਧੁਨਿਕਤਾ ਅਤੇ ਸਮਕਾਲੀ ਪੰਜਾਬੀ ਕਵਿਤਾ, ਆਤਮ ਸਿੰਘ ਰੰਧਾਵਾ(ਡਾ.), ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ,2021, ਪੰਨਾ-33-34
4. ਝਾਂਜਰਾਂ ਵਾਲੇ ਪੈਰ, ਅਰਵਿੰਦਰ ਕੌਰ ਧਾਲੀਵਾਲ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ,2021,ਪੰਨਾ-29
5. ਉਹੀ, ਪੰਨਾ-33
6. ਉਹੀ, ਪੰਨਾ-56
7. ਉਹੀ, ਪੰਨਾ-78

# ਦੇਹ ਕੀ ਸਾਖੀ : ਸਵੈ-ਪਾਰਗਾਮੀਕਰਨ

**ਸਤਵਿੰਦਰ ਕੌਰ**
**ਪੀਐਚ.ਡੀ. ਖੋਜਾਰਥੀ**
**ਪੰਜਾਬੀ ਵਿਭਾਗ , ਦਿੱਲੀ ਯੂਨੀਵਰਸਿਟੀ**


ਗੁਰਮਿੰਦਰ ਸਿੰਘ ਰੂਪੋਵਾਲੀ ਦੁਆਰਾ ਲਿਖਿਆ ਨਾਵਲ 'ਦੇਹ ਕੀ ਸਾਖੀ' ਸਮਕਾਲੀ ਪੰਜਾਬੀ ਗਲਪ ਜਗਤ ਵਿਚ ਅਹਿਮ ਥਾਂ ਰੱਖਦਾ ਹੈ। ਇਹ ਨਾਵਲ ਮਨੁੱਖੀ ਮਾਨਸਿਕਤਾ,ਜਿਸਸਮਾਨੀ ਰਿਸ਼ਤਿਆਂ ਅਤੇ ਸਮਾਜਕ ਮਰਿਆਦਾਵਾਂ ਦੇ ਗੁੰਝਲਦਾਰ ਤਾਣੇ-ਬਾਣੇ ਦੀ ਪੇਸ਼ਕਾਰੀ ਹੈ।ਨਾਵਲ ਦੀ ਕਹਾਣੀ ਮੁੱਖ ਤੌਰ 'ਤੇ ਮਨੁੱਖੀ ਦੇਹ ਅਤੇ ਉਸ ਦੀਆਂ ਅਧੂਰੀਆਂ ਇੱਛਾਵਾਂ ਦੇ ਦੁਆਲੇ ਘੁੰਮਦੀ ਹੈ,ਜੋ ਸਮਾਜਕ ਬੰਧਨਾਂ ਅਤੇ ਨੈਤਿਕ ਕਦਰਾਂ-ਕੀਮਤਾਂ ਦੇ ਵਿਚਕਾਰ ਫਸੀਆਂ ਹੋਈਆਂ ਹਨ।

ਲੇਖਕ ਨੇ ਇਸ ਨਾਵਲ ਰਾਹੀਂ ਇਹ ਦਰਸਾਇਆ ਹੈ ਕਿ ਸਰੀਰ ਸਿਰਫ਼ ਹੱਡ-ਮਾਸ ਦਾ ਪਿੰਜਰ ਨਹੀਂ ਹੈ,ਸਗੋਂ ਇਹ ਆਪਣੇ ਆਪ ਵਿਚ ਇਕ 'ਸਾਖੀ'(ਗਵਾਹ) ਹੈ,ਜੋ ਮਨੁੱਖ ਦੇ ਅੰਦਰਲੇ ਸੱਚ ਅਤੇ ਤੜਪ ਨੂੰ ਬਿਆਨ ਕਰਦੀ ਹੈ।ਨਾਵਲ ਦਾ ਬਿਰਤਾਂਤ ਕੇਂਦਰੀ ਪਾਤਰ 'ਸੁਕਰਾਨ' ਦੇ ਅੰਦਰੂਨੀ ਖ਼ਲਾਅ,ਉਸ ਦੀਆਂ ਜਿਸਮਾਨੀ ਲੋੜਾਂ ਅਤੇ ਰੂਹਾਨੀ ਤਲਾਸ਼ ਦੇ ਆਲ਼ੇ-ਦੁਆਲੇ ਦੇ ਸੰਦਰਭ ਵਿਚ ਬੁਣਿਆ ਹੈ।ਨਾਵਲ ਵਿਚ ਪੇਸ਼ 'ਸੁਕਰਾਨ' ਪਾਤਰ ਦਾ ਬਿਰਤਾਂਤ ਕੇਵਲ ਇਕ ਕਹਾਣੀ ਨਹੀਂ ,ਸਗੋਂ ਉਸ 'ਦੇਹ' ਦੀ ਸਾਖੀ ਹੈ ਜੋ ਸਮਾਜਕ ਸੀਮਾਵਾਂ ਅਤੇ ਨਿੱਜੀ ਇੱਛਾਵਾਂ ਦੇ ਵਿਚਕਾਰ ਲਗਾਤਾਰ ਸੰਘਰਸ਼ ਕਰਦਾ ਹੈ।

ਹਥਲੇ ਖੋਜ ਕਾਰਜ ਨੂੰ ਸਵੈ-ਪਾਰਗਾਮੀਕਰਨ ਦੇ ਸਿਧਾਂਤ ਰਾਹੀਂ ਵਾਚਣ ਦਾ ਯਤਨ ਕੀਤਾ ਗਿਆ ਹੈ,ਸਵੈ-ਪਾਰਗਾਮੀਕਰਨ ਦਾ ਮੁੱਢ ਪਾਰਗਾਮੀ ਮਨੋਵਿਗਿਆਨ(Transpersonal Psychology)ਦੀ ਸ਼ਾਖਾ ਵੱਜੋ ਬੱਝਦਾ ਹੈ,ਜੋ ਮਨੁੱਖੀ ਅਨੁਭਵ ਦੇ ਅਧਿਆਤਮਿਕ ਅਤੇ ਉੱਚ-ਚੇਤਨਾ ਵਾਲੇ ਪਹਿਲੂਆਂ ਦਾ ਅਧਿਐਨ ਕਰਦੀ ਹੈ। ਇਸ ਨੂੰ ਮਨੋਵਿਗਿਆਨ ਦੀ 'ਚੌਥੀ ਲਹਿਰ' ਵੀ ਕਿਹਾ ਜਾਂਦਾ ਹੈ। ਸਧਾਰਨ ਸ਼ਬਦਾਂ ਵਿੱਚ,ਇਹ ਮਨੋਵਿਗਿਆਨ ਅਤੇ ਅਧਿਆਤਮਿਕਤਾ (Spirituality) ਦਾ ਸੁਮੇਲ ਹੈ। ਜਿੱਥੇ ਰਵਾਇਤੀ ਮਨੋਵਿਗਿਆਨ ਮਾਨਸਿਕ ਬਿਮਾਰੀਆਂ ਜਾਂ ਵਿਅਕਤੀਗਤ ਵਿਵਹਾਰ ਨੂੰ ਆਧਾਰ ਬਣਾਉਂਦਾ ਹੈ, ਉੱਥੇ ਪਾਰਗਾਮੀ ਮਨੋਵਿਗਿਆਨ ਇਹ ਵਾਚਦਾ ਹੈ ਕਿ ਮਨੁੱਖ ਆਪਣੀ ਹਉਮੈ (Ego) ਤੋਂ ਉੱਪਰ ਉੱਠ ਕੇ ਬ੍ਰਹਿਮੰਡ ਜਾਂ ਪਰਮ-ਤੱਤ ਨਾਲ ਕਿਵੇਂ ਜੁੜ ਸਕਦਾ ਹੈ। ਪ੍ਰਸਿੱਧ ਅਮਰੀਕੀ ਮਨੋਵਿਗਿਆਨੀ 'ਅਬਰਾਹਮ ਮਾਸਲੋ' ਨੂੰ ਪਾਰਗਾਮੀ ਮਨੋਵਿਗਿਆਨ ਦੇ ਪਿਤਾਮਾ ਵੱਜੋ ਮਾਨਤਾ ਪ੍ਰਾਪਤ ਹੈ।ਮਾਸਲੋ ਨੇ ਸਭ ਤੋਂ ਪਹਿਲਾਂ 1943 ਵਿੱਚ ਆਪਣੇ ਖੋਜ ਪੱਤਰ *"A Theory of Human Motivation"* ਵਿੱਚ "ਲੜੀਵਾਰ ਲੋੜਾਂ ਦਾ ਸਿਧਾਂਤ" ਪੇਸ਼ ਕੀਤਾ ਸੀ, ਜੋ ਕਿ *Psychological Review* ਵਿੱਚ ਪ੍ਰਕਾਸ਼ਿਤ ਹੋਇਆ ਸੀ। ਮਾਸਲੋ ਨੂੰ 'ਲੋੜਾਂ ਦੀ ਲੜੀ' (Hierarchy of Needs) ਦੇ ਸਿਧਾਂਤ ਲਈ ਸਭ ਤੋਂ ਵੱਧ ਜਾਣਿਆ ਜਾਂਦਾ ਹੈ, ਜੋ ਮਨੁੱਖੀ ਲੋੜਾਂ ਅਤੇ ਪ੍ਰੇਰਨਾਵਾਂ ਨੂੰ ਪੰਜ ਪੱਧਰਾਂ ਵਿੱਚ ਸ਼੍ਰੇਣੀਬੱਧ ਕਰਦਾ ਹੈ। ਹਾਲਾਂਕਿ ਇਹ ਵਿਚਾਰ 1943 ਵਿੱਚ ਆਇਆ ਸੀ,ਪਰ ਮਾਸਲੋ ਨੇ ਬਾਅਦ ਵਿੱਚ ਆਪਣੀ ਪੁਸਤਕ,*"Motivation and Personality"* 1954 ਵਿੱਚ ਇਹਨਾਂ ਵਿਚਾਰਾਂ ਦਾ ਵਿਸਥਾਰ ਕੀਤਾ। ਅਬਰਾਹਮ ਮਾਸਲੋ ਨੇ ਮਨੁੱਖੀ ਵਿਵਹਾਰ ਨੂੰ ਸਮਝਣ ਲਈ ਉਸ ਦੀਆਂ ਲੋੜਾਂ ਨੂੰ ਪੰਜ ਪੱਧਰਾਂ ਵਿਚ ਵੰਡਿਆ ਸੀ,ਪਰ ਉਸ ਨੇ ਆਪਣੇ ਜੀਵਨ ਦੇ ਅਖੀਰਲੇ ਸਾਲਾਂ ਵਿਚ ਇਹ ਸਵੀਕਾਰ ਕੀਤਾ ਕਿ ਪੰਜ ਪੜਾਵਾਂ ਵਾਲਾ ਪਿਰਾਮਿਡ ਅਧੂਰਾ ਹੈ। ਉਨ੍ਹਾਂ ਨੇ 1960 ਦੇ ਦਹਾਕੇ ਦੇ ਆਸ-ਪਾਸ ਸਿਖਰ ਤੇ ਇਕ ਛੇਵਾਂ ਪੜਾਅ ਵੀ ਜੋੜਿਆ, ਜਿਸ ਨੂੰ 'ਸਵੈ-ਪਾਰਗਾਮੀਕਰਨ' (Self Transcendence) ਕਿਹਾ ਜਾਂਦਾ ਹੈ।

"The very highest and most inclusive or holistic levels of human consciousness, behaving and relating, as ends rather than means, to oneself, to significant others, to human beings in general, to other species, to nature, and to the cosmos."[1]

ਅਬਰਾਹਮ ਮਾਸਲੋ ਦੇ 'ਲੋੜਾਂ ਦੀ ਲੜੀ'(Hierarchy of needs)ਅਨੁਸਾਰ, ਸ਼ੁਕਰਾਨ ਦਾ ਸਫ਼ਰ ਉਸ ਦੀਆਂ ਬੁਨਿਆਦੀ ਸਰੀਰਕ ਲੋੜਾਂ ਤੋਂ ਸ਼ੁਰੂ ਹੋ ਕੇ ਮਾਨਸਿਕ ਸੰਤੁਸ਼ਟੀ ਅਤੇ ਸਵੈ-ਪਛਾਣ ਵੱਲ ਵਧਦਾ ਹੈ।ਨਾਵਲ ਇਹ ਸਵਾਲ ਖੜ੍ਹਾ ਕਰਦਾ ਹੈ ਕਿ, ਕੀ ਮਨੁੱਖ ਆਪਣੀਆਂ ਜੈਵਿਕ(Biological) ਅਤੇ ਭਾਵਨਾਤਮਕ ਲੋੜਾਂ(Emotional needs) ਨੂੰ ਪੂਰਾ ਕੀਤੇ ਬਿਨਾਂ ਮਾਨਸਿਕ ਸਕੂਨ ਪ੍ਰਾਪਤ ਕਰ ਸਕਦਾ ਹੈ? ਇਸ ਖੋਜ ਪਰਚੇ ਵਿਚ ਸ਼ੁਕਰਾਨ ਦੇ ਵਿਵਹਾਰ ਅਤੇ ਫ਼ੈਸਲਿਆਂ ਨੂੰ ਮਾਸਲੋ ਦੇ ਮਨੋਵਿਗਿਆਨਕ ਸਿਧਾਂਤ ਦੇ ਵੱਖ-ਵੱਖ ਪੜਾਵਾਂ ਰਾਹੀਂ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਪੜਾਅ 'ਦੇਹ ਕੀ ਸਾਖੀ' ਦੇ ਪਾਤਰ ਸ਼ੁਕਰਾਨ ਦੀ ਮਾਨਸਿਕਤਾ ਨੂੰ ਸਮਝਣ ਲਈ ਸਭ ਤੋਂ ਵੱਧ ਮਹੱਤਵਪੂਰਣ ਹਨ, ਕਿਉਂਕਿ ਇੱਥੇ ਪਹੁੰਚ ਕੇ ਹੀ ਪਾਤਰ 'ਦੇਹ' ਦੇ ਮੋਹ ਅਤੇ ਸਮਾਜ ਦੇ ਡਰ ਤੋਂ ਪੂਰੀ ਤਰ੍ਹਾਂ ਮੁਕਤ ਹੁੰਦਾ ਹੈ।ਖੋਜ ਪਰਚੇ ਦਾ ਮੁੱਖ ਆਧਾਰ ਮਾਸਲੋ ਦਾ ਇਹ ਛੇ-ਪੜਾਵਾਂ ਵਾਲਾ ਪਿਰਾਮਿਡ ਹੈ,ਜਿਸ ਦੇ ਇਕ-ਇਕ ਪੜਾਵ ਦੀ ਨਾਵਲ ਦੇ ਹਵਾਲੇ ਨਾਲ ਵਿਸਤਾਰ ਵਿਚ ਚਰਚਾ ਕੀਤੀ ਗਈ ਹੈ।




**ਪੜਾਅ 1 :- ਸਰੀਰਕ ਲੋੜਾਂ (Physiological needs)**

ਇਹ ਪਿਰਾਮਿਡ ਦਾ ਸਭ ਤੋਂ ਹੇਠਲਾ ਅਤੇ ਬੁਨਿਆਦੀ ਪੱਧਰ ਹੈ।ਇਹ ਲੋੜਾਂ ਮਨੁੱਖੀ ਹੋਂਦ ਅਤੇ ਜਿਊਂਦੇ ਰਹਿਣ ਲਈ ਲਾਜ਼ਮੀ ਹਨ ।ਜੇਕਰ ਇਹ ਲੋੜਾਂ ਪੂਰੀਆਂ ਨਹੀਂ ਹੁੰਦੀਆਂ,ਤਾਂ ਮਨੁੱਖੀ ਸਰੀਰ ਸਹੀ ਢੰਗ ਨਾਲ ਕੰਮ ਨਹੀਂ ਕਰ ਸਰਦਾ ਅਤੇ ਮਨੁੱਖ ਮਾਨਸਿਕ ਤੌਰ ਤੇ ਅਸ਼ਾਂਤ ਰਹਿੰਦਾ ਹੈ।ਜਿਵੇਂ :-ਭੋਜਨ ,ਪਾਣੀ ,ਨੀਂਦ, ਆਰਾਮ ਆਦਿ।

"The needs which are usually taken as the starting point for motivation theory are the so-called physiological drives... Undoubtedly these physiological needs are the most prepotent of all needs. What this means specifically is that in the human being who is missing everything in life in an extreme fashion, it is most likely that the major motivation would be the physiological needs rather than any others."[3]

ਨਾਵਲ ਵਿਚਲਾ ਪਾਤਰ ਸ਼ੁਕਰਾਨ ਇਸ ਪੜਾਅ ਦੀ ਸਭ ਤੋਂ ਵੱਡੀ ਮਿਸਾਲ ਹੈ।ਨਾਵਲਕਾਰ ਇਹ ਦਰਸਾਉਂਦਾ ਹੈ ਕਿ ਸ਼ੁਕਰਾਨ ਦਾ ਸਰੀਰ ਕੋਈ ਨਿਰਜੀਵ ਵਸਤੂ ਨਹੀਂ ਹੈ।ਉਸ ਦੀਆਂ ਜਿਸਮਾਨੀ ਇੱਛਾਵਾਂ ਉਸ ਦੇ ਜਿਊਂਦੇ ਹੋਣ ਦਾ ਸਬੂਤ ਹਨ ।ਜਦੋਂ ਸਮਾਜ ਜਾਂ ਹਾਲਾਤ ਇਨ੍ਹਾਂ ਲੋੜਾਂ ਦਾ ਦਮਨ ਕਰਦੇ ਹਨ, ਤਾਂ ਪਾਤਰ ਦੇ ਅੰਦਰ ਇਕ ਖ਼ਲਾਅ ਪੈਦਾ ਹੁੰਦਾ ਹੈ।ਮਾਸਲੋ ਦਾ ਮੰਨਣਾ ਹੈ ਕਿ

ਜਦੋਂ ਤੱਕ ਸਰੀਰਕ ਲੋੜਾਂ ਪੂਰੀਆਂ ਨਹੀਂ ਹੁੰਦੀਆਂ,ਮਨੁੱਖ ਹੋਰ ਕਿਸੇ ਉੱਚ ਮਕਸਦ ਜਿਵੇਂ ਸਮਾਜ ਸੇਵਾ ਜਾਂ ਰੂਹਾਨੀਅਤ ਬਾਰੇ ਇਕਾਗਰ ਚਿੱਤ ਨਹੀਂ ਹੋ ਸਕਦਾ। ਜਿਸ ਦੀ ਉੱਤਮ ਮਿਸਾਲ ਨਾਵਲ ਵਿਚ ਮਹਾਤਮਾ ਬੁੱਧ ਦੇ ਹਵਾਲੇ ਨਾਲ ਪੇਸ਼ ਹੁੰਦੀ ਹੈ ਕਿ "ਤੂੰਬੇ ਦੀ ਤਾਰ ਐਨੀ ਢਿੱਲੀ ਨਾ ਛੱਡੋ ਕਿ ਇਸ 'ਚੋਂ ਸੰਗੀਤ ਹੀ ਨਾ ਨਿਕਲ ਸਕੇ ਤੇ ਨਾ ਹੀ ਐਨੀ ਕੱਸ ਕੇ ਰੱਖੋ ਕਿ ਸੰਗੀਤ ਨੂੰ ਕੰਨ ਸੁਣਨਾ ਹੀ ਨਾ ਚਾਹੁਣ,ਤੂੰਬੇ ਦੀ ਤਾਰ ਨੂੰ ਮੱਧ ਵਿੱਚ ਰੱਖੋ ਤਾਂ ਕਿ ਉਹ ਸਹੀ ਆਵਾਜ਼ ਦੇ ਸਕੇ।"ਇਸ ਕਥਨ ਰਾਹੀਂ ਇਹ ਦਰਸ਼ਾਇਆ ਗਿਆ ਹੈ ਕਿ ਮਨੁੱਖ ਦੀਆਂ ਜੈਵਿਕ ਲੋੜਾਂ ਅਤੇ ਰੂਹਾਨੀਅਤ ਵਿੱਚ ਸੰਤੁਲਨ ਹੀ ਸਵੈ-ਪਾਰਗਾਮੀਕਰਨ ਦਾ ਅਸਲ ਰਾਹ ਹੈ। ਨਾਵਲ ਵਿਚ ਪੇਸ਼ ਸ਼ੁਕਰਾਨ ਦੀ ਬੇਚੈਨੀ ਇਹ ਸਾਬਤ ਕਰਦੀ ਹੈ ਕਿ ਉਸ ਦੀ 'ਦੇਹ' ਦੀ ਭੁੱਖ ਉਸ ਦੇ ਮਨ 'ਤੇ ਹਾਵੀ ਹੈ। ਨਾਵਲ ਦਾ ਸਿਰਲੇਖ ਮਾਸਲੋ ਦੇ ਬੁਨਿਆਦੀ ਪੜਾਅ ਲਈ ਢੁਕਵਾਂ ਹੈ।ਸਿਰਲੇਖ ਇਸ ਗੱਲ ਦੀ ਹਾਮੀ ਭਰਦਾ ਹੈ ਕਿ ਸਰੀਰ ਦੀ ਬੁਨਿਆਦੀ ਇੱਛਾਵਾਂ ਨੂੰ ਮਰਿਆਦਾ ਵਿਚ ਰਹਿ ਕੇ ਸੰਪੂਰਣ ਕੀਤੇ ਬਿਨਾਂ 'ਸਵੈ-ਬੋਧ'(Self Actualization) ਦੇ ਪੱਧਰ ਤੀਕ ਨਹੀਂ ਪੁੱਜਿਆ ਜਾ ਸਕਦਾ।

**ਪੜਾਅ 2 :- ਸੁਰੱਖਿਆ ਅਤੇ ਸਥਿਰਤਾ ਦੀਆਂ ਲੋੜਾਂ (Safety and Security needs)**

ਮਾਸਲੋ ਦੀ 'ਲੋੜਾਂ ਦੀ ਲੜੀ' ਵਿਚ ਸਰੀਰਕ ਲੋੜਾਂ ਦੀ ਸੰਤੁਸ਼ਟੀ ਤੋਂ ਬਾਅਦ ਦੂਜਾ ਅਹਿਮ ਪੜਾਅ 'ਸੁਰੱਖਿਆ ਅਤੇ ਸਥਿਰਤਾ' ਦਾ ਆਉਂਦਾ ਹੈ।ਇਹ ਲੋੜਾਂ ਕੇਵਲ ਸਰੀਰਕ ਬਚਾਅ ਤਕ ਸੀਮਿਤ ਨਹੀਂ ਹਨ,ਸਗੋਂ ਇਹ ਮਨੁੱਖੀ ਮਨ ਵਿਚ ਪੂਰਵ-ਅਨੁਮਾਨ(Predictability),ਕ੍ਰਮ(Order) ਅਤੇ ਨਿਯੰਤਰਣ(Control)ਦੀ ਭਾਲ ਨੂੰ ਦਰਸਾਉਂਦੀਆਂ ਹਨ।ਸੁਰੱਖਿਆ ਦਾ ਮਤਲਬ ਇਕ ਅਜਿਹੇ ਵਾਤਾਵਰਣ ਦੀ ਸਿਰਜਣਾ ਹੈ,ਜਿੱਥੇ ਵਿਅਕਤੀ ਭੈਅ ਅਤੇ ਅਨਿਸ਼ਚਿਤਤਾ ਤੋਂ ਮੁਕਤ ਹੋਵੇ।

"If the physiological needs are relatively well gratified, there then emerges a new set of needs, which we may categorize roughly as the safety needs. All that has been said of the physiological needs is equally true, although in lesser degree, of these desires. The organism may equally well be wholly run by them. They may serve as the almost exclusive organizers of behavior, recruiting all the capacities of the human being in their service, and we may then fairly describe the whole organism as a safety-seeking mechanism."[4]

ਨਾਵਲ ਵਿਚ ਪੇਸ਼ ਕਥਨ ਮਾਸਲੋ ਦੇ ਦੂਜੇ ਪੜਾਅ ਦੀ ਉੱਤਮ ਉਦਾਹਰਨ ਵੱਜੋ ਵਰਤਿਆ ਜਾ ਸਕਦਾ ਹੈ, "ਉਸ ਨੇ ਪੰਛੀਆਂ ਦੇ ਟੋਲੇ ਉੱਡਦੇ ਵੇਖੇ,ਜਿਵੇਂ ਰਿਜ਼ਕ ਦੀ ਭਾਲ ਵਿੱਚ ਹੋਵਣ।ਉਸ ਨੇ ਸੋਚਿਆ ਪੰਛੀ ਜਾਂ ਜਾਨਵਰ ਕਦੇ ਉਦਾਸ ਨਹੀਂ ਹੁੰਦੇ,ਨਾ ਹੀ ਖ਼ੁਦਕੁਸ਼ੀ ਕਰਦੇ ਨੇ,ਨਾ ਹੀ ਬੰਦੇ ਦੀ ਤਰ੍ਹਾਂ ਅਨਾਜ ਜੋੜ ਕੇ ਰੱਖਦੇ,ਸਭ ਕੁਝ ਕੁਦਰਤ ਦੇ ਆਸਰੇ ਸੁੱਟ ਦਿੰਦੇ ਨੇ।"[5] ਪਸ਼ੂ-ਪੰਛੀ ਸਭ ਕੁਦਰਤ ਦੇ ਆਸਰੇ ਜਿਉਂਦੇ ਹਨ, ਤੇ ਮਨੁੱਖੀ ਮਨ ਸੁਰੱਖਿਆ ਅਤੇ ਸਥਿਰਤਾ ਦੀਆਂ ਲੋੜਾਂ ਨੂੰ ਸੰਪੂਰਣ ਕਰਨ ਵਿਚ ਹੀ ਜੀਵਨ ਹੰਢਾਉਂਦਾ ਹੈ। ਨਾਵਲ 'ਦੇਹ ਕੀ ਸਾਖੀ' ਦੇ ਮੁੱਖ ਪਾਤਰ ਸ਼ੁਕਰਾਨ ਲਈ ਇਹ ਪੜਾਅ ਸਭ ਤੋਂ ਵੱਧ ਚੁਣੌਤੀਪੂਰਨ ਹੈ।ਮਾਸਲੋ ਅਨੁਸਾਰ,ਮਨੁੱਖ ਨਿਯਮਾਂ ਅਤੇ ਕਾਨੂੰਨਾਂ ਦੀ ਭਾਲ ਕਰਦਾ ਹੈ ਤਾਂ ਜੋ ਉਹ ਅਰਾਜਕਤਾ ਤੋਂ ਬਚ ਸਕੇ।ਸ਼ੁਕਰਾਨ ਦੇ ਸੰਦਰਭ ਵਿਚ,ਸਮਾਜਕ ਨੈਤਿਕਤਾ (Social morality) ਉਸ ਦੇ ਲਈ ਇਕ 'ਸੁਰੱਖਿਆ ਕਵਚ' ਵੀ ਹੈ ਅਤੇ ਇਕ 'ਬੰਧਨ' ਵੀ।ਇਸ ਪੜਾਅ 'ਤੇ ਇਹ ਨੁਕਤਾ ਅਹਿਮ ਹੈ ਕਿ ਕਿਵੇਂ 'ਸੁਰੱਖਿਆ ਦੀ ਲੋੜ' ਮਨੁੱਖੀ ਸੁਤੰਤਰਤਾ ਦੇ ਰਾਹ ਵਿਚ ਰੁਕਾਵਟ ਬਣ ਸਕਦੀ ਹੈ।

**ਪੜਾਅ 3 :- ਪਿਆਰ ਅਤੇ ਆਪਣੇਪਣ ਦੀਆਂ ਲੋੜਾਂ (Love and Belongingness needs)**

ਮਾਸਲੋ ਦੇ ਸਿਧਾਂਤ ਅਨੁਸਾਰ ,ਪਿਆਰ ਅਤੇ ਆਪਣਾਪਨ ਤੀਜਾ ਮਹੱਤਵਪੂਰਣ ਪੜਾਅ ਹੈ,ਜੋ ਮਨੁੱਖ ਦੇ ਸਮਾਜਕ ਅਤੇ ਭਾਵਨਾਤਮਕ ਸੁਭਾਅ ਨੂੰ ਦਰਸਾਉਂਦਾ ਹੈ।ਜਦੋਂ ਮਨੁੱਖ ਦੀਆਂ ਸਰੀਰਕ ਅਤੇ ਸੁਰੱਖਿਆ ਲੋੜਾਂ ਮੁੱਢਲੇ ਤੌਰ ਤੇ ਸਥਿਰ ਹੋ ਜਾਂਦੀਆਂ ਹਨ,ਤਾਂ ਉਸ ਅੰਦਰ ਦੂਜਿਆਂ ਨਾਲ ਜੁੜਨ ਅਤੇ ਸਵੀਕ੍ਰਿਤੀ (Acceptance) ਦੀ ਤੀਬਰ ਇੱਛਾ ਪੈਦਾ ਹੁੰਦੀ ਹੈ।ਤੀਜੇ ਪੜਾਅ

ਅਨੁਸਾਰ,ਮਨੁੱਖ ਸਿਰਫ਼ ਇਕੱਲਾ ਜੀਵ ਨਹੀਂ ਹੈ,ਉਹ ਦੋਸਤੀ,ਪਰਿਵਾਰ ਅਤੇ ਪਿਆਰ ਦੇ ਰਿਸ਼ਤਿਆਂ ਰਾਹੀਂ ਆਪਣੀ ਹੋਂਦ ਨੂੰ ਪ੍ਰਮਾਣਿਤ ਕਰਨਾ ਚਾਹੁੰਦਾ ਹੈ।

"Love is not synonymous with sex. Sex may be studied as a purely physiological need... [but] the love needs involve giving and receiving affection. When they are unsatisfied, a person will feel keenly the absence of friends, of a sweetheart, or a wife, or children."[6]

ਸ਼ੁਕਰਾਨ ਦੇ ਮਾਮਲੇ ਵਿਚ,ਇਹ ਲੋਕ ਸਿਰਫ਼ 'ਜਿਸਮਾਨੀ ਨੇੜਤਾ" ਤਕ ਸੀਮਿਤ ਨਹੀਂ ਹੈ,ਸਗੋਂ ਉਹ ਇਕ ਅਜਿਹੇ ਭਾਵਨਾਤਮਕ ਸਬੰਧ ਦੀ ਭਾਲ ਵਿਚ ਹੈ ਜਿੱਥੇ ਉਸ ਦੇ ਅਸਲੀ ਆਪੇ ਨੂੰ ਸਵੀਕਾਰ ਕੀਤਾ ਜਾਵੇ।

'Belonging' ਤੋਂ ਭਾਵ ਹੈ ਕਿਸੇ ਸਮੂਹ ਜਾਂ ਵਿਅਕਤੀ ਨਾਲ ਅਜਿਹੀ ਸਾਂਝ ਜਿੱਥੇ ਵਿਅਕਤੀ 'ਓਪਰਾ" ਮਹਿਸੂਸ ਨਾ ਕਰੇ।ਨਾਵਲ ਵਿਚ ਸ਼ੁਕਰਾਨ ਦਾ ਇਕੱਲੇਪਣ ਦਾ ਅਨੁਭਵ ਇਸੇ ਲੋੜ ਦੀ ਅਧੂਰੀ ਅਵਸਥਾ ਨੂੰ ਦਰਸਾਉਂਦਾ ਹੈ।ਜਦੋਂ ਉਹ ਕਿਸੇ ਨਾਲ ਡੂੰਘੀ ਸਾਂਝ ਪਾਉਂਦਾ ਹੈ ਜਿਸ ਦਾ ਪ੍ਰਮਾਣ ਸਾਨੂੰ ਨਾਵਲ ਵਿਚ ਥਾਂ-ਥਾਂ 'ਤੇ ਮਿਲਦਾ ਹੈ ਜਿਵੇਂ "ਉਸ ਅੰਦਰ ਵੀ ਲਾਲਸਾ ਜਾਗੀ ਕਿ ਉਹ ਕਿਸੇ ਸੋਹਣੀ ਔਰਤ ਨਾਲ ਵਿਆਹ ਕਰਵਾ ਕੇ ਇੱਥੇ ਹੀ ਵੱਸ ਜਾਵੇ,ਤੇ ਆਪਣਾ ਪਰਿਵਾਰ ਵਸਾ ਲਵੇ।ਜਵਾਨੀ ਵਿੱਚ ਹੋਣ ਕਰਕੇ ਉਸ ਦੀ ਇਹ ਇੱਛਾ ਦਿਨੋਂ ਦਿਨ ਵਧ ਰਹੀ ਸੀ।"[7] ਇਸ ਪੱਧਰ 'ਤੇ ਪੁੱਜ ਕੇ ਸ਼ੁਕਰਾਨ ਅਸਲ ਵਿਚ ਇਸੇ ਤੀਜੇ ਪੜਾਅ ਦੀ ਤ੍ਰਿਪਤੀ ਵਲ ਵੱਧ ਰਿਹਾ ਹੁੰਦਾ ਹੈ। ਇਸ ਵਿਚ ਅਹਿਮ ਨੁਕਤਾ ਇਹ ਹੈ ਕਿ ਮਾਸਲੋ ਨੇ ਜਿਨਸੀ ਸਬੰਧਾਂ ਨੂੰ ਪਹਿਲੇ ਪੜਾਅ (ਸਰੀਰਕ) ਵਿਚ ਰੱਖਿਆ ਹੈ,ਪਰ ਨੇੜਤਾ (Intimacy) ਨੂੰ ਤੀਜੇ ਪੜਾਅ (ਪਿਆਰ ਅਤੇ ਅਪਣਾਪਨ) ਵਿਚ।ਸ਼ੁਕਰਾਨ ਦੀ ਯਾਤਰਾ ਇਹ ਦਿਖਾਉਂਦੀ ਹੈ ਕਿ ਕਿਵੇਂ ਉਸ ਦੀ 'ਦੇਹ' ਦੀ ਲੋੜ ਹੌਲੀ-ਹੌਲੀ ਇਕ 'ਰੂਹਾਨੀ ਸਾਂਝ' ਦੀ ਲੋੜ ਵਿਚ ਬਦਲ ਜਾਂਦੀ ਹੈ।ਉਹ ਸਿਰਫ਼ ਇਕ ਸਰੀਰ ਨਹੀਂ ਲੱਭ ਰਿਹਾ,ਸਗੋਂ ਇਕ ਅਜਿਹੀ 'ਸਾਖੀ' ਲੱਭ ਰਿਹਾ ਹੈ ਜੋ ਉਸ ਦੇ ਜੀਵਨ ਨੂੰ ਅਰਥ ਪ੍ਰਦਾਨ ਕਰੇ।

ਸ਼ੁਕਰਾਨ ਦੇ ਪਾਤਰ ਰਾਹੀਂ ਨਾਵਲਕਾਰ ਇਹ ਸਪਸ਼ਟ ਕਰਦਾ ਹੈ ਕਿ "ਇਹ ਵੀ ਹੋ ਸਕਦਾ ਕਿ ਤੇਰਾ ਤਨ ਤੇਰੇ ਖ਼ਿਆਲਾਂ ਨਾਲ ਨਾ ਮੇਚ ਖਾਂਦਾ ਹੋਵੇ,ਕਿਉਂਕਿ ਤਨ ਦੇ ਕੁਝ ਆਪਣੇ ਲਾਲਚ ਨੇ,ਕੁਝ ਆਪਣੇ ਮੋਹ ਨੇ,ਜੋ ਤੈਨੂੰ ਦੂਰ ਜਾਣ ਤੋਂ ਰੋਕਦੇ ਨੇ।ਇਹ ਤੇਰੇ ਇਕੱਲੇ ਦੀ ਹਕੀਕਤ ਨਹੀਂ,ਸਭ ਇਹ ਤਨ ਦੇ ਨਿੱਕੇ-ਨਿੱਕੇ ਲਾਲਚਾਂ ਨਾਲ ਬੱਝੇ ਹੋਏ ਨੇ,ਜਿਹਨਾਂ ਨੂੰ ਤੋੜਨਾ ਐਨਾ ਸੌਖਾ ਨਹੀਂ।"[8] ਮਨੁੱਖੀ ਰਿਸ਼ਤੇ ਸਿਰਫ਼ ਸਮਾਜਕ ਸਮਝੌਤੇ ਨਹੀਂ ਹੁੰਦੇ।ਜੇਕਰ ਕਿਸੇ ਰਿਸ਼ਤੇ ਵਿਚ 'ਅਪਣਾਪਨ' ਅਤੇ 'ਸਵੀਕ੍ਰਿਤੀ'(Belongingness) ਨਾ ਹੋਵੇ,ਤਾਂ ਵਿਅਕਤੀ ਮਾਨਸਿਕ ਤੌਰ ਤੇ ਖਿੰਡ ਜਾਂਦਾ ਹੈ।ਸ਼ੁਕਰਾਨ ਦੀ ਬੇਚੈਨੀ ਇਹ ਸਾਬਤ ਕਰਦੀ ਹੈ ਕਿ ਪਿਆਰ ਸਿਰਫ਼ ਇਕ ਜਜ਼ਬਾ ਨਹੀਂ,ਸਗੋਂ ਮਾਨਸਿਕ ਪੱਧਰ ਦੀ ਲੋੜ ਹੈ,ਜਿਸ ਤੋਂ ਬਿਨਾਂ ਮਨੁੱਖ ਆਪਣੇ ਅਗਲੇ ਪੜਾਅ 'ਸਵੈ-ਮਾਣ' (Self Esteem) ਵੱਲ ਕਦਮ ਨਹੀਂ ਵਧਾ ਸਕਦਾ।ਜਿਸ ਦੀ ਪੁਸ਼ਟੀ ਨਾਵਲ ਵਿਚ ਪੇਸ਼ ਸ਼ੁਕਰਾਨ ਅਤੇ ਕਰਮਾ ਵਰਗੇ ਪਾਤਰਾਂ ਦੇ ਸੰਵਾਦ ਰਾਹੀਂ ਹੁੰਦੀ ਹੈ।

**ਪੜਾਅ 4 :- ਸਵੈ-ਮਾਣ ਦੀਆਂ ਲੋੜਾਂ (Self-Esteem needs)**

ਚੌਥੇ ਪੜਾਅ ਵੱਜੋ, ਸਵੈ-ਮਾਣ ਦੀਆਂ ਲੋੜਾਂ (Self Esteem Needs) ਦਾ ਵਿਸ਼ਲੇਸ਼ਣ ਬਹੁਤ ਮਹੱਤਵਪੂਰਣ ਹੈ। ਇਹ ਉਹ ਬਿੰਦੂ ਹੈ ਜਿੱਥੇ ਸ਼ੁਕਰਾਨ ਆਪਣੀਆਂ ਅੰਦਰੂਨੀ ਇੱਛਾਵਾਂ ਅਤੇ ਬਾਹਰੀ ਸਮਾਜਕ ਪ੍ਰਵਾਨਗੀ ਦੇ ਵਿਚਕਾਰ ਇਕ ਗੁੰਝਲਦਾਰ ਸੰਘਰਸ਼ ਵਿਚੋਂ ਗੁਜ਼ਰਦਾ ਹੈ।ਸ਼ਹਿਰ ਵਿਚ ਵੱਸ ਕੇ ਭਾਵੇਂ ਸ਼ੁਕਰਾਨ ਆਪਣੀ ਬਾਹਰੀ ਸਵੈ-ਮਾਣ ਦੀਆਂ ਲੋੜਾਂ ਨੂੰ ਸੰਪੂਰਣ ਤੌਰ 'ਤੇ ਪੂਰਦਾ ਹੈ ਪਰ ਫਿਰ ਵੀ ਉਸ ਤੋਂ ਸੰਤੁਸ਼ਟ ਨਹੀਂ ਹੁੰਦਾ।ਸਿੱਟੇ ਵੱਜੋ,ਪਾਤਰ ਬੇਅੰਤ ਐਬਾਂ ਦਾ ਆਦਿ ਹੋ ਜਾਂਦਾ ਹੈ।ਜਿਵੇਂ ਕਾਂਡ ਸਤਾਰਾਂ ਵਿਚ ਆਉਂਦਾ ਹੈ ਕਿ "ਹੌਲ਼ੀ-ਹੌਲ਼ੀ ਉਸ ਨੇ ਵਪਾਰ ਵਿੱਚ ਵਾਧਾ ਕੀਤਾ ਤੇ ਬਹੁਤ ਜਲਦ ਇੱਕ ਮਾਹਰ ਵਪਾਰੀ ਬਣ ਗਿਆ।ਉਹ ਦਿਨ ਰਾਤ ਵਪਾਰ ਨੂੰ ਵਧਾਉਣ ਦੀਆਂ ਤਰਕੀਬਾਂ ਸੋਚਦਾ ਅਤੇ ਨਵੇਂ ਢੰਗ ਤਰੀਕਿਆਂ ਨੂੰ ਅਮਲ ਵਿੱਚ ਲਿਆਉਂਦਾ।ਸ਼ਹਿਰ ਵਿੱਚ ਉਸ

ਦਾ ਨਾਮ ਜਾਣਿਆ ਪਛਾਣਿਆ ਹੋ ਗਿਆ।ਵਪਾਰ ਦੇ ਨਾਲ-ਨਾਲ ਉਸ ਨੂੰ ਬੇਅੰਤ ਐਬ ਵੀ ਚਿੰਬੜ ਗਏ।"[9] ਸ਼ੁਕਰਾਨ ਦਾ ਵਪਾਰ ਵਿੱਚ ਵਾਧਾ ਕਰਨਾ ਅਸਲ ਵਿੱਚ ਉਸ ਦੇ ਮਾਨਸਿਕ ਖ਼ਲਾਅ ਨੂੰ ਭਰਨ ਦੀ ਇੱਕ ਅਸਫਲ ਕੋਸ਼ਿਸ਼ ਸੀ।

ਮਾਸਲੋ ਦੇ ਅਨੁਸਾਰ , ਇਕ ਵਾਰ ਜਦੋਂ ਪਿਆਰ ਅਤੇ ਸਾਂਝ ਦੀਆਂ ਲੋੜਾਂ ਪੂਰੀਆਂ ਹੋ ਜਾਂਦੀਆਂ ਹਨ,ਤਾਂ ਵਿਅਕਤੀ ਅੰਦਰ ਸਤਿਕਾਰ ਅਤੇ ਮਾਨਤਾ ਦੀ ਲੋੜ ਪੈਦਾ ਹੁੰਦੀ ਹੈ। ਮੁੱਖ ਤੌਰ ਤੇ,ਸਵੈ-ਮਾਣ ਨੂੰ ਦੋ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ।

- ਬਾਹਰੀ ਸਤਿਕਾਰ : ਦੂਜਿਆਂ ਤੋਂ ਮਿਲਣ ਵਾਲੀ ਮਾਨਤਾ,ਰੁਤਬਾ ਪ੍ਰਸ਼ੰਸਾ।
- ਅੰਦਰੂਨੀ ਸਵੈ-ਮਾਣ : ਆਤਮ ਵਿਸ਼ਵਾਸ, ਸੁਤੰਤਰਤਾ ਅਤੇ ਆਪਣੇ ਆਪ ਨੂੰ ਸੱਚਾ ਮੰਨਣ ਦੀ ਯੋਗਤਾ।

ਸ਼ੁਕਰਾਨ ਦੀ ਯਾਤਰਾ ਇਹ ਸਾਬਤ ਕਰਦੀ ਹੈ ਕਿ ਜਿੰਨਾ ਚਿਰ ਮਨੁੱਖ ਬਾਹਰੀ ਸਤਿਕਾਰ(Status) ਲਈ ਆਪਣੇ ਅੰਦਰੂਨੀ ਸੱਚ ਦੀ ਬਲੀ ਦਿੰਦਾ ਹੈ,ਉਸ ਦਾ 'ਸਵੈ-ਮਾਣ' ਅਧੂਰਾ ਰਹਿੰਦਾ ਹੈ।"ਬੰਦਾ ਆਪਣੇ ਅਸਲ ਨੂੰ ਜਾਣਦਾ ਹੋਇਆ ਵੀ ਅਣਗੌਲੇ ਕਰਦਾ ਹੈ,ਜਦ ਵੀ ਉਸ ਨੂੰ ਪ੍ਰਸ਼ੰਸਾ ਦੀ ਭੁੱਖ ਹੁੰਦੀ,ਉਹ ਝੂਠੀਆਂ ਤਾਰੀਫ਼ਾਂ ਹੇਠਾਂ ਆਪਣੇ ਅਸਲ ਨੂੰ ਵੀ ਪਛਾਣਨਾ ਭੁੱਲ ਜਾਂਦਾ ਹੈ।"[10] ਨਾਵਲਕਾਰ ਨੇ ਬਹੁਤ ਸੂਖਮਤਾ ਨਾਲ ਸ਼ੁਕਰਾਨ ਵੱਲੋਂ ਉਪਰੋਕਤ ਕਥਨ ਅਖਵਾਇਆ ਹੈ ਕਿ ਸ਼ੁਕਰਾਨ ਦਾ ਆਪਣੀ 'ਦੇਹ ਦੀ ਸਾਖੀ' ਭਰਨਾ,ਉਸ ਦੇ ਅੰਦਰੂਨੀ ਸਵੈ-ਮਾਣ ਨੂੰ ਮੁੜ ਸੁਰਜੀਤ ਕਰਨ ਦੀ ਪ੍ਰਕਿਰਿਆ ਹੈ।ਇਸ ਪੜਾਅ 'ਤੇ ਪੁੱਜ ਕੇ ਹੀ ਪਾਤਰ ਨੂੰ ਅਹਿਸਾਸ ਹੁੰਦਾ ਹੈ ਕਿ ਉਸ ਦੇ ਆਪੇ/ਸਵੈ(SELF) ਤੋਂ ਸਿਵਾਏ ਉਸ ਦਾ ਕੋਈ ਵੀ ਸੰਗੀ ਸਾਥੀ ਨਹੀਂ ਸੀ।ਜਿੱਥੋਂ ਉਹ ਆਪਣੇ ਆਪ ਨੂੰ ਅਗਲੀ ਮੰਜ਼ਿਲ ਸਵੈ-ਬੋਧ(Self Actualization) ਲਈ ਤਿਆਰ ਕਰਦਾ ਹੈ।

**ਪੜਾਅ 5 :- ਸਵੈ-ਬੋਧ (Self Actualization)**

ਸਵੈ-ਬੋਧ ਦਾ ਅਰਥ ਹੈ ਮਨੁੱਖ ਦਾ ਉਹ ਸਭ ਕੁਝ ਬਣ ਜਾਣਾ,ਜੋ ਬਣਨ ਦੀ ਉਸ ਵਿਚ ਸਮਰੱਥਾ ਹੈ। ਇਹ ਪੜਾਅ ਉਦੋਂ ਆਉਂਦਾ ਹੈ,ਜਦੋਂ ਵਿਅਕਤੀ ਸਮਾਜਕ ਦਬਾਅ,ਡਰ ਅਤੇ ਨਕਲੀ ਮਖੌਟਿਆਂ(Persona Archytype) ਤੋਂ ਉੱਪਰ ਉੱਠ ਕੇ ਆਪਣੇ ਅਸਲੀ ਆਤਮ(Authentic Self)ਨੂੰ ਪਛਾਣ ਲੈਂਦਾ ਹੈ। ਸਵੈ-ਬੋਧ ਦਾ ਪਹਿਲਾ ਕਦਮ ਹਕੀਕਤ ਨੂੰ ਉਸੇ ਰੂਪ ਵਿਚ ਕਬੂਲ ਕਰਨਾ ਹੈ ਜਿਵੇਂ ਉਹ ਹੈ।

"Even if all these needs are satisfied, we may still often (if not always) expect that a new discontent and restlessness will soon develop, unless the individual is doing what he is fitted for. A musician must make music, an artist must paint, a poet must write, if he is to be ultimately at peace with himself. What a man can be, he must be. This need we may call self-actualization."[11]

ਨਾਵਲ ਵਿਚ ਪੇਸ਼ ਇਹ ਕਥਨ ਇਸ ਗੱਲ ਨੂੰ ਹੋਰ ਪੁਖ਼ਤਾ ਕਰਦਾ ਹੈ।"ਮਹਾਨ ਤਪੱਸਵੀਆਂ ਨੂੰ ਕਿੰਨੇ ਕਸ਼ਟ ਸਹਿਣੇ ਪਏ ਨੇ,ਈਸਾ ਜੀ ਨੂੰ ਸੂਲੀ ਚੜ੍ਹਨਾ ਪਿਆ,ਮਨਸੂਰ ਨੂੰ ਫਾਂਸੀ ਹੋਈ ,ਕਬੀਰ ਜੀ ਨੂੰ ਸੰਗਲਾਂ ਨਾਲ ਬੰਨ੍ਹਿਆ ਗਿਆ,ਗੁਰੂ ਅਰਜਨ ਸਾਹਿਬ ਨੂੰ ਤੱਤੀ ਤਵੀ 'ਤੇ ਬੈਠਣਾ ਪਿਆ,ਗੁਰੂ ਤੇਗ਼ ਬਹਾਦਰ ਜੀ ਨੂੰ ਸੀਸ ਦੇਣਾ ਪਿਆ ਪਰ ਉਹ ਕਦੇ ਵੀ ਆਪਣੇ ਗੁਣਾਂ ਤੋਂ ਦੂਰ ਨਾ ਹੋਏ,ਆਪਣੇ ਅਸਲੀ ਰਾਹ ਤੋਂ ਡੋਲੇ ਨਾ,ਸਗੋਂ ਉਸ ਮੁਕਾਮ 'ਤੇ ਪਹੁੰਚ ਗਏ ਜਿੱਥੇ ਹਰ ਕੋਈ ਨਹੀਂ ਪਹੁੰਚ ਸਕਦਾ।"[12] ਸ਼ੁਕਰਾਨ ਜਦੋਂ ਆਪਣੀ 'ਦੇਹ' ਦੀਆਂ ਲੋੜਾਂ ਨੂੰ 'ਪਾਪ' ਮੰਨਣ ਦੀ ਬਜਾਏ 'ਕੁਦਰਤੀ ਸੱਚ' ਵੱਜੋ ਸਵੀਕਾਰ ਕਰਦਾ ਹੈ,ਤਾਂ ਉਹ ਇਸ ਪੜਾਅ ਵਿਚ ਪ੍ਰਵੇਸ਼ ਕਰਦਾ ਹੈ।

ਨਾਵਲ ਵਿਚ ਪੇਸ਼ 'Existence Crisis' ਦਾ ਮਸਲਾ ,ਜੋ ਮਨੁੱਖੀ ਹੋਂਦ ਨੂੰ ਆਧਾਰ ਬਣਾਉਂਦਾ ਹੈ ,ਜਦੋਂ ਪਾਤਰ ਜਾਣਕ ਆਪਣੀ ਹੋਂਦ ਬਾਰੇ ਸਵਾਲ ਕਰਦਾ ਹੈ "WHY। ?"ਤਾਂ ਅਸਲ ਸਵੈ-ਬੋਧ ਦਾ ਜਨਮ ਹੁੰਦਾ ਹੈ। ਨਾਵਲ ਵਿਚ ਜਾਣਕ ਵੱਲੋਂ ਕੀਤਾ ਇਹ ਸੰਵਾਦ "ਸਿਰਫ਼ ਯਾਦ ਇਹ ਰੱਖਣਾ ਕਿ 'ਮੈਂ' ਕੀ ਹਾਂ।ਤੁਹਾਡੇ ਦੁਆਰਾ ਆਪਣੀ 'ਮੈਂ' ਦੀ ਅਸਲ ਖੋਜ ਤੁਹਾਨੂੰ ਸਹੀ ਬੋਲ ਚੁਣਨੇ

ਸਿਖਾ ਦੇਵੇਗੀ ਤੇ ਤੁਹਾਨੂੰ ਇਸ ਗੱਲ ਦਾ ਅਹਿਸਾਸ ਕਰਵਾਏਗੀ ਕਿ ਸਾਰਾ ਬ੍ਰਹਿਮੰਡ ਤੇਰੇ ਵਿਚ ਸਮਾਇਆ ਹੋਇਆ ਹੈ,ਕੋਈ ਦੇਸ ਕਾਲ ਨਹੀਂ ਜੋ ਇਸ ਦੀ ਸੀਮਾ ਤੈਅ ਕਰ ਸਕੇ।"[13] ਨਾਵਲ ਵਿੱਚ 'ਜਾਣਕ' ਨਾਂ ਦਾ ਪਾਤਰ ਸ਼ੁਕਰਾਨ ਨੂੰ 'ਮੈਂ' ਦੀ ਅਸਲ ਖੋਜ ਕਰਨ ਲਈ ਪ੍ਰੇਰਦਾ ਹੈ, ਜੋ ਉਸ ਨੂੰ ਬਾਹਰੀ ਜਗਤ ਤੋਂ ਹਟਾ ਕੇ ਅੰਦਰੂਨੀ ਸਫ਼ਰ (Actual Self-realization) ਵੱਲ ਲੈ ਜਾਂਦੀ ਹੈ ।ਜੋ ਮਨੁੱਖਤਾਵਾਦੀ ਮਨੋਵਿਗਿਆਨ(Humanistic Psychology)ਦੀ ਨੀਂਹ ਹੈ।ਜਿਸ ਨੂੰ ਅਸੀਂ ਗੁਰਬਾਣੀ ਦੀ ਤੁੱਕ "ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ"[14] ਰਾਹੀਂ ਵੀ ਸਮਝ ਸਕਦੇ ਹਾਂ।ਇੱਥੇ ਪੂਰਬੀ ਅਧਿਆਤਮਿਕ ਧਾਰਨਾ ਅਤੇ ਮਾਸਲੋ ਦੀ ਪੱਛਮੀ ਮਨੋਵਿਗਿਆਨਕ ਧਾਰਨਾ ਵਿਚਲਾ ਸੁਮੇਲ ਵੀ ਦੇਖਣ ਨੂੰ ਮਿਲਦਾ ਹੈ।ਜਿਹੜੇ ਸਿਧਾਂਤਾਂ ਦੀ ਗੱਲ ਪੱਛਮ ਵਿਚ ਹੋਣੀ ਆਰੰਭ ਹੁੰਦੀ ਹੈ,ਉਨ੍ਹਾਂ ਸਿਧਾਂਤਾਂ ਦੀ ਚਰਚਾ ਪੂਰਬ ਵਿਚ ਰਚੇ ਗ੍ਰੰਥਾਂ ਵਿਚ ਪਹਿਲਾਂ ਤੋਂ ਹੀ ਮੌਜੂਦ ਮਿਲਦੀ ਹੈ।ਨਾਵਲ ਦੇ ਸੰਦਰਭ ਵਿਚ ਗੱਲ ਕਰੀਏ ਤਾਂ ਸ਼ੁਕਰਾਨ ਦਾ ਵਿਵਹਾਰ ਹੁਣ ਸਮਾਜਕ ਰਸਮਾਂ ਜਾਂ ਦਿਖਾਵੇ ਦੀ ਬਜਾਏ ਉਸ ਦੀ ਅੰਦਰੂਨੀ ਪ੍ਰੇਰਨਾ 'ਤੇ ਆਧਾਰਿਤ ਹੋ ਜਾਂਦਾ ਹੈ।ਉਹ ਆਪਣੀਆਂ ਭਾਵਨਾਵਾਂ ਅਤੇ ਜਿਸਮਾਨੀ ਸੱਚਾਈਆਂ ਨੂੰ ਬਿਨਾਂ ਕਿਸੇ ਅਪਰਾਧ-ਬੋਧ(Guilt)ਦੇ ਜਿਊਣ ਲੱਗਦਾ ਹੈ।ਇਸ ਪੜਾਅ ਤੇ ਸ਼ੁਕਰਾਨ ਮਾਨਸਿਕ ਤੌਰ 'ਤੇ ਸੁਤੰਤਰ ਹੋ ਜਾਂਦਾ ਹੈ।ਉਹ ਆਪਣੀ ਖ਼ੁਸ਼ੀ ਅਤੇ ਸੰਤੁਸ਼ਟੀ ਲਈ ਦੂਜਿਆਂ ਦੀਆਂ ਨਜ਼ਰਾਂ ਜਾਂ ਸਮਾਜਕ ਪ੍ਰਵਾਨਗੀ 'ਤੇ ਨਿਰਭਰ ਨਹੀਂ ਰਹਿੰਦਾ। ਉਸ ਲਈ 'ਦੇਹ ਕੀ ਸਾਖੀ' ਉਸ ਦਾ ਆਪਣਾ ਨਿੱਜੀ ਅਨੁਭਵ ਹੈ,ਨਾ ਕਿ ਸਮਾਜ ਲਈ ਦਿੱਤਾ ਗਿਆ ਕੋਈ ਸਪਸ਼ਟੀਕਰਨ ।

ਸ਼ੁਕਰਾਨ ਦੀ ਯਾਤਰਾ ਸਾਬਤ ਕਰਦੀ ਹੈ ਕਿ ਸਵੈ-ਬੋਧ ਕੋਈ ਅਜਿਹੀ ਅਵਸਥਾ ਨਹੀਂ ਜੋ ਸਰੀਰ ਦਾ ਤਿਆਗ ਕਰਕੇ ਮਿਲਦੀ ਹੋਵੇ,ਸਗੋਂ ਇਹ ਸਰੀਰਕ ਸਚਾਈਆਂ ਨੂੰ ਪੂਰੀ ਤਰ੍ਹਾਂ ਆਪਣਾ ਕੇ ਹੀ ਹਾਸਲ ਕੀਤੀ ਜਾ ਸਕਦੀ ਹੈ।ਨਾਵਲਕਾਰ ਨੇ ਦਿਖਾਇਆ ਹੈ ਕਿ ਜਦੋਂ ਸ਼ੁਕਰਾਨ ਆਪਣੀ 'ਦੇਹ' ਨਾਲ ਇਮਾਨਦਾਰ ਹੁੰਦਾ ਹੈ,ਤਾਂ ਹੀ ਉਹ ਆਪਣੇ 'ਸਵੈ' ਨਾਲ ਜੁੜਦਾ ਹੈ।ਇਹੋ ਉਸ ਦੀ ਮਾਨਸਿਕ ਮੁਕਤੀ ਹੈ।

**ਪੜਾਅ 6 :- ਸਵੈ - ਪਾਰਗਾਮੀਕਰਨ (Self-Transcendence)**


ਅਬਰਾਹਮ ਮਾਸਲੋ ਨੇ ਆਪਣੇ ਜੀਵਨ ਦੇ ਅਖੀਰਲੇ ਸਾਲਾਂ ਵਿਚ ਮਹਿਸੂਸ ਕੀਤਾ ਕਿ ਮਨੁੱਖੀ ਚੇਤਨਾ 'ਸਵੈ-ਬੋਧ'(Self Actualization) ਤੋਂ ਵੀ ਅੱਗੇ ਜਾ ਸਕਦੀ ਹੈ।ਸਵੈ-ਪਾਰਗਾਮੀਕਰਨ ਦਾ ਅਰਥ ਹੈ ਆਪਣੇ 'ਨਿੱਜੀ ਆਪੇ'(Ego) ਦੀਆਂ ਸੀਮਾਵਾਂ ਨੂੰ ਤੋੜ ਕੇ ਕਿਸੇ ਉੱਚੇ ਸੱਚ, ਬ੍ਰਹਿਮੰਡੀ ਚੇਤਨਾ ਜਾਂ ਮਾਨਵਤਾ ਨਾਲ ਜੁੜਨਾ।

ਨਾਵਲ ਦੇ ਇਸ ਪੜਾਅ 'ਤੇ ਸ਼ੁਕਰਾਨ ਉਸ ਅਵਸਥਾ ਵਿਚ ਪਹੁੰਚ ਜਾਂਦਾ ਹੈ ਜਿੱਥੇ ਸਰੀਰ ਅਤੇ ਰੂਹ,ਪਾਪ ਅਤੇ ਪੁੰਨ,ਜਾਂ ਸਮਾਜ ਅਤੇ ਵਿਅਕਤੀ ਵਿਚਕਾਰਲਾ ਪਾੜਾ ਖ਼ਤਮ ਹੋ ਜਾਂਦਾ ਹੈ। ਉਹ ਹੁਣ ਸਿਰਫ਼ ਆਪਣੀਆਂ ਲੋੜਾਂ ਲਈ ਨਹੀਂ ਜਿਊਂਦਾ ,ਸਗੋਂ ਉਹ ਜੀਵਨ ਦੇ ਸਮੁੱਚੇ ਪ੍ਰਵਾਹ ਨੂੰ ਸਮਝਣ ਲੱਗਦਾ ਹੈ। ਇਸ ਪੜਾਅ ਤੇ ਸ਼ੁਕਰਾਨ ਲਈ ਉਸ ਦਾ ਸਰੀਰ (ਦੇਹ) ਸਿਰਫ਼ ਭੋਗਣ ਦੀ ਵਸਤੂ ਨਹੀਂ ਰਹਿ ਜਾਂਦੀ,ਸਗੋਂ ਇਹ 'ਸਾਖੀ' (ਗਵਾਹ) ਬਣ ਜਾਂਦੀ ਹੈ।ਉਹ ਮਹਿਸੂਸ ਕਰਦਾ ਹੈ ਕਿ ਸਰੀਰਕ ਅਨੁਭਵ ਅਸਲ ਵਿਚ ਉਸ ਨੂੰ ਬ੍ਰਹਿਮੰਡੀ ਸੱਚ ਨਾਲ ਜੋੜਨ ਵਾਲਾ ਰਾਹ ਹਨ।ਇਸ ਦਾ ਅਹਿਸਾਸ ਜਾਣਕ ਪਾਤਰ ਵੱਲੋਂ ਕਹੇ ਬਚਨਾਂ ਰਾਹੀ ਹੁੰਦਾ ਹੈ ,ਜਿਸ ਵਿਚ ਉਹ ਆਖਦਾ ਹੈ ਕਿ "ਜਦ ਆਤਮਾ ਸਰੀਰ ਨੂੰ ਚਲਾਉਂਦੀ ਏ ਤਾਂ ਜੀਵਨ ਸਹੀ ਦਿਸ਼ਾ ਵੱਲ ਜਾਂਦਾ ਹੈ। ਜਦ ਸਰੀਰ,ਆਤਮਾ ਨੂੰ ਚਲਾਉਣ ਦੀ ਕੋਸ਼ਿਸ਼ ਕਰਦਾ ਤਾਂ ਅਸੀਂ ਦਿਸ਼ਾਹੀਣ ਹੋਣ ਲੱਗਦੇ ਹਾਂ।"[15] ਕਹਿਣ ਦਾ ਭਾਵ ਜਿੰਨ੍ਹਾਂ ਚਿਰ ਮਨੁੱਖ ਆਪਣੀਆਂ (Desire Needs) ਨੂੰ ਪੂਰਾ ਕਰਣ 'ਚ ਰੁੱਝਿਆ ਰਹਿੰਦਾ ਹੈ,ਉਨ੍ਹਾਂ ਚਿਰ ਮਨੁੱਖ ਆਪਣੀਆਂ(Being Needs) ਤੀਕ ਨਹੀਂ ਪੁੱਜਦਾ,ਇਸੇ ਕਰਕੇ ਇਸ ਵਿਚ ਸਮਾਯੋਜਨ ਕਰਨਾ ਲਾਜ਼ਮੀ ਹੈ,ਇਹ ਪਾਰਗਾਮੀ(Transpersonal) ਅਨੁਭਵ ਹੈ ਜਿੱਥੇ ਵਿਅਕਤੀਗਤ ਪਛਾਣ ਮਿੱਟ ਜਾਂਦੀ ਹੈ।

ਸ਼ੁਕਰਾਨ ਦੀ ਯਾਤਰਾ ਦਾ ਅੰਤ ਕਿਸੇ ਸਮਾਜਕ ਜਿੱਤ ਵਿਚ ਨਹੀਂ ,ਸਗੋਂ ਇਕ ਅੰਦਰੂਨੀ 'ਮੌਨ'(Silence)ਵਿਚ ਹੁੰਦਾ ਹੈ ।ਇਹ ਮੌਨ ਹੀ 'ਸਵੈ-ਪਾਰਗਾਮੀਕਰਨ' ਹੈ।ਇੱਥੇ ਪਹੁੰਚ ਕੇ ਉਹ ਜਾਣ ਲੈਂਦਾ ਹੈ ਕਿ ਜੀਵਨ ਨੂੰ ਉਸ ਦੀ ਸੰਪੂਰਨਤਾ ਵਿਚ ਸਵੀਕਾਰ ਕਰਨਾ ਹੀ ਅਸਲ ਰੂਹਾਨੀਅਤ ਹੈ।

ਗੁਰਮਿੰਦਰ ਸਿੰਘ ਰੂਪੋਵਾਲੀ ਦਾ ਨਾਵਲ 'ਦੇਹ ਕੀ ਸਾਖੀ' ਅਤੇ ਅਬਰਾਹਮ ਮਾਸਲੋ ਦਾ 'ਲੋੜਾਂ ਦੀ ਲੜੀ'(Hierarchy of needs) ਮਨੁੱਖੀ ਹੋਂਦ ਦੇ ਇੱਕੋ ਸੱਚ ਨੂੰ ਦੋ ਵੱਖੋ-ਵੱਖ ਪੱਖਾਂ ਤੋਂ ਪੇਸ਼ ਕਰਦੇ ਹਨ। ਇਸ ਖੋਜ ਨੇ ਸਾਬਤ ਕੀਤਾ ਹੈ ਕਿ ਮਨੁੱਖ ਦੀ ਅਧਿਆਤਮਿਕ ਜਾਂ ਮਾਨਸਿਕ ਯਾਤਰਾ ਦਾ ਆਧਾਰ ਉਸ ਦਾ ਸਰੀਰ ਹੈ। ਨਾਵਲ ਵਿਚ ਸ਼ੁਕਰਾਨ ਨਾਂ ਦੇ ਪਾਤਰ ਰਾਹੀਂ ਇਹ ਦਰਸ਼ਾਇਆ ਹੈ ਕਿ ਜਦੋਂ ਤੱਕ ਮਨੁੱਖ ਆਪਣੀਆਂ ਸਰੀਰਕ ਲੋੜਾਂ(Physiological needs) ਪ੍ਰਤੀ ਇਮਾਨਦਾਰ ਨਹੀਂ ਹੁੰਦਾ,ਉਸ ਦਾ ਵਿਕਾਸ ਰੁੱਕ ਜਾਂਦਾ ਹੈ। ਨਾਵਲ ਦਾ ਸਿਰਲੇਖ 'ਦੇਹ ਕੀ ਸਾਖੀ' ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਸਰੀਰ ਦੀ ਗਵਾਹੀ ਹੀ ਅਸਲ ਵਿੱਚ ਜੀਵਨ ਦਾ ਮੂਲ ਆਧਾਰ ਹੈ।

ਮਾਸਲੋ ਦੇ Safety ਅਤੇ Esteem ਪੜਾਵਾਂ ਰਾਹੀਂ ਅਸੀਂ ਦੇਖਿਆ ਕੀ ਕਿਵੇਂ ਸਮਾਜਕ ਮਰਿਆਦਾਵਾਂ ਸ਼ੁਕਰਾਨ ਲਈ ਇੱਕ ਮਾਨਸਿਕ ਕੈਦ ਬਣ ਜਾਂਦੀਆਂ ਹਨ। ਸਿੱਟਾ ਇਹ ਨਿਕਲਦਾ ਹੈ ਕਿ ਸਮਾਜਕ ਸੁਰੱਖਿਆ ਦੇ ਨਾਂ 'ਤੇ ਆਪਣੀਆਂ ਕੁਦਰਤੀ ਲੋੜਾਂ ਦਾ ਦਮਨ ਕਰਨਾ ਮਨੁੱਖ ਨੂੰ 'ਸਵੈ-ਬੋਧ'(Self Actualization) ਤੋਂ ਦੂਰ ਲੈ ਜਾਂਦਾ ਹੈ। ਸ਼ੁਕਰਾਨ ਦੀ ਮੁਕਤੀ ਉਸ ਦਿਨ ਹੁੰਦੀ ਹੈ ਜਦੋਂ ਉਹ ਸਮਾਜਕ ਸਤਿਕਾਰ ਦੀ ਬਜਾਏ 'ਸਵੈ-ਸਤਿਕਾਰ'(Self Esteem) ਨੂੰ ਚੁਣਦਾ ਹੈ। ਸ਼ੁਕਰਾਨ ਆਪਣੇ ਸਰੀਰਕ ਸੱਚ ਨੂੰ ਕਬੂਲ ਕੇ ਹੀ ਉਸ ਸਿਖਰ 'ਤੇ ਪਹੁੰਚਦਾ ਹੈ ਜਿੱਥੇ ਉਹ ਨਿੱਜੀ ਹਉਮੈ ਤੋਂ ਮੁਕਤ ਹੋ ਕੇ ਬ੍ਰਹਿਮੰਡੀ ਸੱਚਾਈ ਨਾਲ ਜੁੜ ਜਾਂਦਾ ਹੈ ਇਹ ਮਾਸਲੋ ਦੇ ਛੇਵੇਂ ਪੜਾਅ ਦੀ ਉੱਤਮ ਮਿਸਾਲ ਹੈ। ਨਾਵਲਕਾਰ ਨੇ ਇਹ ਸਪਸ਼ਟ ਕੀਤਾ ਹੈ ਕਿ ਮਨੁੱਖੀ ਮੁਕਤੀ ਦਾ ਰਾਹ ਜੰਗਲਾਂ ਜਾਂ ਤਿਆਗ ਵਿੱਚ ਨਹੀਂ, ਸਗੋਂ ਆਪਣੀ ਹੋਂਦ(ਦੇਹ) ਦੇ ਸੱਚ ਨੂੰ ਪਛਾਣਨ ਵਿੱਚ ਹੈ।ਇਸੇ ਕਰਕੇ ਨਾਵਲ ਵਿਚ ਬਜ਼ੁਰਗ ਵੱਲੋਂ ਇਹ ਕਥਨ ਅਖਵਾਇਆ ਜਾਂਦਾ ਹੈ "ਬੇਟਾ ਇਹ ਰੰਗ ਵੀ ਜ਼ਿੰਦਗੀ ਦਾ ਹਿੱਸਾ ਨੇ,ਇਸ ਵਿੱਚ ਜਾਏ ਬਗੈਰ ਕਿਵੇਂ ਡੂੰਘੀ ਜ਼ਿੰਦਗੀ ਦਾ ਰਹੱਸ ਜਾਣ ਸਕਦੇ ਹੋ।" ਸੋ,ਇਸ ਤਰ੍ਹਾਂ ਮਾਸਲੋ ਦੇ ਸਿਧਾਂਤ ਅਤੇ ਨਾਵਲ ਦੇ ਪਾਤਰ ਸ਼ੁਕਰਾਨ ਦੀ ਮਾਨਸਿਕਤਾ ਨੂੰ ਹੇਠਾਂ ਦਿੱਤੇ ਪਿਰਾਮਿਡ ਵਿਚੋਂ ਇਕੋ ਥਾਂ ਤੋਂ ਸਮਝ ਸਕਦੇ ਹਾਂ ।



ਜਿੱਥੇ ਗੁਰਮਿੰਦਰ ਸਿੰਘ ਰੂਪੋਵਾਲੀ ਆਪਣੇ ਨਾਵਲ 'ਦੇਹ ਕੀ ਸਾਖੀ' ਵਿੱਚ ਮਨੁੱਖੀ ਮਨੋਵਿਗਿਆਨ ਅਤੇ ਸਰੀਰਕ ਸੱਚਾਈਆਂ ਨੂੰ ਬਹੁਤ ਹੀ ਦਲੇਰੀ ਨਾਲ ਪੇਸ਼ ਕਰਦਾ ਹੈ, ਉੱਥੇ ਇਸ ਦੀਆਂ ਕੁਝ ਸੀਮਾਵਾਂ ਵੀ ਨਜ਼ਰ ਆਉਂਦੀਆਂ ਹਨ। ਨਾਵਲ ਦਾ ਪੂਰਾ ਕੇਂਦਰ ਬਿੰਦੂ ਸ਼ੁਕਰਾਨ ਦੀ 'ਦੇਹ' ਅਤੇ ਉਸ ਦੀਆਂ ਮਨੋਵਿਗਿਆਨਕ ਉਲਝਣਾ ਹਨ। ਇਸ ਕਾਰਨ ਨਾਵਲ ਵਿੱਚ ਸਮਾਜਕ,ਰਾਜਨੀਤਿਕ ਜਾਂ ਆਰਥਿਕ ਮੁੱਦੇ ਪਿੱਛੇ ਰਹਿ ਜਾਂਦੇ ਹਨ। ਮੁੱਖ ਪਾਤਰ ਸ਼ੁਕਰਾਨ 'ਤੇ ਇੰਨਾ ਵੱਧ ਧਿਆਨ ਦਿੱਤਾ ਗਿਆ ਹੈ ਕਿ ਬਾਕੀ ਪਾਤਰ ਜਿਵੇਂ ਉਸ ਦਾ ਪਰਿਵਾਰ ਜਾਂ ਹੋਰ ਪਾਤਰ ਸਿਰਫ਼ ਉਸ ਦੀ ਯਾਤਰਾ ਨੂੰ ਅੱਗੇ ਵਧਾਉਣ ਲਈ ਮਾਧਿਅਮ ਵਜੋਂ ਹੀ ਦਿਖਾਈ ਦਿੰਦੇ ਹਨ। ਉਹਨਾਂ ਦੇ ਆਪਣੇ ਜਜ਼ਬਾਤਾਂ ਜਾਂ ਮਾਨਸਿਕਤਾ ਦਾ ਵਿਸਤਾਰ ਘੱਟ ਮਿਲਦਾ ਹੈ। ਸ਼ੁਕਰਾਨ ਦੇ ਅੰਦਰੂਨੀ ਦਵੰਦ ਅਤੇ ਸਰੀਰਕ ਖਿੱਚ ਦੀਆਂ ਗੱਲਾਂ ਨਾਵਲ ਵਿੱਚ ਵਾਰ-ਵਾਰ ਦੁਹਰਾਈਆਂ ਗਈਆਂ ਹਨ,ਇਹ ਦੁਹਰਾਓ ਕਈ ਥਾਵਾਂ 'ਤੇ ਬਿਰਤਾਂਤ ਦੀ ਰਫ਼ਤਾਰ ਨੂੰ ਹੌਲੀ ਕਰ ਦਿੰਦਾ ਹੈ ਅਤੇ ਪਾਠਕ ਦੀ ਦਿਲਚਸਪੀ ਨੂੰ ਪ੍ਰਭਾਵਿਤ ਕਰ ਸਕਦਾ ਹੈ।ਨਾਵਲ ਵਿਚ ਕਈ ਸੰਵਾਦਾਂ ਨੂੰ ਪੜ੍ਹ ਕੇ ਇੰਜ ਜਾਪਦਾ ਹੈ ਕਿ ਨਾਵਲਕਾਰ ਨੇ ਨਾਵਲ ਦੇ ਬਿਰਤਾਂਤ ਵੇਲੇ ਸਿਧਾਂਤਕਤਾ ਨੂੰ ਮੁੱਖ ਰੱਖਦੇ ਹੋਏ ਵਿਹਾਰਕਤਾ ਨੂੰ ਸਹਿਜ ਸੁਭਾਅ ਹੀ ਅੱਖੋਂ ਓਹਲੇ ਕੀਤਾ ਹੈ। ਹਾਲਾਂਕਿ ਮਾਸਲੋ ਦੇ ਸਿਧਾਂਤ ਵਿੱਚ 'ਸੁਰੱਖਿਆ ਲੋੜਾਂ' (Safety Needs) ਵਿੱਚ ਆਰਥਿਕ ਅਤੇ ਸਮਾਜਕ ਸਥਿਰਤਾ ਦਾ ਵੱਡਾ ਯੋਗਦਾਨ ਹੁੰਦਾ ਹੈ, ਪਰ 'ਦੇਹ ਕੀ ਸਾਖੀ' ਨਾਵਲ ਦਾ ਕੇਂਦਰੀ ਬਿਰਤਾਂਤ ਵਧੇਰੇ ਕਰਕੇ 'ਅੰਤਰ-ਮੁਖੀ' (Inward-looking) ਹੈ। ਇਹ ਨਾਵਲ ਦੀ ਸੀਮਾ ਹੋ ਸਕਦੀ ਹੈ,ਪਰ ਇਹ ਲੇਖਕ ਦੀ ਸੁਚੇਤ ਚੋਣ ਵੀ ਹੋ ਸਕਦੀ ਹੈ ਤਾਂ ਜੋ ਪਾਠਕ ਦਾ ਧਿਆਨ ਬਾਹਰੀ ਦੁਨੀਆ ਦੀ ਬਜਾਏ ਮਨੁੱਖ ਦੇ ਅੰਦਰੂਨੀ ਮਨੋਵਿਗਿਆਨਕ ਸਫ਼ਰ 'ਤੇ ਕੇਂਦਰਿਤ ਰਹੇ।ਨਾਵਲ ਵਿਚ ਪੇਸ਼ ਹਰੇਕ ਕਾਂਡ/ਖੰਡ ਦੇ ਢੁਕਵੇਂ ਸਿਰਲੇਖ ਨਾਵਲ ਦੇ ਦਾਰਸ਼ਨਿਕ ਪੱਖ ਨੂੰ ਹੋਰ ਉਘਾੜ ਸਕਦੇ ਹਨ ,ਜਿਵੇਂ ਕਾਂਡ 1(ਸਹਿਜ),ਕਾਂਡ 2(ਮੱਧ ਮਾਰਗ),ਕਾਂਡ 3 (ਮਨ ਦੀ ਭਾਲ),ਕਾਂਡ 4(ਟਿਕਾਅ),ਕਾਂਡ 5(ਹੋਂਦ?),ਕਾਂਡ 6(ਸਲੀਕਾ/ਮਰਿਆਦਾ) ਆਦਿ। ਹਾਲਾਂਕਿ, ਇਹਨਾਂ ਸੀਮਾਵਾਂ ਦੇ ਬਾਵਜੂਦ, ਨਾਵਲ ਦੀ ਸਾਰਥਕਤਾ ਇਸ ਗੱਲ ਵਿੱਚ ਹੈ ਕਿ ਇਹ ਪੰਜਾਬੀ ਸਾਹਿਤ ਵਿੱਚ 'ਦੇਹ' ਨੂੰ 'ਗੁਨਾਹ' ਦੀ ਬਜਾਏ 'ਸਾਖੀ' (ਗਵਾਹ) ਵੱਜੋ ਸਥਾਪਿਤ ਕਰਨ ਦਾ ਇੱਕ ਸਫਲ ਯਤਨ ਹੈ। ਇਹ ਸਾਬਤ ਕਰਦਾ ਹੈ ਕਿ ਸਰੀਰਕ ਸੱਚਾਈਆਂ ਨੂੰ ਅਪਣਾਉਣਾ ਹੀ ਸਵੈ-ਅਤੀਤ ਵੱਲ ਵਧਣ ਦਾ ਪਹਿਲਾ ਕਦਮ ਹੈ।ਸਾਡੀਆਂ Desire Needs ਸਾਨੂੰ ਸਵੈ-ਪਾਰਗਾਮੀਕਰਨ ਤੀਕ ਪਹੁੰਚਣ ਲਈ ਰੁਕਾਵਟ ਬਣਦੀਆਂ ਹਨ,ਇਹ ਮੁੱਖ ਤੌਰ 'ਤੇ ਸਾਨੂੰ ਉਕਸਾਉਂਦੀਆਂ ਹਨ ਕਿ ਓਹਨਾਂ ਦੇ ਛਲਾਵਿਆਂ ਵਿਚ ਆਈਏ ਪਰੰਤੂ ਮਨੁੱਖ ਉਹਨਾਂ ਰੰਗਾਂ ਵਿਚ ਲਿਬੜੇ ਬਿਨਾਂ ਅੱਗੇ ਨਹੀਂ ਜਾ ਸਕਦਾ। ਇਸੇ ਕਰਕੇ ਇਹ ਮਨੁੱਖ 'ਤੇ ਨਿਰਭਰ ਕਰਦਾ ਹੈ ਕਿ ਉਸ ਨੇ ਕਿੰਨੀ ਮਰਿਆਦਾ ਵਿਚ ਰਹਿ ਕੇ ਇੰਨ੍ਹਾਂ ਪੜਾਵਾਂ ਨੂੰ ਪਾਰ ਕਰਨਾ ਹੈ ।ਸੋ ,ਅੰਤ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਸਮਕਾਲੀ ਦੌਰ ਵਿਚ ਤਣਾਅ ਨਾਲ ਵਿਚਰ ਰਹੇ ਮਨੁੱਖਾਂ ਲਈ ਇਕ ਚੰਗੀ ਪੜ੍ਹਤ ਹੈ, ਜੋ ਕਿ ਲਾਜ਼ਮੀ ਤੌਰ 'ਤੇ ਗਲਪ ਜਗਤ ਵਿਚ ਪਾਠਕਾਂ ਲਈ ਲਾਹੇਵੰਦ ਸਾਬਤ ਹੋਵੇਗੀ ।

## ਹਵਾਲੇ ਅਤੇ ਟਿੱਪਣੀਆਂ


1. Maslow, A. H. (1969),*Various meanings of transcendence*, Journal of Transpersonal Psychology, Page no. 56-66.
2. Maslow, Abraham H,*A Theory of Human Motivation*, *Psychological Review*, vol. 50, no. 4, 1943,Page no. 370-396.
3. ਰੂਪੋਵਾਲੀ, ਗੁਰਮਿੰਦਰ ਸਿੰਘ(ਡਾ.), ਦੇਹ ਕੀ ਸਾਖੀ,ਪੰਨਾ 14
4. Maslow, Abraham H,*A Theory of Human Motivation*, *Psychological Review*, vol. 50, no. 4, 1943,Page no. 370-396.
5. ਰੂਪੋਵਾਲੀ,ਗੁਰਮਿੰਦਰ ਸਿੰਘ(ਡਾ.),ਦੇਹ ਕੀ ਸਾਖੀ,ਪੰਨਾ 36

6. Maslow, A. H. (1954),*Motivation and Personality*, New York: Harper & Row,First edition,1954,Page no. 90
7. ਰੂਪੋਵਾਲੀ,ਗੁਰਮਿੰਦਰ ਸਿੰਘ(ਡਾ.), ਦੇਹ ਕੀ ਸਾਖੀ,ਪੰਨਾ 72
8. ਉਹੀ,ਪੰਨਾ 52
9. ਉਹੀ,ਪੰਨਾ 72
10. ਉਹੀ,ਪੰਨਾ 49
11. Maslow, A. H. (1954),*Motivation and personality*, Harper & Row,Page no.91.
12. ਰੂਪੋਵਾਲੀ,ਗੁਰਮਿੰਦਰ ਸਿੰਘ(ਡਾ.), ਦੇਹ ਕੀ ਸਾਖੀ,ਪੰਨਾ 25
13. ਉਹੀ,ਪੰਨਾ 125
14. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,ਅੰਗ 441 , ਮ: 3,ਆਸਾ
15. ਰੂਪੋਵਾਲੀ ,ਗੁਰਮਿੰਦਰ ਸਿੰਘ(ਡਾ.),ਦੇਹ ਕੀ ਸਾਖੀ,ਪੰਨਾ 128

# ਭਖਦਾ ਪਤਾਲ: ਦਲਿਤ ਚੇਤਨਾ ਦੀ ਪੇਸ਼ਕਾਰੀ

**ਹਰਜਿੰਦਰ ਸਿੰਘ**
**ਪੀਐਚ.ਡੀ. ਖੋਜਾਰਥੀ**
**ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ**

ਮਨੁੱਖ ਆਪਣੇ ਅਨੁਭਵ, ਅਹਿਸਾਸ ਨੂੰ ਪ੍ਰਗਟਾਉਣ ਲਈ ਜਿਸ ਵਸਤ ਦੀ ਸਹਾਇਤਾ ਲੈਂਦਾ ਹੈ ਉਸ ਨੂੰ ਸਾਹਿਤ ਕਿਹਾ ਜਾਂਦਾ ਹੈ। ਸਾਹਿਤ ਦੀ ਪਰਿਭਾਸ਼ਾ, ਪ੍ਰਯੋਜਨ ਸੰਬੰਧੀ ਹਰ ਇੱਕ ਦੇਸ਼ ਦੇ ਵਿਦਵਾਨਾਂ ਫ਼ਿਲਾਸਫ਼ਰਾਂ ਨੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਇਹ ਵਿਚਾਰ ਬਹੁਤ ਮਤਭੇਦਾਂ ਦੇ ਸ਼ਿਕਾਰ ਹਨ ਖ਼ੈਰ ਇੱਥੇ ਸਾਡਾ ਪ੍ਰਯੋਜਨ ਇਸ ਤਰ੍ਹਾਂ ਦੀ ਬਹਿਸ ਵਿਚ ਪੈਣਾ ਵੀ ਨਹੀਂ ਹੈ। ਆਪਣੇ ਸ਼ਬਦਾਂ, ਜਜ਼ਬਾਤਾਂ ਨੂੰ ਕਿਸੇ ਵਿਧਾ ਵਿਚ ਪ੍ਰੋਣ ਲਈ ਕਵੀ ਵਾਰਤਕ, ਗਲਪ, ਕਵਿਤਾ ਆਦਿ ਦਾ ਸਹਾਰਾ ਲੈਂਦਾ ਹੈ। ਬਲਬੀਰ ਮਾਧੋਪੁਰੀ ਜੀ ਦੁਆਰਾ ਲਿਖਿਤ *'ਭਖਦਾ ਪਤਾਲ'* ਇੱਕ ਕਵਿਤਾ ਦੀ ਕਿਤਾਬ ਹੈ। ਜਿਸ ਵਿਚ ਸਭ ਤੋਂ ਪਹਿਲਾਂ ਕਵਿਤਾ ਦੇ ਸਿਧਾਂਤ ਸੰਬੰਧੀ ਗੱਲ ਕੀਤੀ ਗਈ ਹੈ। ਜਿਸ ਤੋਂ ਇਸ ਗੱਲ ਦਾ ਪਤਾ ਲਗਦਾ ਹੈ ਕਿ ਰਚਨਾ ਵਿਚ ਪੇਸ਼ ਵਸਤੂ ਦੇ ਨਾਲ-ਨਾਲ ਸਿਧਾਂਤਕ ਚੌਖਟੇ ਨੂੰ ਵੀ ਸਾਹਮਣੇ ਰੱਖਿਆ ਗਿਆ ਹੈ ਇਸ ਬਾਅਦ ਭਾਰਤੀ ਸੰਸਕ੍ਰਿਤੀ ਵਿਚ ਵਿਆਪਕ ਜਾਤ-ਪਾਤ ਦੇ ਕੋਹੜ ਦੀ ਗੱਲ ਆਧੁਨਿਕ ਸੰਦਰਭ ਵਿਚ ਕੀਤੀ ਗਈ ਹੈ। ਮਨੁੱਖ ਦੇ ਹਰ ਇਕ ਪੱਖ ਨੂੰ ਇਸ ਢੰਗ ਨਾਲ ਪੇਸ਼ ਕੀਤਾ ਗਿਆ ਹੈ ਕਿ ਕਾਵਿ ਵਿਚ ਪਾਠਕ ਨੂੰ ਖ਼ੁਦ ਦੀ ਮੌਜੂਦਗੀ ਨਜ਼ਰ ਆਉਣ ਲਗਦੀ ਹੈ। ਇਸ ਦਾ ਭਾਵ ਇਹ ਹੈ ਕਿ ਮਾਧੋਪੁਰੀ ਦੀ ਕਵਿਤਾ ਸਰਲੀਕਰਨ ਦੇ ਬਹੁਤ ਨੇੜੇ ਹੈ, ਜਦੋਂ ਉਹ ਇਤਿਹਾਸ ਵਿਚ ਜਾਂਦੀ ਹੈ ਤਾਂ ਉਥੋਂ ਉਹ ਆਪਣਾ ਰੂਪ ਇਸ ਢੰਗ ਨਾਲ ਅਖ਼ਤਿਆਰ ਕਰਦੀ ਹੈ ਕਿ ਉਸ ਨੂੰ ਅਜੋਕੇ ਦੌਰ ਦੇ ਸੰਦਰਭ ਰਾਹੀਂ ਵੀ ਸਮਝਿਆ ਜਾ ਸਕਦਾ ਹੈ ਆਦਿ। ਇੱਥੇ ਸਾਡਾ ਮਨੋਰਥ ਬਲਬੀਰ ਮਾਧੋਪੁਰੀ ਦੀ ਕਵਿਤਾ ਨੂੰ ਸਮਾਜ ਦੇ ਸੰਦਰਭ ਰਾਹੀਂ ਸਮਝਣ ਦੀ ਕੋਸ਼ਿਸ਼ ਦੇ ਨਾਲ-ਨਾਲ ਉਸ ਦੀ ਰਚਨਾ ਨੂੰ ਕਾਵਿ ਦੇ ਸਿਧਾਂਤ ਰਾਹੀ ਸਮਝਣ ਦਾ ਯਤਨ ਕੀਤਾ ਜਾਵੇਗਾ। ਅਕਸਰ ਕਿਹਾ ਜਾਂਦਾ ਹੈ ਕਿ ਸਾਹਿਤ ਦੀ ਸਿਰਜਨਾ ਦਾ ਆਧਾਰ ਸਮਾਜ ਹੈ, ਸਮਾਜ ਦੇ ਹਰ ਵਿਸ਼ੇ ਨੂੰ ਸ਼ਬਦਾਂ ਵਿਚ ਪੇਸ਼ ਕਰਨਾ ਕਵੀ ਦਾ ਧਰਮ ਹੈ। ਸਮਾਜ ਸੰਬੰਧੀ ਗੱਲ ਕਰਦਿਆਂ ਇੱਥੇ ਇਹ ਕਿਹਾ ਜਾ ਸਕਦਾ ਹੈ ਕਿ ਸਮਾਜ ਸਿਧਾਂਤ ਦਾ ਘੇਰਾ ਬਹੁਤ ਵਿਸ਼ਾਲ ਹੈ। ਸਮਾਜ ਦੇ ਹਰ ਇੱਕ ਵਿਸ਼ੇ ਨੂੰ ਪੇਸ਼ ਕਰਨ ਤੋਂ ਪਹਿਲਾਂ ਸਮਾਜ ਸ਼ਾਸਤਰ ਦੇ ਸਿਧਾਂਤ ਬਾਰੇ ਜਾਣਕਾਰੀ ਹੋਣਾ ਜ਼ਰੂਰੀ ਹੈ। ਸਮਾਜ ਸ਼ਾਸਤਰੀ ਸਿਧਾਂਤ ਬਾਰੇ ਗੱਲ ਕਰਨੀ ਇੱਥੇ ਸਹੀ ਨਹੀਂ ਹੋਵੇਗੀ ਕਿਉਂਕਿ ਇਹ ਸਮੁੱਚਾ ਲੇਖ ਹੀ ਉਸ ਦੇ ਸਿਧਾਂਤ ਸੰਬੰਧੀ ਆ ਜਾਵੇਗਾ। ਇਸ ਕਰਕੇ ਇੱਥੇ ਇਹ ਸਮਝਣ ਦਾ ਯਤਨ ਕੀਤਾ ਜਾਵੇਗਾ ਕਿ ਸਮਾਜ ਨੂੰ ਅਸੀਂ ਕਿਸ ਨਜ਼ਰੀਏ ਰਾਹੀਂ ਵੇਖ ਰਹੇ ਹਾਂ। ਸਮਾਜ ਦੇ ਅਧਿਐਨ ਦੇ ਨਾਲ-ਨਾਲ ਇਸ ਗੱਲ ਵੱਲ ਵੀ ਧਿਆਨ ਕੇਂਦ੍ਰਿਤ ਕੀਤਾ ਜਾਵੇਗਾ ਕਿ ਬਲਬੀਰ ਮਾਧੋਪੁਰੀ ਜੀ ਦੀ ਕਵਿਤਾ ਸਾਹਿਤਕਤਾ ਨੂੰ ਆਪਣੇ ਕਲਾਵੇ ਵਿਚ ਕਿਸ ਸੰਦਰਭ ਰਾਹੀਂ ਲੈਂਦੀ ਹੈ। ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ ਇਹ ਸ਼ਬਦਾਂ ਵਿਚ ਲਿਖਿਆ ਹੈ ਇਸ ਪਿੱਛੇ ਕਿੰਨੀ ਸੱਚਾਈ ਹੈ? ਇਹ ਵਿਚਾਰਨ ਦਾ ਮਸਲਾ ਹੈ। ਅਸੀਂ ਉੱਪਰ ਲਿਖਿਆ ਹੈ ਕਿ ਸਮਾਜ ਨੂੰ ਅਸੀਂ ਕਿਸ ਨਜ਼ਰੀਏ ਰਾਹੀਂ ਵੇਖਦੇ ਹਾਂ? ਇਹ ਜਿਆਦਾ ਸੋਚਣ ਵਿਚਾਰਨ ਦਾ ਮਸਲਾ ਹੈ। ਉਦਾਹਰਨ ਲਈ ਜੇਕਰ ਇੱਕ ਨਾਰੀਵਾਦ, ਦਲਿਤਵਾਦ ਆਪਣੀ ਰਚਨਾ ਵਿਚ ਇਨ੍ਹਾਂ ਵਿਸ਼ਿਆਂ ਦਾ ਹੀ ਜ਼ਿਕਰ ਕਰੇਗਾ ਤਾਂ ਬਾਕੀ ਸਮਾਜ ਦੇ ਲੋਕ ਅੱਖੋਂ ਪ੍ਰੋਖੇ ਹੋ ਜਾਣਗੇ। ਸਮਾਜ ਦੇ ਅੱਖੋਂ ਪ੍ਰੋਖੇ ਹੋਣ ਦੇ ਨਾਲ-ਨਾਲ ਸਾਹਿਤ ਦੀ ਸਾਹਿਤਕਤਾ ਵੀ ਆਪਣਾ ਵਿਅਕਤੀਤਵ ਗੁਆ ਦੇਵੇਗੀ। ਸਾਹਿਤ ਦਾ ਵੀ ਆਪਣਾ ਨੇਮ ਹੁਦਾ ਹੈ, ਨਿਰਾ ਸ਼ੰਦੇਸ, ਉਦੇਸ ਹੀ ਸਾਹਿਤ ਦਾ ਮਨੋਰਥ ਨਹੀਂ ਹੰਦਾ। ਇੱਥੇ ਇਹ ਕਹਿਣਾ ਵੀ ਠੀਕ ਨਹੀਂ ਕਿ ਸਾਹਿਤ ਵਿਚ ਵਿਚਾਰਧਾਰਾ, ਸ਼ੰਦੇਸ ਜਾਂ ਉਦੇਸ਼ ਹੁੰਦਾ ਹੀ ਨਹੀਂ। ਸਾਹਿਤ ਵਿਚ ਵਿਚਾਰਧਾਰਾ ਹੁੰਦੀ

ਹੈ ਪਰ ਇਸ ਦੇ ਨਾਲ-ਨਾਲ ਸਾਹਿਤ ਦਾ ਆਪਣਾ ਨੇਮ ਵਿਧਾਨ ਵੀ ਹੁੰਦਾ ਹੈ। ਇਨ੍ਹਾਂ ਗੱਲ੍ਹਾਂ ਦੇ ਉੱਤਰ ਸੰਰਚਨਾਵਾਦ, ਰੂਪਵਾਦ, ਮਾਰਕਸੀ ਆਲੋਚਨਾ ਵਿਚ ਪਏ ਹਨ ਪਰ ਇੱਥੇ ਸਾਡਾ ਮਨੋਰਥ ਬਲਬੀਰ ਮਾਧੋਪੁਰੀ ਜੀ ਦੁਆਰਾ ਲਿਖਿਤ ਨੂੰ ਸਮਾਜ ਦੇ ਨਾਲ-ਨਾਲ ਸਾਹਿਤਕਤਾ ਪੱਖੋਂ ਵੀ ਵਿਚਾਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਕਵਿਤਾ ਦੇ ਸ਼ੁਰੂ ਵਿਚ ਹੀ ਲੇਖਕ ਵੱਲੋਂ ਕਵਿਤਾ ਦੇ ਸਿਧਾਂਤ ਸੰਬੰਧੀ ਬਹੁਤ ਸੁਚੱਜੇ ਢੰਗ ਨਾਲ ਉਸ ਦੀ ਪ੍ਰਸੰਗਿਕਤਾ ਬਾਰੇ ਗੱਲ ਕੀਤੀ ਗਈ ਹੈ। ਕੁੱਝ ਸਤਰਾਂ ਦੀ ਪੇਸ਼ਕਾਰੀ ਰਾਹੀਂ ਕਵਿਤਾ ਦੇ ਮੰਤਵ ਤੱਕ ਪਹੁੰਚਣ ਦੀ ਕੋਸ਼ਿਸ਼ ਕਰਾਂਗੇ।

ਇਹ ਨਿਰੇ ਅੱਖਰ ਨਹੀਂ
ਇਹ ਤਾਂ-
ਬਿਨਾਂ ਖੰਭਾ ਤੋਂ ਉੜਦੇ
ਕਿਸੇ ਮਾਨਵ ਦੀ ਪਰਵਾਜ਼ ਹੈ[1]

ਕਵੀ ਆਪਣੀ ਬੁੱਧੀ ਰਾਹੀਂ ਰਚਨਾ ਵਿਚ ਅਜਿਹੇ ਚਿੱਤਰਾਂ ਦੀ ਆਮਦ ਕਰਵਾ ਦਿੰਦਾ ਹੈ ਜਿਹੜੀ ਅਸਲ ਜੀਵਨ ਵਿਚ ਸਰਲ ਨਹੀਂ ਹੁੰਦੀ। ਕਵਿਤਾ ਦੀ ਇਹ ਖ਼ਾਸ ਗੱਲ ਹੁੰਦੀ ਹੈ ਕਿ ਉਹ ਥੋੜ੍ਹੇ ਸ਼ਬਦਾਂ ਵਿਚ ਆਪਣਾ ਪੱਖ ਪੇਸ਼ ਕਰਦੀ ਹੈ। ਜਿਵੇਂ ਕਿ ਕਵਿਤਾ ਵਿਚ ਪੇਸ਼ ਹੋਈ ਖੰਭਾਂ ਅਤੇ ਮਨੁੱਖ ਦੀ ਗੱਲ ਜਿਹੜੇ ਸੱਚ ਦੀ ਨਿਸ਼ਾਨਦੇਹੀ ਕਰਦੀ ਹੈ ਉਹ ਸਮਾਜ ਦੇ ਵਿਸ਼ੇ ਅਤੇ ਕਵਿਤਾ (ਸਾਹਿਤ) ਦੇ ਅਸਲ ਸੱਚ ਦੀ ਸੋਝੀ ਕਰਵਾਉਂਦੀ ਹੈ। ਇਸ ਸੋਝੀ ਦਾ ਮਤਲਬ ਇਹ ਹੋਇਆ ਕਿ ਕਵੀ ਸਮਾਜ ਅਤੇ ਕਾਵਿਕਤਾ ਨੂੰ ਨਾਲੋਂ-ਨਾਲ ਲੈ ਕੇ ਜਾਣਾ ਚਾਹੁੰਦਾ ਹੈ। ਇਸ ਕਵਿਤਾ ਵਿਚਲੀ ਸਮੁੱਚੀ ਰਚਨਾ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਦੀ ਗੱਲ ਕਰਦੀ ਅੰਤ ਤੇ ਕਹਿੰਦੀ ਹੈ ਕਿ ਕਵਿਤਾ ਕੇਵਲ *ਨਾਅਰਾ* ਨਹੀਂ ਹੈ ਆਦਿ। ਆਮ ਗੱਲ ਇਹ ਵੀ ਹੈ ਕਿ ਕਵੀ ਦੀ ਲੋਚਾ ਆਪਣੀ ਰਚਨਾ ਨੂੰ ਕਿਸੇ ਖ਼ਾਸ ਸੰਦਰਭ ਜਾਂ ਕਿਸੇ ਪ੍ਰਵਿਰਤੀ ਅਧੀਨ ਪੜ੍ਹਣ ਦੀ ਲੋਚਾ ਹੁੰਦੀ ਹੈ। ਪਰ ਜਦੋਂ ਅਜਿਹੀ ਲੋਚਾ ਕਵੀ ਦੇ ਮਨ ਵਿਚ ਆਉਂਦੀ ਹੈ ਤਾਂ ਉਹ ਸਾਹਿਤ ਵਿਚ ਆਪਣੀ ਵਿਚਾਰਧਾਰਾ ਪੇਸ਼ ਕਰਨ ਦਾ ਪੱਖ ਪੂਰ ਰਿਹਾ ਹੁੰਦਾ ਹੈ। ਜਦੋਂ ਸਾਹਿਤ ਵਿਚ ਕਵੀ ਆਪਣੀ ਵਿਚਾਰਧਾਰਾ ਸਿੱਧੇ ਰੂਪ ਵਿਚ ਪੇਸ਼ ਕਰ ਰਿਹਾ ਹੋਵੇ ਤਾਂ ਉਸ ਸਮੇਂ ਸਾਹਿਤ ਦੀ ਸਾਹਿਤਕਤਾ ਇੱਕ ਪਾਸੇ ਰਹਿ ਜਾਂਦੀ ਹੈ। ਜਦੋਂ ਇਹ ਕਿਹਾ ਜਾਂਦਾ ਹੈ ਕਿ ਕਵਿਤਾ ਵੇਖੋ ਕੀ ਕਹਿੰਦੀ ਹੈ, ਇਹ ਨਾ ਵੇਖੋ ਕੀ ਕਵੀ ਕੀ ਕਹਿੰਦਾ ਹੈ ਤਾਂ ਉੱਥੇ ਇਹ ਸਵਾਲ ਬਣਦਾ ਹੈ ਕਿ ਵਿਸ਼ੇ ਦਾ ਸੰਬੰਧ ਸਮਾਜ ਨਾਲ ਹੁੰਦਾ ਹੈ ਅਤੇ ਕਵੀ ਵੀ ਸਮਾਜ ਵਿਚ ਆਉਂਦਾ ਹੈ। ਲੇਖਕ ਦੀ ਵਿਚਾਰਧਾਰਾ ਉੱਤੇ ਸਮਾਜ ਦਾ ਅਸਰ ਸਿੱਧੇ-ਅਸਿੱਧੇ ਢੰਗ ਨਾਲ ਜ਼ਰੂਰ ਹੁਦਾ ਹੈ। ਇੱਥੇ ਇਹ ਕਹਿਣ ਦਾ ਮਤਲਬ ਇਹ ਹੋਇਆ ਕਿ ਜਦੋਂ ਸਮਾਜਿਕ ਵਿਸ਼ਿਆਂ ਦੀ ਗੱਲ ਆਉਂਦੀ ਹੈ ਤਾਂ ਉਸ ਸਮੇਂ ਲੇਖਕ ਨੂੰ ਰਚਨਾ ਨਾਲੋਂ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ। ਕਿਉਂਕਿ ਉੱਥੇ ਇਹ ਸਮਝਣਾ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਲੇਖਕ ਕੇਵਲ ਇੱਕ ਸਮਾਜ ਦੇ ਲੋਕਾਂ ਦਾ ਪੱਖ ਤਾਂ ਨਹੀਂ ਪੂਰ ਰਿਹਾ। ਇਸ ਦੇ ਉੱਤਰ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਅਜਿਹਾ ਕਰਨ ਨਾਲ ਇੱਕ ਤਰ੍ਹਾਂ ਦਾ ਲੇਖਕ ਵੀ ਉਹੀ ਕਾਰਜ਼ ਕਰ ਰਿਹਾ ਹੁੰਦਾ ਹੈ ਜਿਸ ਦੇ ਵਿਰੁੱਧ ਉਸ ਨੇ ਆਪਣੀ ਆਵਾਜ਼ ਬੁਲੰਦ ਕੀਤੀ ਹੈ। ਜਿਸ ਕਿਤਾਬ ਦੀ ਅਸੀਂ ਪਰਖ-ਪੜਚੋਲ ਕਰ ਰਹੇ ਹਾਂ ਉਸ ਵਿਚ ਇਸ ਗੱਲ ਦੀ ਤਨਕੀਦ ਕੀਤੀ ਗਈ ਹੈ ਕਿ ਉਸ ਦੀ ਰਚਨਾ ਨੂੰ ਕਿਸੇ ਖ਼ਾਸ ਵਰਗ ਤਕ ਖ਼ਾਸ ਤਰ੍ਹਾਂ ਦੀ ਪ੍ਰਵਿਰਤੀ ਤਕ ਹੀ ਮਹਿਦੂਦ ਨਾ ਕੀਤਾ ਜਾਵੇ। ਲੇਖਕ ਆਪਣੀ ਕਵਿਤਾ ਨੂੰ ਹਰ ਤਰ੍ਹਾਂ ਦੀਆਂ ਵਲਗਣਾਂ ਤੋਂ ਪਾਰ ਸਮਝਣ ਦੀ ਅਪੀਲ ਕਰਦਾ ਹੈ। ਇੱਥੇ ਨਾਲ ਹੀ ਇਹ ਗੱਲ ਵੀ ਆਪਣਾ ਪੱਖ ਰੱਖਦੀ ਹੈ ਕਿ ਫ਼ਿਰ ਕਿਸ ਤਰ੍ਹਾਂ ਦੀ ਕਾਮਨਾ ਲੇਖਕ ਕਰਦਾ ਹੈ। ਕਵਿਤਾ ਵਿਚ ਸਿਰਲੇਖ *ਕਾਵਿ ਲੋਚਾ* ਇਤਿਹਾਸਕ-ਮਿਥਿਹਾਸਕ ਹਵਾਲਿਆਂ ਰਾਹੀਂ ਇੱਕ ਅਜਿਹੀ ਪ੍ਰਵਿਰਤੀ ਅਧੀਨ ਆਪਣੀ ਰਚਨਾ ਨੂੰ ਸਮਝਣ ਦੀ ਤਾਕੀਦ ਵਿਚ ਹੈ ਜਿਥੇ ਏਕਲਵਯ, ਬੰਦਾ ਬਹਾਦਰ, ਪੀਰ ਬੁੱਧੂ ਸ਼ਾਹ, ਪਾਬਲੋ

ਨਰੂਦਾ ਨੂੰ ਇਕ ਖਾਕੇ ਵਿਚ ਵੇਖਣ ਦੀ ਲੋਚਾ ਰਖਦਾ ਹੈ। ਇਹ ਪ੍ਰਸੰਗ ਇੱਥੇ ਆਸਾਨੀ ਨਾਲ ਸਮਝ ਆ ਜਾਂਦਾ ਹੈ ਜਦੋਂ ਉਹ ਪਾਬਲੋ ਨਰੂਦਾ ਨੂੰ ਆਪਣੀ ਰਚਨਾ ਵਿਚ ਥਾਂ ਦਿੰਦਾ ਹੈ। ਪਾਬਲੋ ਨਰੂਦਾ ਦਾ ਸੰਬੰਧ ਕਮਿਊਨਿਸਟ ਪਾਰਟੀ ਨਾਲ ਸੀ ਜਿਸ ਕਰਕੇ ਲੇਖਕ ਉਸ ਵਿਚਾਰ ਨੂੰ ਇੱਕ ਲੜੀ ਵਿਚ ਪ੍ਰੋਣ ਦੀ ਗੱਲ ਕਰਦਾ ਹੈ ਜਿਸ ਵਿੱਚੋਂ ਅਧਿਆਤਮ ਅਤੇ ਕਮਿਊਨਿਸਟਾਂ ਦੀ ਵਿਚਾਰਧਾਰਾ ਸਮੁੱਚੀ ਮਨੁੱਖ ਜਾਤੀ ਦੀ ਭਲਾਈ ਲੋਚਦੀ ਹੈ। ਸਮਾਜਿਕ ਪੱਧਰ ਉੱਤੇ ਇੱਕ ਹੋਣ ਦਾ ਸੰਦੇਸ਼ ਦੋਹਾਂ ਵਿਚਾਰਧਾਰਾਵਾਂ ਦਾ ਹੈ ਇਸ ਕਰਕੇ ਸਮਾਜ ਦੀ ਭਲਾਈ ਇਨ੍ਹਾਂ ਦੋਹਾਂ ਦੇ ਇੱਕ ਹੋ ਜਾਣ ਵਿਚ ਹੈ। ਸਮਾਜ ਦੇ ਇਕ ਵਰਗ ਨੂੰ ਸਦੀਆਂ ਤੋਂ ਸੁੱਖ-ਸਹੂਲਤਾਂ ਤੋਂ ਵਾਂਝੇ ਰਖਿਆ ਗਿਆ ਉਸ ਵਰਗ ਉੱਤੇ ਸਦੀਆਂ ਤੋਂ ਜ਼ੁਲਮ ਹੁੰਦੇ ਆ ਰਹੇ ਹਨ। ਇਹ ਸੱਚ ਦੀ ਨਿਸ਼ਾਨਦੇਹੀ ਜਦੋਂ ਉਸ ਵਰਗ ਨਾਲ ਸੰਬੰਧਿਤ ਲੇਖਕ ਵੱਲੋਂ ਕੀਤੀ ਜਾਂਦੀ ਹੈ ਤਾਂ ਉਸ ਨੂੰ ਦਲਿਤ ਲੇਖਕ ਕਿਹਾ ਜਾਂਦਾ ਹੈ। *ਉਸ ਨੇ ਕਿਹਾ* ਕਵਿਤਾ ਭਾਰਤੀ ਸੰਸਕ੍ਰਿਤੀ ਦੀ ਗੱਲ ਕਰਦੀ ਪ੍ਰਾਚੀਨ ਅਤੇ ਆਧੁਨਿਕ ਹਵਾਲੇ ਰਾਹੀਂ ਜਿਸ ਸੱਮਸਿਆ ਦਾ ਜ਼ਿਕਰ ਕਰਦੀ ਹੈ ਉਸ ਦਾ ਹੱਲ ਕਵਿਤਾ ਵਿਚ ਵੀ ਕਿਧਰੇ ਨਜ਼ਰੀਂ ਨਹੀਂ ਪੈਂਦਾ। ਕਵਿਤਾ ਵਿੱਚੋਂ ਕੁੱਝ ਸਤਰਾਂ ਨੂੰ ਲੈਂਦੇ ਹਾਂ।

ਉਸ ਨੇ ਕਿਹਾ-
ਮੈਂ ਤੁਹਾਡਾ ਕੀਤਾ ਬੇਘਰਾ ਹਾਂ
ਮੇਰਾ ਘਰ ਮੈਨੂੰ ਵਾਪਸ ਦਿਓ
ਉਨ੍ਹਾਂ ਆਖਿਆ-
ਦਰਾਵੜਾਂ ਦਾ ਘਰ ਜੰਗਲ ਹੈ
ਅਸੀਂ ਜੰਗਲ ਦੀ ਹਵਾ ਫੈਲਾਵਾਂਗੇ
ਹਵਾ ਦੇ ਖਿਲਾਫ ਜਾਣਾ ਪਾਪ ਹੈ।[2]

ਇਸ ਪ੍ਰਸੰਗ ਵਿਚ ਲੇਖਕ ਇਤਿਹਾਸ ਵੱਲ ਨਜ਼ਰ ਮਾਰਦਾ ਹੈ ਉਹ ਆਰੀਆ ਅਤੇ ਦਰਾਵੜਾਂ ਦਾ ਆਪਸੀ ਸੰਵਾਦ ਆਧੁਨਿਕ ਪ੍ਰਸੰਗ ਅਧੀਨ ਕਰਵਾਉਂਦਾ ਹੈ। ਆਧੁਨਿਕ ਸੰਦਰਭ ਦੇ ਆਸੇ ਤੋਂ ਗੱਲ ਕਰੀਏ ਤਾਂ ਜਾਤ-ਪਾਤ ਵਾਲੀ ਸਮੱਸਿਆ ਉਸ ਕਦਰ ਨਹੀਂ ਰਹੀ ਜਿਹੋ-ਜਿਹੀ ਪ੍ਰਾਚੀਨ ਸਮੇਂ ਵਿਚ ਸੀ। ਪਰ ਹੁਣ ਦੇ ਪ੍ਰਸੰਗ ਵਿਚ ਇਸ ਦਾ ਅਤਿਆਚਾਰ ਕਿਸੇ ਹੱਦ ਤੱਕ ਜ਼ਰੂਰ ਘੱਟ ਗਿਆ ਹੈ ਪਰ ਪੂਰਨ ਤੌਰ ਉੱਤੇ ਖ਼ਤਮ ਨਹੀਂ ਹੋਇਆ। ਲੇਖਕ ਆਰੀਆ ਅਤੇ ਦਰਾਵੜਾਂ ਦੇ ਸੰਵਾਦ ਜ਼ਰੀਏ ਇਸ ਗੱਲ ਦੀ ਗੁਜ਼ਾਰਿਸ਼ ਕਰਦਾ ਹੈ ਕਿ ਹੁਣ ਉਨ੍ਹਾਂ ਦੀ ਗੱਲ ਸੁਣੀ ਜਾਵੇ। ਦਰਾਵੜਾਂ ਭਾਵ ਦਲਿਤ ਵਰਗ ਨੂੰ ਆਪਣੀ ਇੱਥੇ ਸਪੇਸ ਦਿੱਤੀ ਜਾਵੇ ਜਿਸ ਵਿਚ ਉਹ ਆਪਣੀ ਖ਼ੁਦਮੁਖ਼ਤਿਆਰੀ ਦਾ ਆਪ ਕਰਤਾ ਹੋਵੇ। ਭਾਵ ਕਿ ਉਸ ਉੱਤੇ ਕਿਸੇ ਤਰ੍ਹਾਂ ਦਾ ਕੋਈ ਸੰਸਕ੍ਰਿਤੀ, ਸਮਾਜ ਦਾ ਦਬਾਅ ਨਾ ਹੋਵੇ। ਹੁਣ ਉਹ ਆਪਣੀ ਗੱਲ ਕਹਿਣ ਦੇ ਨਾਲ-ਨਾਲ ਆਪਣੀ ਗੱਲ ਮਨਵਾਉਣ ਦੇ ਆਹਰ ਵਿਚ ਹੈ। ਇੱਥੇ ਇਹ ਦੇਖਣਾ ਵੀ ਜ਼ਰੂਰੀ ਹੈ ਕਿ ਆਪਣੀ ਗੱਲ ਮਨਵਾਉਣ ਦਾ ਕਾਰਨ ਕੋਈ ਬਦਲੇ ਦੀ ਭਾਵਨਾਂ ਵਿੱਚੋਂ ਨਿਕਲਿਆ ਹੈ ਜਾਂ ਇਹ ਸਿਰਫ਼ ਸਹਿਜ ਹੀ ਗੱਲ ਹੋਈ ਹੈ। ਬਦਲੇ ਨੂੰ ਅਸੀਂ ਉਸ ਮੁਹਾਬਰੇ ਰਾਹੀਂ ਸਮਝਿਆ ਹੈ ਕਿ ਜੋ ਅਤਿਆਚਾਰ ਭਾਰਤੀ ਸ਼ੰਸਕ੍ਰਿਤੀ ਵਿਚ ਪਹਿਲਾਂ ਦਲਿਤਾਂ ਨਾਲ ਹੋਇਆ ਹੈ ਕਿ ਉਹੀ ਹੁਣ ਅਤਿਆਚਾਰ ਕਰਨ ਵਾਲੀ ਧਿਰ ਨਾਲ ਹੋਣਾ ਚਾਹੀਦਾ ਹੈ। ਇਹ ਇਸ ਰਚਨਾ ਦਾ ਹੀ ਨਹੀਂ ਸਮਕਾਲੀ ਹਾਲਾਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਆਮ ਹੀ ਦਿਮਾਗ ਵਿਚ ਆਉਂਦਾ ਹੈ। ਇਸ ਸਵਾਲ ਦਾ ਉੱਤਰ ਇਸ ਰਚਨਾ ਵਿਚ ਇਸ ਢੰਗ ਨਾਲ ਦਿੱਤਾ ਗਿਆ ਹੈ ਕਿ ਜੋ ਸਦੀਆਂ ਤੋਂ ਲਿਤਾੜੇ ਗਏ ਲੋਕ ਹਨ ਅਜੇ ਵੀ ਉਹ ਫ਼ਰਿਆਦ ਹੀ ਕਰ ਰਹੇ ਹਨ। ਉਨ੍ਹਾਂ ਦੀ ਫ਼ਰਿਆਦ ਨੂੰ ਕੋਈ ਤਰਜ਼ੀਹ ਨਹੀਂ ਦਿੱਤੀ ਜਾ ਰਹੀ ਸਗੋਂ ਉਨ੍ਹਾਂ ਨੂੰ ਉਨ੍ਹਾਂ ਦੀ ਹੋਣੀ ਕਹਿ ਕੇ ਇਸ ਪਰੰਪਰਾ ਨੂੰ ਅਪਣਾਉਣ ਦੀ ਗੱਲ ਕਹੀ ਗਈ ਹੈ। ਸਰਲ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਇੱਕ ਪਾਸੇ ਦਰਾਵੜਾਂ

ਦੇ ਹਵਾਲੇ ਅਨੁਸਾਰ ਕਵੀ ਆਪਣੀ ਆਜ਼ਾਦੀ ਦੀ ਗੱਲ ਕਰਦਾ ਹੈ ਅਤੇ ਦੂਜੇ ਪਾਸੇ ਉਸ ਨੂੰ ਆਜ਼ਾਦੀ ਦੇਣ ਦੀ ਬਜਾਏ ਇਸ ਗੱਲ ਨੂੰ ਅਸੰਭਵ ਕਰਾਰ ਦਿੱਤਾ ਗਿਆ ਹੈ। ਸਮਾਜ ਦੇ ਪੱਖੋਂ ਗੱਲ ਕਰਦੇ ਸਾਡੇ ਸਾਹਮਣੇ ਇਹ ਸੱਚ ਸਾਹਮਣੇ ਆਇਆ ਹੈ ਕਿ ਵਰਣ-ਆਧਾਰਿਤ ਸਮਾਜ ਵਿਚ ਚੌਥੇ ਦਰਜ਼ੇ ਦੇ ਲੋਕਾਂ ਨਾਲ ਬਹੁਤ ਧੱਕਾ, ਅਤਿਆਚਾਰ ਹੋਇਆ ਹੈ। ਇਸ ਗੱਲ ਦੀ ਨਿਸ਼ਾਨਦੇਹੀ ਸਾਨੂੰ ਰਚਨਾਵਾਂ ਵਿੱਚੋਂ ਹੁੰਦੀ ਹੈ, ਰਚਨਾ ਦੇ ਕਰਤਾ ਦਾ ਸੰਬੰਧ ਉਸ ਵਰਗ ਨਾਲ ਹੈ ਜਾਂ ਸਿਰਫ਼ ਇਹ ਇੱਕ ਤਰ੍ਹਾਂ ਦਾ ਸਟੰਟ ਹੈ। ਸਾਹਿਤ ਦੇ ਖੇਤਰ ਵਿਚ ਇਹ ਗੱਲ ਆਮ ਹੋ ਗਈ ਹੈ ਕਿ ਪਾਠਕ ਦਾ ਧਿਆਨ ਆਪਣੀ ਰਚਨਾ ਵੱਲ ਕਿਵੇਂ ਖਿੱਚਿਆ ਜਾਵੇ। ਜੇਕਰ ਕੋਈ ਕਿਸੇ ਇੱਕ ਵਿਸ਼ੇ ਨੂੰ ਆਧਾਰ ਬਣਾ ਕੇ ਰਚਨਾ ਕਰ ਰਿਹਾ ਹੈ ਤਾਂ ਬਾਕੀ ਦੇ ਵਿਸ਼ੇ ਹਾਸ਼ੀਏ ਉੱਤੇ ਧੱਕੇ ਜਾਣਗੇ। ਦੂਜੀ ਗੱਲ ਇਹ ਵੀ ਧਿਆਨ ਦੀ ਮੰਗ ਕਰਦੀ ਹੈ ਕਿ ਜਿਸ ਵਿਸ਼ੇ ਦੀ ਉਹ ਗੱਲ ਕਰ ਰਿਹਾ ਹੈ ਉਹ ਲੋੜੋਂ ਵੱਧ ਆਪਣੀ ਗੱਲ ਥੋਪਣ ਦੀ ਗੱਲ ਤਾਂ ਨਹੀਂ ਕਰ ਰਿਹਾ। ਇੱਥੇ ਇਸ ਗੱਲ ਰਾਹੀਂ ਇਸ ਪ੍ਰਸੰਗ ਨੂੰ ਸਮਝ ਸਕਦੇ ਹਾਂ ਕਿ ਬਲਬੀਰ ਮਾਧੋਪੁਰੀ ਜੀ ਦੀਆਂ ਰਚਨਾਵਾਂ ਜਿਸ ਗੱਲ ਦੀ ਨਿਸ਼ਾਨਦੇਹੀ ਕਰਦੀਆਂ ਹਨ ਉਨ੍ਹਾਂ ਦਾ ਆਧਾਰ ਨਿਰਾ ਇੱਕ ਵਿਸ਼ੇ ਦੀ ਪੇਸ਼ਕਾਰੀ ਨਹੀਂ ਹੈ। ਮਨੁੱਖ ਆਪਣੇ ਜੀਵਨ ਦੀਆਂ ਘਟਨਾਵਾਂ ਵਿੱਚੋਂ ਬਾਹਰ ਨਹੀਂ ਆਉਂਦਾ ਜੇਕਰ ਉਹ ਇਨ੍ਹਾਂ ਘਟਨਾਵਾਂ ਤੋਂ ਬਾਹਰ ਆਉਣ ਦੀ ਕੋਸ਼ਿਸ਼ ਵੀ ਕਰਦਾ ਹੈ ਤਾਂ ਰਚਨਾ ਵਿੱਚੋਂ ਉਸ ਦਾ ਅੰਦਾਜ਼ਾ ਸਹਿਜੇ ਹੀ ਲੱਗ ਜਾਂਦਾ ਹੈ। ਜੇਕਰ ਉਹ ਸੁਭਾਵਿਕ ਹੀ ਉਸ ਵਰਗ ਦੀ ਗੱਲ ਕਰ ਰਿਹਾ ਹੈ ਜਿਸ ਨਾਲ ਉਸ ਦਾ ਸੰਬੰਧ ਹੈ ਤਾਂ ਪਾਠਕ ਉਸ ਨੂੰ ਕਿਸੇ ਇੱਕ ਵਰਗ ਦਾ ਹਿੱਤ ਪੂਰਨ ਵਾਲਾ ਕਹਿ ਦਿੰਦਾ ਹੈ। ਹਾਲਾਂਕਿ ਅਜਿਹਾ ਨਹੀਂ ਹੁੰਦਾ ਰਚਨਾ ਕਰਤਾ ਦੇ ਖ਼ਿਆਲ ਅੰਬਰੀ ਉਡਾਨ ਮਾਰਦੇ ਪੰਛੀਆਂ ਵਰਗੇ ਹੁੰਦੇ ਹਨ ਜੋ ਇੱਕ ਥਾਂ ਟਿਕ ਕੇ ਨਹੀਂ ਬੈਠ ਸਕਦੇ। ਇਸੇ ਤਰ੍ਹਾਂ ਹੀ ਲੇਖਕ ਦੇ ਖ਼ਿਆਲਾਂ ਦੀ ਉਡਾਰੀ ਆਸਮਾਨ ਵਿਚ ਉਡਦੇ ਪੰਛੀਆਂ ਜਿਹੀ ਹੁੰਦੀ ਹੈ। ਇਹ ਉਡਾਰੀ ਸਮੁੱਚੇ ਆਸਮਾਨ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ ਸਮਾਜ ਦਾ ਹਰ ਇੱਕ ਵਿਸ਼ਾ ਇਨ੍ਹਾਂ ਦੇ ਖ਼ਿਆਲਾਂ ਵਿਚ ਉਡਾਰੀ ਭਰਦਾ ਹੈ। ਪਰ ਨਾਲ ਹੀ ਇਹ ਗੱਲ ਵੀ ਧਿਆਨ ਦੀ ਮੰਗ ਕਰਦੀ ਹੈ ਕਿ ਇਸ ਦੇ ਬਾਵਜੂਦ ਇੱਕ ਲੇਖਕ ਉੱਤੇ ਇੱਕ ਖ਼ਾਸ ਕਿਸਮ ਦਾ ਥੱਪਾ ਕਿਉਂ ਲੱਗ ਜਾਂਦਾ ਹੈ, ਤਾਂ ਇਸ ਦੇ ਉੱਤਰ ਨੂੰ ਅਸੀਂ ਪੰਛੀਆਂ ਦੇ ਹਵਾਲੇ ਅਧੀਨ ਹੀ ਸਮਝਣ ਦੀ ਕੋਸ਼ਿਸ਼ ਕਰਾਂਗੇ। ਮਨੁੱਖ ਨੇ ਪ੍ਰਤੀਕ ਵਿਧਾਨ ਦੀ ਕਾਢ ਆਪਣੀ ਸੋਝੀ ਮੁਤਾਬਕ ਕੱਢੀ ਹੈ ਇਹ ਪੂਰਨ ਤੌਰ ਉੱਤੇ ਸੱਚ ਨੂੰ ਪੇਸ਼ ਨਹੀਂ ਕਰਦੀ। ਪ੍ਰਤੀਕ ਮਨੁੱਖ ਦੀ ਵਿਆਖਿਆ ਹੈ, ਇੱਥੇ ਇਹ ਕਹਿਣ ਦਾ ਆਹਰ ਇਹ ਹੋਇਆ ਕਿ ਪੰਛੀਆਂ ਦੀ ਅਸੀਂ ਇਸ ਤਰ੍ਹਾਂ ਪਰਿਭਾਸ਼ਾ ਦਿੰਦੇ ਹਾਂ ਕਿ ਇਹ ਪੰਛੀ ਇਸ (ਕੋਈ ਵੀ) ਚਿੰਨ੍ਹ ਦਾ ਪ੍ਰਤੀਕ ਹੈ। ਇਸ ਪ੍ਰਕਾਰ ਹੀ ਜਦੋਂ ਕਿਸੇ ਲੇਖਕ ਬਾਰੇ ਪਾਠਕ ਨੂੰ ਇਹ ਸੋਝੀ ਹੋ ਜਾਂਦੀ ਹੈ ਕਿ ਇਹ ਕਿਸ ਵਰਗ ਨਾਲ ਜਾਂ ਕਿਸ ਵਿਚਾਰਧਾਰਾ ਨਾਲ ਸੰਬੰਧ ਰੱਖਦਾ ਹੈ ਤਾਂ ਸਹਿਜੇ ਹੀ ਪਾਠਕ ਉਸ ਦੀ ਰਚਨਾ ਵਿੱਚੋਂ ਉਸ ਨੂੰ ਲੱਭਣ ਦੀ ਕੋਸ਼ਿਸ਼ ਕਰਨ ਲੱਗ ਜਾਂਦਾ ਹੈ। ਇਸ ਦਾ ਮਤਲਬ ਇਹ ਵੀ ਨਹੀਂ ਕਿ ਰਚਨਾ ਨਾਲੋਂ ਕਰਤਾ ਨੂੰ ਵੱਖ਼ ਕਰਕੇ ਪੜ੍ਹਣਾ ਚਾਹੀਦਾ ਹੈ। ਇਹ ਇੱਥੇ ਗੁੰਝਲਦਾਰ ਸਵਾਲ ਹੈ ਕਿ ਰਚਨਾ ਨੂੰ ਲੇਖਕ ਨਾਲੋਂ ਵੱਖ ਕਰਕੇ ਪੜ੍ਹਿਆ ਜਾਵੇ ਜਾਂ ਉਸ ਨੂੰ ਨਾਲ ਜੋੜ ਕੇ ਆਦਿ। ਇਸ ਗੱਲ ਦੀ ਪੁਸ਼ਟੀ ਇੱਥੇ ਇਸ ਕਰਕੇ ਲਾਜ਼ਮੀ ਹੈ ਕਿਉਂਕਿ ਅਸੀਂ ਸਮਾਜ ਦੇ ਨਾਲ-ਨਾਲ ਕਿਰਤ ਨੂੰ ਵੀ ਫ਼ਰੋਲਣਾ ਹੈ। ਜਦੋਂ ਅਜਿਹਾ ਦਵੰਦ ਸਾਹਮਣੇ ਹੋਵੇ ਤਾਂ ਉਸ ਸਮੇਂ ਇਨ੍ਹਾਂ ਮਸਲਿਆਂ ਨੂੰ ਵਿਚਾਰਨਾ ਬਣਦਾ ਹੈ ਆਦਿ। ਇਸ ਗੱਲ ਦੀ ਨਿਸ਼ਾਨਦੇਹੀ ਅਸੀਂ ਡਾ. ਹਰਿਭਜਨ ਸਿੰਘ ਜੀ ਦੇ ਹਵਾਲੇ ਨਾਲ ਕਰਾਂਗੇ।

> ਸਾਹਿਤ ਦੀ ਸਮਾਜਕਤਾ ਵਿਚਾਰਯੋਗ ਵਿਸ਼ਾ ਹੈ। ਇਸ ਸਮੱਸਿਆ ਨੂੰ ਤਿੰਨ ਪੱਖਾਂ ਤੋਂ ਵਿਚਾਰਿਆ ਜਾ ਸਕਦਾ ਹੈ, ਸਾਹਿਤਕਾਰ ਦੀ ਵਰਗ ਸਥਿਤੀ, ਰਚਨਾ ਦਾ ਸਮਾਜਿਕ ਵਸਤੂ ਅਤੇ ਰਚਨਾ ਦਾ ਸਮਾਜਿਕ ਪ੍ਰਭਾਵ। ਅਸੀਂ ਸਮੀਖਿਆ ਲਈ ਕਵੀ ਜੀਵਨ ਤੇ ਸਰੋਤੇ ਉਪਰ ਪੈਣ ਵਾਲੇ ਪ੍ਰਭਾਵ ਨੂੰ

ਆਲੋਚਨਾਤਮਕ ਕਸਵੱਟੀ ਵਜੋਂ ਗ੍ਰਹਿਣ ਕਰਨ ਤੋਂ ਸੰਕੋਚ ਕੀਤਾ ਹੈ, ਪਰ ਹੱਥਲੀ ਬਹਿਸ ਇਸ ਪ੍ਰਸੰਗ ਤੋਂ ਬਿਨਾਂ ਅਧੂਰੀ ਰਹੇਗੀ।[3]

ਇਸ ਹਵਾਲੇ ਦਾ ਮਨੋਰਥ ਸਮਾਜ ਦੇ ਅੰਦਰਲੇ ਨੇਮ-ਸੰਗਠਨ ਨੂੰ ਸਮਝਣ ਤੋਂ ਹੈ। ਜਦੋਂ ਲੇਖਕ ਕਿਸੇ ਇਕ ਵਰਗ ਵਿਸ਼ੇਸ਼ ਦੀ ਗੱਲ ਕਰਦਾ ਹੈ ਤਾਂ ਉਸ ਉੱਤੇ ਉਸੇ ਸਮਾਜ ਦਾ ਥੱਪਾ( ਦਲਿਤ) ਲਾ ਦਿੱਤਾ ਜਾਂਦਾ ਹੈ। ਇਸ ਬਾਅਦ ਉਸ ਦੀ ਰਚਨਾ ਵਿਚ ਪੇਸ਼ ਪ੍ਰਾਪਤ ਸਾਮੱਗ੍ਰੀ ਹੁੰਦੀ ਹੈ, ਜਿਸ ਵਿਚ ਪਾਠਕ ਨੇ ਇਹ ਵੇਖਣਾ ਹੁੰਦਾ ਹੈ ਕਿ ਜਿਸ ਤਰ੍ਹਾਂ ਦੀ ਪੇਸ਼ਕਾਰੀ ਉਹ ਆਪਣੀ ਰਚਨਾ ਵਿਚ ਕਰ ਰਿਹਾ ਹੈ ਕਿ ਉਹ ਉਸੇ ਢੰਗ ਦੀ ਸਮਾਜ ਵਿਚ ਹੈ ਵੀ ਜਾਂ ਨਹੀਂ ਜਾਂ ਲੇਖਕ ਨਿਰਾ ਕਲਪਣਾ ਦੇ ਆਧਾਰ ਉੱਤੇ ਸਮਾਜ ਦੀ ਸਿੰਪਥੀ ਲੈਣਾ ਚਾਹੁੰਦਾ ਹੈ। ਜੇਕਰ ਅਸਲ ਵਿਚ ਉਸ ਦੀ ਰਚਨਾ ਦਾ ਪ੍ਰਭਾਵ ਉਸੇ ਢੰਗ ਨਾਲ ਸਮਾਜ ਉੱਤੇ ਪੈਂਦਾ ਹੈ ਉਸ ਦੀ ਪ੍ਰਾਪਤ ਸਾਮੱਗ੍ਰੀ ਨਿਰੀ ਕਲਪਨਾ ਆਧਾਰਿਤ ਨਹੀਂ ਹੈ ਤਾਂ ਉਹ ਸਮਾਜ ਅਤੇ ਇਕ ਕਿਤਾਬ (text) ਦੀ ਅਸਲ ਹੋਣੀ ਦੀ ਨਿਸ਼ਾਨਦੇਹੀ ਕਰਦੀ ਹੈ। ਰਚਨਾ ਦੇ ਆਪਣੇ ਨੇਮ-ਵਿਧਾਨ ਅਤੇ ਸਮਾਜ ਨਾਲ ਸੰਬੰਧਿਤ ਮੁੱਦਿਆਂ ਦੀ ਪੇਸ਼ਕਾਰੀ ਦੋਹਾਂ ਨੂੰ ਸਾਹਮਣੇ ਰੱਖ ਕੇ ਹੀ ਰਚਨਾ ਨਾਲ ਨਿਆਂ ਕਰਿਆ ਜਾ ਸਕਦਾ ਹੈ। ਜੇਕਰ ਇਨ੍ਹਾਂ ਵਿੱਚੋਂ ਕਿਸੇ ਇੱਕ ਉੱਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ ਤਾਂ ਇੱਕ ਵਿਧਾਨ ਅੱਖੋਂ-ਪਰੋਖੇ ਹੋ ਜਾਵੇਗਾ। ਸਾਹਿਤ ਦੀ ਵੀ ਆਪਣੀ ਇਕ ਖ਼ੁਦਮੁਖ਼ਤਿਆਰੀ ਹੈ, ਇਹ ਵੀ ਸੱਚ ਹੈ ਕਿ ਇਹ ਸ਼ਬਦਾਂ ਵਿਚ ਕਿਸੇ ਤਰ੍ਹਾਂ ਦੀ ਗੱਲ ਕਰੇ ਅਸਲ ਵਿਚ ਉਹ ਸਮਾਜ ਦੇ ਕਿਸੇ ਨਾ ਕਿਸੇ ਵਿਸ਼ੇ ਦੀ ਗੱਲ ਜ਼ਰੂਰ ਕਰ ਰਿਹਾ ਹੁੰਦਾ ਹੈ। ਭਾਵੇਂ ਉਹ ਰੁਮਾਂਸਵਾਦ ਹੋਵੇ, ਰੱਹਸਵਾਦ ਹੋਵੇ ਜਾਂ ਮਾਰਕਸੀ ਹੋਵੇ ਉਹ ਕਿਸੇ ਇਕ ਪੱਖ ਦੀ ਗੱਲ ਕਰ ਰਿਹਾ ਹੁੰਦਾ ਹੈ ਇਸ ਕਰਕੇ ਇਹ ਵੀ ਕਿਹਾ ਜਾਦਾ ਹੈ ਕਿ ਸਾਹਿਤ ਵਿਚਾਰਧਾਰਾ ਤੋਂ ਬਿਨਾਂ ਸੰਭਵ ਹੀ ਨਹੀਂ ਹੈ ਆਦਿ। ਬਲਬੀਰ ਮਾਧੋਪੁਰੀ ਜੀ ਦੀ ਟੈਕਸਟ ਨੂੰ ਜਦੋਂ ਅਸੀਂ ਇਸ ਨੁਕਤੇ ਅਧੀਨ ਸਮਝਦੇ ਹਾਂ ਤਾਂ ਲੇਖਕ ਜਦੋਂ ਸਮਾਜ ਵਿਚਲੇ ਵਿਸ਼ਿਆਂ ਨੂੰ ਛੂੰਹਦਾ ਹੈ ਤਾਂ ਉਸ ਵਿਚ ਮਨੁੱਖ ਨਾਲ ਸੰਬੰਧਿਤ ਹਰ ਇੱਕ ਵਿਸ਼ੇ ਨੂੰ ਬੜੇ ਹੀ ਸੁਚੱਜੇ ਢੰਗ ਨਾਲ ਪੇਸ਼ ਕੀਤਾ ਗਿਆ ਹੈ ਕਿਸੇ ਇੱਕ ਵਿਸ਼ੇ ਦੀ ਪੇਸ਼ਕਾਰੀ ਨੂੰ ਤਰਜ਼ੀਹ ਨਹੀਂ ਦਿੱਤੀ ਗਈ। ਭਾਰਤੀ ਸੰਸਕ੍ਰਿਤੀ ਦੇ ਦਰਸਨ ਲਗਪਗ ਬਹੁਤ ਕਵਿਤਾਵਾਂ ਵਿਚ ਵੇਖਣ ਨੂੰ ਮਿਲਦੇ ਹਨ ਜਿਨ੍ਹਾਂ ਵਿਚ ਪਿੰਡਾਂ ਦੀ ਗੱਲ ਦੇ ਨਾਲ-ਨਾਲ ਖੇਤਾਂ, ਧਰਮਸ਼ਾਲਾ, ਮੱਜ੍ਹਬ, ਦੀ ਗੱਲ ਕਰਦੀ ਹੈ। ਇਨ੍ਹਾਂ ਗੱਲ੍ਹਾਂ ਦਾ ਆਧਾਰ ਨਸਲੀ ਵਿਤਕਰਿਆਂ ਨੂੰ ਲੈਂਦਾ ਹੈ ਪਰ ਨਾਲ ਹੀ ਇਸ ਦੇ ਨਾਲ ਆਪਣੀ ਖ਼ਿਆਲਾਂ ਦੀ ਉਡਾਰੀ ਉਹ ਪੱਛਮੀ ਮੁਲਕਾਂ ਵੱਲ ਵੀ ਮਾਰਦਾ ਹੈ। *ਮੇਰਾ ਪਿੰਡ* ਕਵਿਤਾ ਪਿੰਡ ਤੋਂ ਸ਼ੁਰੂ ਹੁੰਦੀ ਹੋਈ ਅਖ਼ੀਰ ਵਿਚ ਪੱਛਮ ਦੇ ਹਵਾਲੇ ਨਾਲ ਆਪਣੀ ਸੁਰ ਦਾ ਅੰਤ ਕਰਦੀ ਹੈ। ਇਹ ਸੁਰ ਪੱਛਮੀ ਸਮਾਜ ਦੀ ਮਨੁੱਖੀ ਜ਼ਿੰਦਗੀ ਨੂੰ ਸੁਖ਼ਾਲੀ ਬਣਾਉਣ ਦੀ ਪੈਰ੍ਹਵੀ ਕਰਨ ਉੱਤੇ ਵਿਅੰਗ ਕਰਦੀ ਹੈ। ਇਸ ਰਚਨਾ ਦੇ ਵਿਅੰਗ ਨੂੰ ਲੇਖਕ ਦੀਆਂ ਹੋਰ ਰਚਨਾਵਾਂ ਵਿੱਚੋਂ ਵੀ ਤਲਾਸ਼ਿਆ ਜਾ ਸਕਦਾ ਹੈ। ਆਧੁਨਿਕ ਸੰਦਰਭ ਵਿਚ ਜੇਕਰ ਗੱਲ ਕਰੀਏ ਤਾਂ ਜਾਤ-ਪਾਤ ਦਾ ਇਹ ਕੋਹੜ ਪਹਿਲਾਂ ਵਾਲੇ ਰੂਪ ਵਿਚ ਤਾਂ ਭਾਵੇਂ ਨਹੀਂ ਹੈ ਪਰ ਸੂਖ਼ਮ ਰੂਪ ਵਿਚ ਇਹ ਅਜੇ ਵੀ ਕੁੰਡਲੀ ਮਾਰੀ ਬੈਠਾ ਹੈ। ਆਧੁਨਿਕ ਯੁਗ ਵਿਚ ਮਨੁੱਖ ਨੇ ਵਿਕਾਸ ਦੀ ਜਿਸ ਸ਼ਿਖਰ ਨੂੰ ਛੂਹ ਲਿਆ ਹੈ ਉਸ ਹਿਸਾਬ ਨਾਲ ਇਹ ਭੇਦਭਾਵ ਖ਼ਤਮ ਹੋਣੇ ਚਾਹੀਦੇ ਸਨ। *ਕੱਖੋਂ ਹੌਲਾ ਆਦਮੀ* ਰਚਨਾ ਵਿਚ ਇਸ ਗੱਲ ਦੀ ਤਸਦੀਕ ਕੀਤੀ ਗਈ ਹੈ ਕਿ ਜਦੋਂ ਇਕ ਚੌਥੇ ਵਰਣ ਦਾ ਬੰਦਾ ਭਾਵੇਂ ਤਰੱਕੀ ਕਰਕੇ ਕਿਸੇ ਮਹਾਂਨਗਰ ਵਿਚ ਆਪਣੀ ਪਹਿਚਾਣ ਕਾਇਮ ਕਰ ਲੈਂਦਾ ਹੈ ਫ਼ਿਰ ਵੀ ਉਸ ਤੋਂ ਪਹਿਲਾਂ ਉਸ ਦਾ ਧਰਮ, ਉਸ ਬਾਅਦ ਉਸ ਦੀ ਜਾਤ ਅਤੇ ਅਖ਼ੀਰ ਵਿਚ ਉਸ ਦਾ ਨਗਰ ਪੁੱਛ ਕੇ ਇਹ ਪਤਾ ਲਗਾਇਆ ਜਾਂਦਾ ਹੈ ਕਿ ਇਹ ਕਿਸ ਮੁੱਹਲੇ ਵਿੱਚੋਂ ਆਉਂਦਾ ਹੈ।

ਕਈ ਵਾਰ ਕੀ
ਅਕਸਰ ਹੀ

ਢੂੰਡਿਆ ਜਾਂਦਾ ਹੈ

ਉਡਦਾ ਪਰਿੰਦਾ

ਕਦੇ ਧਰਮ, ਕਦੇ ਜਾਤ, ਕਦੇ ਮੁੱਹਲੇ

ਕਦੇ ਆਵਰਣ ਬਾਣ ਨਾਲ।[4]

ਇਹ ਪ੍ਰਸੰਗ ਮਹਾਂਨਗਰੀ ਦੇ ਹਵਾਲੇ ਨਾਲ ਆਧੁਨਿਕ ਸਮੇਂ ਉੱਤੇ ਇੱਕ ਸਵਾਲ ਹੈ ਕਿ ਉਡਦੇ ਪਰਿੰਦੇ ਭਾਵ ਮਨੁੱਖ ਦੀ ਆਪਣੀ ਮਿਹਨਤ ਨਾਲ ਹਾਸਲ ਕੀਤੀ ਕਾਮਯਾਬੀ ਨੂੰ ਉਸ ਦੀ ਜਾਤ, ਧਰਮ ਪੁੱਛ ਕੇ ਕਿਵੇਂ ਉਸ ਦੇ ਮਨੋਬਲ ਉੱਤੇ ਸੱਟ ਮਾਰੀ ਜਾਂਦੀ ਹੈ। ਸਮਾਜ ਦੀ ਇਸ ਕੋਝੀ ਮਾਨਸਿਕਤਾ ਦੀ ਪੇਸਕਸ਼ ਜਦੋਂ ਕੋਈ ਲੇਖਕ ਕਰਦਾ ਹੈ ਤਾਂ ਉਸ ਦੀ ਰਚਨਾ ਨੂੰ ਵੀ ਜਿਆਦਾਤਰ ਉਸੇ ਪ੍ਰਸੰਗ ਵਿਚ ਪੜ੍ਹਿਆ ਜਾਂਦਾ ਹੈ ਭਾਵ ਕਿ ਇਹ ਲੇਖਕ ਇਸ ਵਿਸ਼ੇ ਤੋਂ ਬਿਨਾਂ ਹੋਰ ਕੋਈ ਵਿਸ਼ੇ ਦੀ ਪੇਸ਼ਕਾਰੀ ਨਹੀਂ ਕਰ ਰਿਹਾ। ਇਸ ਦੇ ਸੰਦਰਭ ਵਿਚ ਇੱਥੇ ਇਹ ਕਿਹਾ ਜਾ ਸਕਦਾ ਹੈ ਕਿ ਜਦੋਂ ਇੱਕ ਸਮਾਜ ਨੂੰ ਬਿਲਕੁਲ ਪੜ੍ਹਣ-ਲਿਖਣ ਦੀ ਮਨਾਹੀ ਬਾਅਦ ਜਦੋਂ ਉਸ ਨੂੰ ਪੜ੍ਹਣ ਲਿਖਣ ਦਾ ਮੌਕਾ ਮਿਲੇਗਾ ਤਾਂ ਉਹ ਸਭ ਤੋਂ ਪਹਿਲਾਂ ਕੀ ਕਰੇਗਾ ਇਹ ਇਕ ਆਮ ਸਵਾਲ ਹੈ। ਇਸ ਦੇ ਉੱਤਰ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਸਮਾਜ ਵਿਚ ਰਹਿੰਦੇ ਹੋਏ ਜੋ ਉਸ ਨਾਲ ਜ਼ੁਲਮ ਹੋਏ, ਅਤਿਆਚਾਰ ਹੋਏ ਉਹ ਸਭ ਤੋ ਪਹਿਲਾਂ ਉਸੇ ਵਿਸ਼ੇ ਨੂੰ ਆਪਣੀ ਰਚਨਾ ਦਾ ਆਧਾਰ ਬਣਾਏਗਾ। ਅਸਲ ਵਿਚ ਸਾਹਿਤ ਦਾ ਵੀ ਇਹੋ ਫਰਜ਼ ਹੈ ਕਿ ਉਹ ਮਨੁੱਖੀ ਜੀਵਨ ਦੀ ਅਸਲ ਸੱਚਾਈ ਨੂੰ ਪੇਸ਼ ਕਰੇ। ਜਦੋਂ ਲੇਖਕ ਆਪਣੀ ਰਚਨਾ ਦੀ ਪੇਸ਼ਕਾਰੀ ਹੂ-ਬ-ਹੂ ਉਸੇ ਢੰਗ ਨਾਲ ਕਰਨ ਲੱਗ ਜਾਂਦਾ ਹੈ ਤਾਂ ਕਈ ਥਾਵੇਂ ਪਾਠਕ ਜਾਂ ਸਮੀਖਿਅਕ ਇਹ ਗੱਲ ਕਰਦੇ ਹਨ ਕਿ ਇਸ ਵਿਚ ਸਾਹਿਤ ਵਿਚਲੀ ਝਲਕ ਨਹੀਂ ਪੈਂਦੀ। ਇਸ ਦੇ ਐਨ ਉਲਟ ਹੀ ਜਦੋਂ ਕੋਈ ਲੇਖਕ ਆਪਣੀ ਸਵੈ-ਜੀਵਨੀ ਵਿਚ ਅਲੰਕਾਰ, ਬਿੰਬ, ਪ੍ਰਤੀਕ ਆਦਿ ਦੀ ਸਹਾਇਤਾ ਲੈਂਦਾ ਹੈ ਤਾਂ ਉਸ ਦੀ ਰਚਨਾ ਨੂੰ ਨਿਰਾ ਸਾਹਿਤ ਖਦਸ਼ਾ ਪੂਰਤੀ ਦਾ ਖ਼ਿਤਾਬ ਦੇ ਦਿੱਤਾ ਜਾਂਦਾ ਹੈ। ਇਸ ਕਰਕੇ ਇਨ੍ਹਾਂ ਗੱਲ੍ਹਾਂ ਬਾਰੇ ਸਾਹਿਤ ਦੇ ਖੇਤਰ ਵਿਚ ਬਹਿਸ ਛਿੜਦੀ ਰਹਿੰਦੀ ਹੈ। ਹਾਂ, ਇੱਥੇ ਇਹ ਗੱਲ ਕਹਿਣੀ ਬੜੀ ਸਾਰਥਕ ਜਾਪਦੀ ਹੈ ਕਿ ਜਦੋਂ ਹਾਸ਼ੀਏ ਤੋਂ ਧੱਕਿਆ ਲੇਖਕ ਕੋਈ ਆਪਣੀ ਗੱਲ ਕਰ ਰਿਹਾ ਹੁੰਦਾ ਹੈ ਤਾਂ ਉੱਥੇ ਇਹ ਗੱਲ ਹੀ ਬਹੁਤ ਵੱਡੀ ਹੁੰਦੀ ਹੈ ਕਿ ਉਸ ਨੇ ਇਨ੍ਹਾਂ ਵਿਸ਼ਿਆਂ ਬਾਰੇ ਸੋਚਿਆ। ਕਵਿਤਾ ਵਿਚ ਸੁਹਜ ਦੀ ਮੌਜੂਦਗੀ ਵੀ ਉਸ ਸਮੇਂ ਹੀ ਹੋਵੇਗੀ ਜੇਕਰ ਉਸ ਦੇ ਅਸਲ ਜੀਵਨ ਵਿਚ ਸੁਹਜ ਹੋਵੇਗਾ। ਦੁੱਖਾਂ-ਦਰਦਾਂ ਵਿਚ ਘਿਰੇ ਹੋਏ ਮਨੁੱਖ ਨੂੰ ਜਦੋਂ ਆਪਣੀ ਗੱਲ ਕਹਿਣ ਦਾ ਮੌਕਾ ਮਿਲਦਾ ਹੈ ਤਾਂ ਉਹ ਆਪਣੇ ਸੁਭਾਅ ਮੁਤਾਬਿਕ ਹੀ ਰਚਨਾ ਦੀ ਬੁਣਤੀ ਕਰਦਾ ਹੈ। ਇਹ ਬੁਣਤੀ ਇਹ ਨਹੀਂ ਵੇਖਦੀ ਕੀ ਇਸ ਦੀ ਬਣਤਰ ਵਿਚ ਸੁਹਜ ਹੈ ਜਾਂ ਨਹੀਂ। ਇੱਥੇ ਜੇਕਰ ਅਸੀਂ *ਭਖਦਾ ਪਤਾਲ* ਰਚਨਾ ਦੇ ਕਰਤਾ ਬਾਰੇ ਗੱਲ ਕਰੀਏ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਨੇ ਸਮਾਜ ਉੱਤੇ ਹੁੰਦੇ ਤਸ਼ੱਦਦ ਨੂੰ ਅੱਖੀਂ ਵੇਖਿਆ ਅਤੇ ਖ਼ੁਦ ਉੱਤੇ ਹੰਢਾਇਆ ਹੈ। ਇਸ ਕਰਕੇ ਉਨ੍ਹਾਂ ਦੀਆਂ ਲਿਖਤਾਂ ਵਿਚ ਦਲਿਤ ਸਮਾਜ ਦੀ ਗੱਲ ਜ਼ਿਆਦਾ ਪੇਸ਼ ਹੁੰਦੀ ਹੈ। ਇਸ ਪੇਸ਼ਕਾਰੀ ਵਿਚ ਬਾਕੀ ਸ਼੍ਰੇਣੀਆਂ ਦੇ ਲੋਕਾਂ ਨੂੰ ਨਿੰਦਿਆ ਜਾਂ ਭੰਡਿਆ ਨਹੀਂ ਜਾਂਦਾ ਕੇਵਲ ਆਪਣੇ ਨਾਲ ਹੁੰਦੇ ਵਿਤਕਰੇ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ। ਇਹ ਪੇਸ਼ਕਾਰੀ ਦਾ ਨਿਰਾ ਆਧਾਰ ਇਹ ਵੀ ਨਹੀਂ ਕਿ ਇਸ ਵਿਚ ਕੇਵਲ ਵਾਕ ਹੀ ਵਿਦਮਾਨ ਹਨ ਜਾਂ ਪਾਠਕ ਨੂੰ ਇਸ ਵਿੱਚੋਂ ਆਨੰਦ ਨਹੀਂ ਆਉਂਦਾ। ਰਚਨਾ ਵਿਚ ਪੇਸ਼ ਭਾਵਾਂ ਦੇ ਵਲਵਲਿਆਂ ਦੀ ਪੇਸ਼ਕਾਰੀ ਇੰਝ ਕੀਤੀ ਗਈ ਹੈ ਕਿ ਇਤਿਹਾਸ-ਮਿਥਿਹਾਸ ਰਾਹੀਂ ਆਪਣੀ ਗੱਲ ਕਹੀ ਗਈ ਹੈ। ਰਚਨਾ ਕਰਤਾ ਇਤਿਹਾਸ-ਮਿਥਿਹਾਸ ਦੇ ਹਵਾਲਿਆਂ ਰਾਹੀਂ ਸਮਕਾਲੀ ਹਾਲਾਤਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਜਿਸ ਪੱਖ ਨੂੰ ਮੁੱਖ ਰੱਖਕੇ ਕਿਰਤ ਨੂੰ ਪਾਠਕਾਂ ਸਾਹਮਣੇ ਪੇਸ਼ ਕੀਤਾ ਹੈ ਉਸ ਦਾ ਹੱਲ ਰਚਨਾ (text) ਵਿੱਚੋਂ ਕਿਤੇ ਵੀ ਨਹੀਂ ਲੱਭਦਾ। ਇਸ ਦਾ ਕਾਰਨ ਇਹ ਹੈ ਕਿ ਸਮਾਜ ਵਿਚ ਵਿਆਪਕ ਨਸਲ, ਜਾਤ-ਪਾਤ, ਧਰਮ ਆਦਿ ਦੇ ਭੇਦ-ਭਾਵ ਨੂੰ ਖ਼ਤਮ ਕਰਨ ਦੀ ਕੋਈ ਵਿਧੀ ਨਹੀਂ ਹੈ। ਇਸ ਦਾ ਉੱਤਰ

ਜੇਕਰ ਅਸੀਂ ਸਮਝਣਾ ਹੋਵੇ ਤਾਂ ਆਮ ਇਹ ਕਿਹਾ ਜਾਂਦਾ ਹੈ ਕਿ ਸਿੱਖਿਆ ਹੀ ਇਸ ਤਰ੍ਹਾਂ ਦੀ ਕੋਝੀ ਮਾਨਸਿਕਤਾ ਨੂੰ ਦੂਰ ਕਰ ਸਕਦੀ ਹੈ। ਪਰ ਜਦੋਂ ਅਸੀ ਰਚਨਾ ਕਰਤਾ ਦੀ ਰਚਨਾ ਵਿੱਚੋਂ ਇਸ ਦਾ ਹੱਲ ਲੱਭਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਸਿੱਖਿਆ ਕੇਵਲ ਸਿਧਾਂਤਕ ਪੱਧਰ ਉੱਤੇ ਹੀ ਇਨ੍ਹਾਂ ਵਿਤਕਰਿਆਂ ਦਾ ਪੱਖ ਪੂਰਦੀ ਨਜ਼ਰ ਆਉਂਦੀ ਹੈ। ਵਿਹਾਰਕ ਪੱਧਰ ਉੱਤੇ ਅਖ਼ੀਰ ਵਿਚ ਬੰਦੇ ਦੀ ਜਾਤ, ਧਰਮ ਪੁੱਛਿਆ ਜਾਂਦਾ ਹੈ ਆਦਿ। ਗਿਆਨ ਦੇ ਰਾਹੀਂ ਆਪਣੀ ਗੱਲ ਪੇਸ਼ ਕਰਨੀ ਇਹ ਵੀ ਅਜੋਕੇ ਸੰਦਰਭ ਵਿਚ ਇੱਕ ਤਰ੍ਹਾਂ ਦੀ ਧੱਕੇਸਾਹੀ ਨੂੰ ਪੇਸ਼ ਕਰਦਾ ਹੈ। ਇਸ ਦਾ ਕਾਰਨ ਇਹ ਹੈ ਕਿ ਆਪਣੀ ਬੌਧਿਕਤਾ ਰਾਹੀਂ, ਤੱਥਾਂ, ਸਿਧਾਂਤਾ ਰਾਹੀਂ ਵਿਕਾਸ ਦੇ ਨਾਮ ਉੱਤੇ ਆਪਣੀ ਸੰਸਕ੍ਰਿਤੀ, ਭਾਸ਼ਾ ਅਤੇ ਆਪਣੇ ਸੱਭਿਆਚਾਰ ਨੂੰ ਪ੍ਰਫੁਲਿਤ ਦਿਖਾਉਣਾ ਬਾਕੀਆਂ ਨੂੰ ਹਾਸ਼ੀਏ ਉੱਤੇ ਧਕੇਲਦਾ ਹੈ। ਜਿਸ ਦਾ ਇੱਕ ਆਮ ਉਦਾਹਰਨ ਇਹ ਲਿਆ ਜਾ ਸਕਦਾ ਹੈ ਕਿ ਜੰਗਲਾਂ ਵਿਚ ਰਹਿੰਦੇ ਕਬੀਲੇ ਵਾਲੇ ਲੋਕਾਂ ਨੂੰ ਵਿਕਾਸ ਦੇ ਸੁਪਨੇ ਵਿਖਾ ਕੇ ਆਪਣੇ ਮਤਲਬ ਲਈ ਜੰਗਲਾਂ ਦੀ ਕਟਾਈ ਕਰਨੀ ਆਪਣਾ ਮਨੋਰਥ ਪੂਰਾ ਕਰਨ ਦੀ ਤਲਬ ਤੋਂ ਬਿਨਾਂ ਹੋਰ ਕੁਝ ਨਹੀਂ ਹੈ ਆਦਿ। ਇਸ ਪ੍ਰਸੰਗ ਦੀ ਪੇਸ਼ਕਾਰੀ ਇਸ ਕਰਕੇ ਕੀਤੀ ਗਈ ਹੈ ਕਿਉਂਕਿ ਇਸ ਰਚਨਾ ਵਿਚ ਸਮਾਜ ਦੇ ਹਵਾਲੇ ਨਾਲ ਦਲਿਤਾਂ ਦੇ ਦੁੱਖਾਂ ਦਰਦਾਂ ਨੂੰ ਪੇਸ਼ ਕੀਤਾ ਗਿਆ ਹੈ। ਇਸ ਪੇਸ਼ਕਾਰੀ ਨੂੰ ਅਸੀਂ ਕੇਵਲ ਰਚਨਾ ਦੀ ਵਸਤੂ ਮੰਨ ਕੇ ਨਹੀਂ ਛੱਡ ਦਿੱਤਾ ਸਗੋਂ ਉਸ ਵਿੱਚੋਂ ਸੁਹਜ ਤਲਾਸ਼ਣ ਦੀ ਕੋਸ਼ਿਸ਼ ਕੀਤੀ ਗਈ ਹੈ। ਜਦੋਂ ਕਿਸੇ ਰਚਨਾ ਵਿੱਚੋਂ ਸਮਾਜਿਕ ਵਿਸ਼ਿਆਂ ਦੇ ਨਾਲ-ਨਾਲ ਉਸ ਵਿੱਚੋਂ ਸਾਹਿਤਕਤਾ ਦੇ ਗੁਣ ਵੀ ਖੁੰਗਾਲੇ ਜਾਣ ਤਾ ਇਹ ਸੋਨੇ ਤੇ ਸੁਹਾਗੇ ਵਾਲੀ ਗੱਲ ਹੋ ਨਿਬੜਦੀ ਹੈ। ਇਸ ਕਰਕੇ ਸਮਾਜ ਦੇ ਵਿਸ਼ੇ ਨਾਲ ਸੰਬੰਧਿਤ ਗੱਲ ਹੋ ਗਈ ਹੈ ਹੁਣ ਰਚਨਾ ਸੁਹਜ ਦੀ ਗੱਲ ਕੀਤੀ ਜਾਵੇਗੀ ਆਦਿ। ਡਾ. ਹਰਿਭਜਨ ਸਿੰਘ ਜੀ ਦੇ ਹਵਾਲੇ ਅਨੁਸਾਰ ਸੁਹਜ ਦੀ ਪ੍ਰਕਿਰਤੀ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ।

> ਸੁਹਜ-ਵਿਚਾਰ ਤੋਂ ਮੇਰਾ ਮਤਲਬ ਕਲਪਨਾ ਮੂਰਤ ਤੋਂ ਹੈ ਜੋ ਕਿਸੇ ਵਿਸ਼ੇਸ਼ ਚਿੰਤਨ ਜਾਂ ਸੰਕਲਪਨਾ ਦੀ ਸਹਾਇਤਾ ਤੋਂ ਬਿਨਾਂ ਹੀ ਬਹੁਤ ਸਾਰੇ ਚਿੰਤਨ ਨੂੰ ਜਨਮ ਦੇ ਸਕਦਾ ਹੈ। ਕਲਪਨਾ ਨੂੰ ਸੰਕਲਪਨਾ ਨਾਲੋਂ ਵੱਖਰਿਆ ਕੇ ਕਾਂਤ ਨੇ ਬਿੰਬ-ਵਿਵੇਕ ਅਤੇ ਨਿਆਏ-ਵਿਵੇਕ ਵਿਚਕਾਰ ਵੱਖਰਤਾ ਸਥਾਪਿਤ ਕਰ ਦਿੱਤੀ। ਇਸੇ ਵਿਚਾਰ ਦੀ ਵਿਸਤ੍ਰਿਤ ਵਿਆਖਿਆ ਨਵਲੋਚਕਾਂ ਨੇ ਕੀਤੀ ਹੈ। ਕਲਾ-ਵਸਤੂ ਅਨੁਭਵ ਦੇ ਕੁੱਝ ਅਜੇਹੇ ਨਕਸ਼ਾਂ ਨੂੰ ਉਘਾੜਦੀ ਹੈ, ਜਿਨ੍ਹਾਂ ਦਾ ਵਿਗਿਆਨ ਲਈ, ਜਾਂ ਉਪਯੋਗੀ ਮੁੱਲਾਂ ਲਈ ਕੋਈ ਅਰਥ ਨਹੀਂ।[5]

ਇਸ ਹਵਾਲੇ ਨੂੰ ਵਿਚਾਰਦੇ ਹੋਏ ਜੇਕਰ ਗੱਲ ਕਰੀਏ ਤਾਂ ਇਹ ਸਿੱਟਾ ਸਾਹਮਣੇ ਆਉਂਦਾ ਹੈ ਕਿ ਸੁਹਜ ਦਾ ਜਿਆਦਾ ਵਾਹ ਚਿੰਤਨ ਨਾਲ ਨਹੀਂ ਹੈ। ਸੁਹਜ ਲੇਖਕ ਦੀ ਰਚਨਾ ਵਿਚ ਉਹ ਵਸਤ ਹੁੰਦੀ ਹੈ ਜਿਸ ਨੂੰ ਪੜ੍ਹ ਕੇ ਪਾਠਕ ਨੂੰ ਆਨੰਦ ਦੀ ਪ੍ਰਾਪਤੀ ਹੋਵੇ। ਸਿਧਾਂਤ ਦੀ ਜਿਆਦਾ ਪੇਸ਼ਕਾਰੀ ਇੱਥੇ ਠੀਕ ਨਹੀਂ, ਇਸ ਕਰਕੇ ਇੱਥੇ ਭਖਦਾ ਪਤਾਲ ਦੇ ਜ਼ਰੀਏ ਇਸ ਦੀ ਰਚਨਾ ਵਿਚਲੇ ਸੁਹਜ ਦੀ ਪੇਸ਼ਕਾਰੀ ਕੀਤੀ ਜਾਵੇਗੀ। ਬਲਬੀਰ ਮਾਧੋਪੁਰੀ ਜੀ ਦੀ ਕਵਿਤਾ ਵਿਚ ਪੇਸ਼ ਪੱਖ ਜਦੋਂ ਮਹਾਂਨਗਰੀ ਵਿਚ ਆਪਣੀ ਕਾਮਯਾਬੀ ਦੇ ਤੌਰ 'ਤੇ ਪਹਿਚਾਣ ਸਥਾਪਿਤ ਕਰਦੀ ਹੈ ਤਾਂ ਨਾਲ ਹੀ ਉਸ ਦੀ ਜਾਤ, ਧਰਮ, ਮੁਹੱਲਾ ਪੁੱਛ ਕੇ ਉਸ ਨੂੰ ਉਸੇ ਪਿੱਛੋਕੜ ਵਿਚ ਧਕੇਲ ਦਿੰਦੀ ਹੈ ਜਿੱਥੋਂ ਉਹ ਨਿਕਲ ਕੇ ਆਇਆ ਸੀ। ਇੱਥੇ ਇਹ ਕਹਿਣਾ ਵੀ ਤਰਕ ਸੰਗਤ ਜਾਪਦਾ ਹੈ ਕਿ ਲੇਖਕ ਆਪਣੀ ਪਹਿਚਾਣ ਛੁਪਾਉਣ ਦੇ ਪੱਖ ਵਿਚ ਨਹੀਂ ਹੈ। ਇੱਥੇ ਉਹ ਸਿਰਫ ਭੇਦ-ਭਾਵ ਭਰੀ ਜ਼ਿੰਦਗੀ ਨੂੰ ਮੁੜ ਚਿਤਵਨ ਕਾਰਨ ਦੁੱਖੀ ਹੁੰਦਾ ਹੈ। ਕਵਿਤਾ ਵਿਚ ਪੇਸ਼ ਬਹੁਤ ਸਾਰੇ ਵੇਰਵੇ ਹਨ ਜਿਨ੍ਹਾਂ ਨੂੰ ਕਈ ਵਾਰ ਪਾਠਕ ਅੱਖੋਂ-ਪਰੋਖੇ ਕਰ ਦਿੰਦਾ ਹੈ। ਜਿਵੇਂ ਕਿ ਅਸੀਂ ਉੱਪਰ ਇੱਕ ਕਵਿਤਾ ਦੇ ਹਵਾਲੇ ਅਨੁਸਾਰ ਇਸ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਸੀ ਕਿ ਕਿਵੇਂ ਦਰਾਵੜ (ਦਲਿਤ) ਆਪਣੀ ਗੱਲ ਸੁਣਾਉਣ ਦੇ ਨਾਲ-ਨਾਲ ਮਨਵਾਉਣ ਦੀ

ਫ਼ਰਿਆਦ ਕਰ ਰਿਹਾ ਹੈ। ਇਹ ਫ਼ਰਿਆਦ ਆਮ ਤੌਰ ਉੱਤੇ ਸਿਰਫ਼ ਇਕ ਮਾਮੂਲੀ ਜਿਹੀ ਪ੍ਰਤੀਤ ਹੁੰਦੀ ਹੈ ਪਰ ਜਦੋਂ ਇਸ ਦਾ ਗਹਿਰਾਈ ਵਿਚ ਜਾ ਕੇ ਅਧਿਐਨ ਕਰਦੇ ਹਾਂ ਤਾਂ ਇਹ ਰਚਨਾ ਵਿਚਲੀ ਵਸਤੂ ਤੋਂ ਬਾਹਰ ਆ ਜਾਂਦੀ ਹੈ। ਵਸਤੂ ਵਿਚ ਪਈ ਇਸ ਸਾਮੱਗ੍ਰੀ ਨੂੰ ਜਦੋਂ ਪਾਠਕ ਸਹਿਜ-ਸੂਝ ਸੋਚਦਾ ਹੈ ਤਾਂ ਉਸ ਦੇ ਦਿਮਾਗ ਵਿਚ ਅਨੇਕਾਂ ਸਵਾਲ ਪਨਪਦੇ ਹਨ। ਦਿਲ ਦੀ ਵੇਦਨਾ ਵਿੱਚੋਂ ਨਿਕਲੀ ਇਹ ਫ਼ਰਿਆਦ ਉਸ ਸੂਹਜ ਦੀ ਨਿਸ਼ਾਨਦੇਹੀ ਕਰਦੀ ਹੈ ਕਿ ਕਿਸ ਕਦਰ ਇਕ ਇਨਸਾਨ ਦੀ ਗੱਲ ਸੁਨਣ ਦੀ ਬਜਾਏ ਉਸ ਨੂੰ ਚੁੱਪ ਰਹਿਣ ਲਈ ਕਿਹਾ ਜਾਂਦਾ ਹੈ। ਇਸ ਸ਼ਬਦਾਂ ਵਿਚ ਪੇਸ਼ ਹੋਈ ਅਤਿ ਦਰਜੇ ਦੀ ਅਰਜੋਈ ਹੈ ਜਿਸ ਨੂੰ ਕੋਈ ਤਰਜ਼ੀਹ ਨਹੀਂ ਦਿੱਤੀ ਗਈ। ਇੱਥੇ ਇਹ ਵੀ ਧਿਆਨ ਦੇਣ ਦੀ ਲੋੜ ਹੈ ਕਿ ਇਸ ਪੀੜ੍ਹ ਨੂੰ ਉਹ ਮਨੁੱਖ ਹੀ ਮਹਿਸੂਸ ਕਰੇਗਾ ਜਿਸ ਨੇ ਇਸ ਨੂੰ ਆਪਣੇ ਉੱਤੇ ਹੰਢਾਇਆ ਹੈ। ਪਰ ਨਾਲ ਇਹ ਸਵਾਲ ਵੀ ਬਣਦਾ ਹੈ ਕਿ ਦਲਿਤ ਤੋਂ ਸਿਵਾਏ ਕੋਈ ਹੋਰ ਲੇਖਕ, ਪਾਠਕ ਇਸ ਤਰ੍ਹਾਂ ਦੇ ਸੂਹਜ ਤੋਂ ਦੂਰ ਰਹਿੰਦਾ ਹੈ ਭਾਵ ਇਨ੍ਹਾਂ ਦੇ ਹਾਲਾਤਾਂ ਜ਼ਜਬਾਤਾਂ ਨੂੰ ਸਮਝਣ ਦੀ ਸੋਝੀ ਉਸ ਕੋਲ ਨਹੀਂ ਹੈ। ਇਸ ਦੇ ਸੰਦਰਭ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਕੋਈ ਵਿਦਵਾਨ ਜਾਂ ਪਾਠਕ ਸਿਧਾਂਤ ਚਿੰਤਨ ਰਾਹੀਂ ਇਸ ਨੂੰ ਸਮਝ ਸਕਦਾ ਹੈ ਪਰ ਅਨੁਭਵ ਬਿਨਾਂ ਇਸ ਦਾ ਸਹੀ ਸੁਆਦ ਨਹੀਂ ਮਾਣ ਸਕਦਾ। ਆਮ ਵਾਕਫ਼ੀਅਤ ਵਾਲੀਆਂ ਘਟਨਾਵਾਂ ਦੀ ਪੇਸ਼ਕਾਰੀ ਵਿਚ ਇਸ ਦੀ ਨਿਸ਼ਾਨਦੇਹੀ ਦੇਖੀ ਜਾ ਸਕਦੀ ਹੈ। ਬਲਬੀਰ ਮਾਧੋਪੁਰੀ ਦੀ ਰਚਨਾ ਜਿਸ ਪੱਖ ਦੀ ਪੇਸ਼ਕਾਰੀ ਕਰਦੀ ਹੈ ਉਹ ਸਰਲੀਕਰਨ ਦੇ ਬਹੁਤ ਨੇੜੇ ਹੈ। ਇਹ ਸਰਲੀਕਰਨ ਰਚਨਾ ਵਿਚਲੀ ਵਸਤ ਦੀ ਬੁਣਤੀ ਇਸ ਤਰ੍ਹਾਂ ਕਰਦਾ ਹੈ ਕਿ ਇਹ ਸਹਿਜੇ ਹੀ ਪਾਠਕ ਦੀ ਨਜ਼ਰੀਂ, ਸਮਝ ਪੈ ਜਾਂਦੀ ਹੈ। ਇਸ ਗੱਲ ਦਾ ਅੰਦਾਜ਼ਾ ਇੱਥੋਂ ਲਗਾਇਆ ਜਾ ਸਕਦਾ ਹੈ ਕਿ ਕਵਿਤਾ ਦਾ ਸਿਧਾਂਤ ਜਿਵੇਂ ਬਹੁ-ਵਚਨੀ, ਬਹੁ-ਅਰਥੀ ਹੁੰਦਾ ਹੈ ਅਤੇ ਅੱਗੇ ਤੋਂ ਅੱਗੇ ਅਰਥਾਂ ਦੀਆਂ ਪਰਤਾਂ ਖੋਲਦਾ ਜਾਂਦਾ ਹੈ ਉਸ ਤਰ੍ਹਾਂ ਦੀ ਪੇਸ਼ਕਸ ਤੋਂ ਇਹ ਰਚਨਾ ਦੂਰੀ ਬਣਾਉਂਦੀ ਹੈ। ਇਸ ਦਾ ਅਰਥ ਇਹ ਵੀ ਨਹੀਂ ਕਿ ਇਹ ਕਾਵਿ ਰਚਨਾ ਕਵਿਤਾ ਦੇ ਸਿਧਾਂਤ ਉੱਤੇ ਪੂਰੀ ਨਹੀਂ ਉਤਰਦੀ, ਇੱਥੇ ਇਸ ਪ੍ਰਸੰਗ ਦਾ ਮਤਲਬ ਇਹ ਹੈ ਕਿ ਇਹ ਕਾਵਿ ਰਚਨਾ ਜਨ-ਸਾਧਾਰਨ ਦੇ ਸਮਝ ਆਉਣ ਵਾਲੀ ਹੈ। ਬਹੁ-ਵਚਨੀ ਅਰਥਾਂ ਦੀ ਭਰਮਾਰ ਤੋਂ ਗੁਰੇਜ਼ ਕਰਦੀ ਹੋਈ ਵਿਵੇਕਮਈ ਢੰਗ ਨਾਲ ਆਪਣਾ ਪੱਖ ਬੜੀ ਖੁਬਸੂਰਤੀ ਨਾਲ ਪੇਸ਼ ਕਰਦੀ ਹੈ। *ਕਾਸ਼ ਮੈਂ ਕੁੱਤਾ ਹੁੰਦਾ* ਕਵਿਤਾ ਜਦੋਂ ਆਪਣੀ ਸੁਰ ਦੀ ਪੇਸ਼ਕਸ ਕਰਦੀ ਹੈ ਤਾਂ ਉਹ ਮਨੁੱਖ ਨਾਲੋਂ ਕੁੱਤਾ ਹੋਣਾ ਵਧੇਰੇ ਚੰਗਾ ਸਮਝਦੀ ਹੈ।

ਕਾਸ਼ ਮੈਂ ਕੁੱਤਾ ਹੁੰਦਾ

ਇੱਥੋਂ ਦਾ ਮੂਲ ਵਾਸੀ ਨਾ ਹੁੰਦਾ।[6]

ਇਹ ਅੱਤ ਦਰਜ਼ੇ ਦੀ ਭੇਦ-ਭਰੀ ਜ਼ਿੰਦਗੀ ਵਿੱਚੋਂ ਉਪਜਿਆ ਦੁੱਖ ਹੈ। ਇੱਥੇ ਕੁੱਤੇ ਸ਼ਬਦ ਦੀ ਨਿਸ਼ਾਨਦੇਹੀ ਆਮ ਸਮਝ ਵਿਚ ਆ ਜਾਂਦੀ ਹੈ ਕਿ ਲੇਖਕ ਮਨੁੱਖ ਨਾਲੋਂ ਕੁੱਤਾ ਬਨਣਾ ਲੋਚਦਾ ਹੈ, ਕੁੱਤਾ ਸ਼ਬਦ ਵਫ਼ਾਦਾਰੀ ਦਾ ਪ੍ਰਤੀਕ ਹੈ। ਲੇਖਕ ਦੀ ਮਨਸਾ ਦਾ ਅਸਲ ਕਾਰਨ ਭੇਦ ਭਰੀ ਜ਼ਿੰਦਗੀ ਨਾਲੋਂ ਇਕ ਕੁੱਤੇ ਦੀ ਜ਼ਿੰਦਗੀ ਹੀ ਚੰਗੀ ਹੈ ਜਿਸ ਨੂੰ ਲੋਕ ਪਿਆਰ ਤਾਂ ਕਰਦੇ ਹਨ ਇਸ ਪਿਆਰ ਦੀ ਪੇਸ਼ਕਸ਼ ਕਵਿਤਾ ਵਿਚ ਸ਼ਿਮਲੇ ਦੀ ਬਰਫ਼ ਅਤੇ ਕੁੜੀ ਦੁਆਰਾ ਕੁੱਤੇ ਨੂੰ ਪਿਆਰ ਕਰਨ ਵਿੱਚੋਂ ਝਲਕਦੀ ਹੈ। ਇਹ ਚਿੰਤਨ ਸਹਿਜ-ਸੂਝ ਦੇ ਬਹੁਤ ਨਜ਼ਦੀਕ ਹੈ, ਇਸ ਵਿਚ ਜਿਆਦਾ ਸੋਚਣ, ਤਰਕ ਕਰਨ ਦੀ ਲੋੜ ਮਹਿਸੂਸ ਨਹੀਂ ਹੁੰਦੀ। ਸੁਭਾਵਿਕ ਹੀ ਸਮੁੱਚਾ ਪ੍ਰਸੰਗ ਅਸਲ ਹੋਣੀ ਵੱਲ ਲੈ ਜਾਂਦਾ ਹੈ। ਇਹ ਇਸ ਦੀ ਵਿਗਿਆਨਕ ਵਿਆਖਿਆ ਨਹੀਂ ਹੈ ਇਹ ਕਵੀ ਦੇ ਅਨੁਭਵ ਦੀ ਖ਼ਿਆਲਾਂ ਦੀ ਉਡਾਰੀ ਹੈ ਜੋ ਸਹਿਜੇ ਹੀ ਸਮਾਜ ਦੇ ਦਲਿਤ ਵਰਗ ਦੇ ਵਿਸ਼ੇ ਨੂੰ ਪੇਸ਼ ਕਰਦੀ ਹੈ। ਇਸ ਕਰਕੇ ਰਚਨਾ ਵਸਤੂ ਵਿਚ ਪੇਸ਼ ਹੋਏ ਦਲਿਤ ਵਰਗ ਦੀ ਪੇਸ਼ਕਾਰੀ ਨੂੰ ਲੇਖਕ ਨੇ ਜਿਸ ਅੰਦਾਜ਼ ਵਿਚ ਪੇਸ਼ ਕੀਤਾ ਹੈ ਉਹ ਨਿਰਾ ਕਲਪਨਾਮਈ ਪ੍ਰਤੀਤ ਨਹੀਂ ਹੁੰਦਾ।

## ਹਵਾਲੇ ਅਤੇ ਟਿੱਪਣੀਆਂ


1. ਬਲਬੀਰ ਮਾਧੋਪੁਰੀ, *ਭਖਦਾ ਪਤਾਲ,* ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ-6, 1998, ਪੰਨਾ-13
2. ਉਹੀ, ਪੰਨਾ-43
3. ਡਾ. ਹਰਿਭਜਨ ਸਿੰਘ, ਸਾਹਿਤ ਸ਼ਾਸਤਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, 2021, ਪੰਨਾ-105
4. ਬਲਬੀਰ ਮਾਧੋਪੁਰੀ, *ਭਖਦਾ ਪਤਾਲ,* ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ-6, 1998, ਪੰਨਾ-42
5. ਡਾ. ਹਰਿਭਜਨ ਸਿੰਘ, ਸਾਹਿਤ ਸ਼ਾਸਤਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, 2021, ਪੰਨਾ-4
6. ਬਲਬੀਰ ਮਾਧੋਪੁਰੀ, *ਭਖਦਾ ਪਤਾਲ,* ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ-6, 1998, ਪੰਨਾ-46

# ਕਵੀਸ਼ਰੀ ਕਾਵਿ ਵਿਚ ਵਰਣਿਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਚਰਿੱਤਰ : ਇਕ ਅਧਿਐਨ

**(ਪ੍ਰਮੁੱਖ ਸਿੱਖ ਪ੍ਰਚਾਰਕ ਕਵੀਸ਼ਰਾਂ ਦੁਆਰਾ ਰਚਿਤ ਪ੍ਰਸੰਗਾਂ ਦੇ ਵਿਸ਼ੇਸ਼ ਸੰਦਰਭ ਵਿਚ)**

**ਪਰਮਿੰਦਰ ਸਿੰਘ,**

**ਪੀਐਚ.ਡੀ ਖੋਜਾਰਥੀ**

**ਗੁਰੂ ਨਾਨਕ ਅਧਿਐਨ ਵਿਭਾਗ,**

**ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।**

**ਮੋਬਾਇਲ +91- 62839-31520**

ਪੰਜਾਬੀ ਭਾਸ਼ਾ ਦੇ ਅੰਤਰਗਤ ਵੱਡੇ ਪੱਧਰ ਤੇ ਸਾਹਿਤ ਰਚਨਾ ਹੋਈ ਹੈ। ਸਿਖ ਧਰਮ ਦੀਆਂ ਵੱਖ-ਵੱਖ ਪ੍ਰਚਾਰ ਪਰੰਪਰਾਵਾਂ ਵਿਚ ਕਥਾ, ਕੀਰਤਨ ਅਤੇ ਢਾਡੀ ਪ੍ਰਚਾਰ ਪਰੰਪਰਾ ਤੋਂ ਇਲਾਵਾ ਕਵੀਸ਼ਰੀ ਕਲਾ ਵੀ ਗੁਰੂ ਕਾਲ ਤੋਂ ਸਿੱਖ ਵਿਰਾਸਤ ਦਾ ਅਹਿਮ ਹਿੱਸਾ ਰਹੀ ਹੈ। ਢਾਡੀਆਂ ਵਾਂਗ ਕਵੀਸ਼ਰ ਵੀ ਸਿੱਖ ਇਤਿਹਾਸ ਨੂੰ ਪ੍ਰਚਾਰਨ ਦੇ ਵੱਡੇ ਸਾਧਨ ਰਹੇ ਹਨ। ਪੰਜਾਬ ਵਾਸੀ ਸ਼ੁਰੂ ਤੋਂ ਹੀ ਹਮਲਾਵਰਾ ਦੀਆਂ ਸਖਤੀਆਂ ਝੱਲਦੇ ਆਏ ਹਨ। ਜਿਸ ਕਰਕੇ ਸੂਰਮਿਆਂ ਦੇ ਕਾਰਨਾਮੇ ਸੁਨਣੇ ਤੇ ਹੌਸਲੇ ਬੁਲੰਦ ਰੱਖਣੇ ਇਨ੍ਹਾਂ ਦੇ ਸੁਭਾਅ ਦਾ ਹਿੱਸਾ ਰਿਹਾ। ਪ੍ਰਮੁੱਖ ਪ੍ਰਚਾਰਕ ਕਵੀਸ਼ਰਾਂ ਨੇ ਸਿੱਖ ਇਤਿਹਾਸ ਨਾਲ ਸੰਬੰਧਿਤ ਪ੍ਰਸੰਗਾਂ ਦੀ ਰਚਨਾ ਕਰਕੇ ਸਿੱਖ ਫਲਸਫ਼ੇ ਦੇ ਪ੍ਰਚਾਰ ਵਿਚ ਅਹਿਮ ਯੋਗਦਾਨ ਪਾਇਆ ਹੈ। ਪੰਜਾਬੀ ਜਨ ਸਮੂਹ ਵਿਚ ਕਵੀਸ਼ਰਾਂ ਨੂੰ ਕਾਫੀ ਲੋਕਪ੍ਰਿਯਤਾ ਹਾਸਲ ਹੋਈ ਹੈ। ਜਿਸ ਦਾ ਅੰਦਾਜ਼ਾ ਲੱਖਾਂ ਦੀ ਗਿਣਤੀ ਵਿਚ ਪ੍ਰਚਾਰਕ ਕਵੀਸ਼ਰੀ ਦੀਆਂ ਲਿਖਤਾਂ ਤੇ ਕੈਸਟਾਂ ਦੇ ਵਿਕਣ ਤੋਂ ਪਤਾ ਲੱਗਦਾ ਹੈ। ਸਿੱਖ ਪ੍ਰਚਾਰਕ ਕਵੀਸ਼ਰਾਂ ਦਾ ਮੰਨਣਾ ਹੈ ਕਿ ਕਵੀਸ਼ਰੀ ਨੂੰ ਸਰਪ੍ਰਸਤੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਾਉਂਟਾ ਸਾਹਿਬ ਵਿਖੇ ਦਿੱਤੀ ਸੀ। ਗੁਰੂ ਜੀ ਨੂੰ ਕਵੀਸ਼ਰਾਂ ਤੇ ਪੰਡਤਾਂ ਨੂੰ ਪਾਸ ਰੱਖਕੇ ਵਿਦਯਾ ਦੇ ਪ੍ਰਚਾਰ ਕਰਨ ਦਾ ਬਹੁਤ ਪ੍ਰੇਮ ਸੀ। ਤਾਂ ਹੀ ਅਨੇਕ ਕਵੀਸ਼ਰਾਂ ਤੋਂ ਕਵੀਸ਼ਰੀ ਕਰਵਾਉਦੇ ਤੇ ਆਪ ਕਰਦੇ ਰਹਿੰਦੇ ਸਨ।

ਸਿੱਖ ਪ੍ਰਚਾਰਕ ਕਵੀਸ਼ਰਾਂ ਨੇ ਸਿੱਖ ਧਰਮ, ਸਾਹਿਤ ਅਤੇ ਸਦਾਚਾਰ ਦੇ ਪ੍ਰਚਾਰ ਲਈ ਮਹੱਤਵਪੂਰਨ ਰੋਲ ਨਿਭਾਇਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਪਉਂਟਾ ਸਾਹਿਬ ਨਿਵਾਸ ਦੌਰਾਨ ਆਪਣੇ 52 ਦਰਬਾਰੀ ਕਵੀਆਂ ਵਿਚੋਂ ਭਾਈ ਚੰਦਨ, ਭਾਈ ਨਰਗਿਸ, ਭਾਈ ਧੰਨਾਂ ਜੀ ਤੋਂ ਕਵਿਤਾ ਨੂੰ ਕਵੀਸ਼ਰੀ ਰੂਪ ਵਿਚ ਸੁਣਿਆਂ। ਸੰਭਵ ਹੈ ਕਿ ਗੁਰੂ ਸਾਹਿਬ ਦੀ ਪ੍ਰੇਰਨਾ ਨਾਲ ਕੁਝ ਕਵੀਆਂ ਨੇ ਬਿਨਾਂ ਸਾਜ ਤੋਂ ਇਨ੍ਹਾਂ ਕਵਿਤਾਵਾਂ ਨੂੰ ਗਾ ਕੇ ਜਸ ਖੱਟਿਆ ਹੋਵੇਗਾ। ਕਿਸੇ ਵੀ ਕਵੀਸ਼ਰ ਦੀ ਲੋਕਪ੍ਰਿਯਤਾ ਦਾ ਸਬੂਤ ਉਸ ਦੀ ਰਚਨਾ ਦਾ ਲੋਕਾਂ ਦੇ ਮੂੰਹ ਤੇ ਚੜ੍ਹਨਾ ਹੁੰਦਾ ਹੈ। ਸਿੱਖ ਪ੍ਰਚਾਰਕ ਕਵੀਸ਼ਰਾਂ ਦੀ ਇਹ ਖੂਬੀ ਰਹੀ ਹੈ ਕਿ ਇਹ ਇਕੋ ਵਕਤ ਪ੍ਰਚਾਰਕ, ਲੇਖਕ, ਗਵੱਈਏ, ਉਸਤਾਦ ਅਤੇ ਕਵੀਸ਼ਰੀ ਪਰੰਪਰਾ ਵਾਹਕ ਰਹੇ ਹਨ। ਗੁਰੂ ਗੋਬਿੰਦ ਸਿੰਘ ਜੀ ਸਰੀਰਕ ਜਾਮੇਂ ਵਿਚ ਸਿੱਖਾਂ ਦੇ ਦਸਮ ਤੇ ਅੰਤਿਮ ਗੁਰੂ ਹੋਏ। ਆਪ ਬਹੁਤ ਸਾਹਸੀ ਅਤੇ ਦ੍ਰਿੜ ਇਰਾਦੇ ਦੀ ਤਬੀਅਤ ਦੇ ਸੁਆਮੀ ਬਣ ਵਿਚਰੇ। ਗੁਰੂ ਸਾਹਿਬ ਆਪਣੇ ਜੀਵਨ ਵਿਚ ਆਈਆਂ ਅਤਿ ਮੁਸ਼ਕਿਲ ਘੜੀਆਂ ਵਿਚ ਵੀ ਨਾ ਘਬਰਾਏ ਅਤੇ ਇਹੀ ਗੁਣ ਖਾਲਸੇ ਵਿਚ ਭਰਿਆ ਅਤੇ ਖਾਲਸੇ ਨੂੰ ਹਰ ਪੱਖ ਤੋਂ ਨਿਪੁੰਨਤਾ ਪ੍ਰਦਾਨ ਕੀਤੀ। ਸਿੱਖ ਪੰਥ ਦੀ ਸਥਾਪਤੀ ਤੇ ਸਲਾਮਤੀ ਲਈ ਗੁਰੂ ਜੀ ਨੇ ਆਪਣਾ ਸਰਬੰਸ ਸ਼ਹੀਦ ਕਰਵਾ ਦਿੱਤਾ। ਆਪ ਨੂੰ

ਕਿਸੇ ਵੀ ਸੰਸਾਰਕ ਵਸਤੂ ਪ੍ਰਤੀ ਕੋਈ ਲਾਲਚ ਨਹੀਂ ਸੀ। ਧਰਮ ਨੂੰ ਚਲਾਉਣਾ, ਸੰਤਾਂ ਨੂੰ ਉਬਾਰਨਾ ਅਤੇ ਦੁਸ਼ਟਾਂ ਦਾ ਸੰਘਾਰ ਕਰਨਾ ਆਪਦੇ ਜੀਵਨ ਦਾ ਪਰਮ ਉਦੇਸ਼ ਰਿਹਾ ਅਤੇ ਇਸੇ ਉਦੇਸ਼ ਦੀ ਪ੍ਰਾਪਤੀ ਲਈ ਆਪ ਨੇ ਅਕਾਲਪੁਰਖ ਤੋਂ ਵਰਦਾਨ ਵਿਚ ਸੱਚ ਦੀ ਸਥਾਪਤੀ ਲਈ ਜੂਝ ਮਰਨ ਦਾ ਵਰ ਮੰਗਿਆ। ਆਪ ਕਲਮ ਤੇ ਤਲਵਾਰ ਦੋਹਾਂ ਦੇ ਧਨੀ ਸਨ। ਆਪ ਦੀ ਕਲਮ ਤੋਂ ਜਾਪੁ ਸਾਹਿਬ, ਅਕਾਲ ਉਸਤਤਿ, ਜ਼ਫਰਨਾਮਾ, ਚੰਡੀ ਦੀ ਵਾਰ, ਬਚਿਤਰ ਨਾਟਕ, ਤੇਤੀ ਸਵੱਯੇ, ਲਿਖੇ ਮਿਲਦੇ ਹਨ।

ਆਪ ਖੁਦ ਮਹਾਨ ਕਵੀ ਤੇ ਸਾਹਿਤਕਾਰ ਹੋਣ ਦੇ ਨਾਲ-ਨਾਲ ਕਵੀਆਂ, ਕਵੀਸ਼ਰਾਂ, ਵਿਦਵਾਨਾਂ ਦੇ ਕਦਰਦਾਨ ਸਨ। ਮਹਾਨ ਸਾਹਿਤ ਰਸੀਏ ਤੇ ਉੱਚ ਕੋਟੀ ਦੇ ਕਵੀ ਆਪਦੇ ਦਰਬਾਰ ਦਾ ਸ਼ਿੰਗਾਰ ਸਨ। ਗੁਰੂ ਜੀ ਨੇ ਪਉਂਟਾ ਸਾਹਿਬ ਵਿਖੇ ਕਵੀਆਂ ਕਵੀਸ਼ਰਾਂ ਪਾਸੋਂ ਕਵੀਸ਼ਰੀ ਨੂੰ ਗਾਇਨ ਰੂਪ ਵਿਚ ਸੁਣਿਆ ਅਤੇ ਆਪਣੀ ਦੇਖ ਰੇਖ ਹੇਠ ਕਵੀਸ਼ਰੀ ਮੁਕਾਬਲੇ ਕਰਵਾਏ। ਕਵੀਸ਼ਰੀ ਦੀ ਸਰਪ੍ਰਸਤੀ ਵਿਚ ਗੁਰੂ ਸਾਹਿਬ ਦਾ ਅਹਿਮ ਯੋਗਦਾਨ ਹੈ। 1469 ਤੋਂ 1708 ਈ. ਤੱਕ ਸਮੁੱਚੇ ਗੁਰੂ ਕਾਲ ਦੌਰਾਨ ਗੁਰੂ ਸਾਹਿਬਾਨ ਦੀਆਂ ਸਿਖਿਆਵਾਂ ਨੇ ਵਿਸ਼ਵ ਪੱਧਰ ਤੇ ਵਿਲੱਖਣ, ਨਿਆਰੇ ਅਤੇ ਮੌਲਿਕ ਵਿਚਾਰਾਂ ਵਾਲੇ ਧਰਮ ਦੀ ਸਥਾਪਤੀ ਕੀਤੀ। ਇਸੇ ਲੜੀ ਤਹਿਤ ਪੰਥ ਨੂੰ ਮੁਕੰਮਲਤਾ ਪ੍ਰਦਾਨ ਕਰਦਿਆਂ 1699 ਈ. ਦੀ ਵਿਸਾਖੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕਰਕੇ ਇਸਨੂੰ ਭਰਮ ਭੇਖ ਤੋਂ ਨਿਆਰਾ ਬਣਾ ਦਿੱਤਾ। ਇਸੇ ਖਾਲਸੇ ਪ੍ਰਤੀ ਗੁਰੂ ਸਾਹਿਬ ਦੀ ਪਹੁੰਚ ਦ੍ਰਿਸ਼ਟੀ ਨੂੰ ਗੁਰੂ ਸਾਹਿਬ ਦਾ ਦਰਬਾਰੀ ਕਵੀ ਸੈਨਾਪਤਿ ਇਸ ਪ੍ਰਕਾਰ ਬਿਆਨਦਾ ਹੈ।

**ਦੋਹਰਾ**

ਖਾਲਸਾ ਮੇਰੋ ਰੂਪ ਹੈ ਹਉਂ ਖਾਲਸ ਕੇ ਪਾਸਿ।
ਆਦਿ ਅੰਤ ਹੀ ਹੋਤ ਖਾਲਸ ਮੈ ਪ੍ਰਗਾਸ।੪੨।।

**ਲੋਟਨ ਛੰਦ**

ਖਾਲਸ ਖਾਸ ਕਹਾਵੈ ਸੋਈ ਜਾ ਕੈ ਹਿਰਦੈ ਭਰਮ ਨ ਹੋਈ।
ਭਰਮ ਭੇਖ ਤੇ ਰਹੈ ਨਿਆਰਾ ਸੋ ਖਾਲਸ ਸਤਿਗੁਰੂ ਹਮਾਰਾ।[1]

ਗੁਰੂ ਗੋਬਿੰਦ ਸਿੰਘ ਜੀ ਨੇ 41 ਸਾਲ, 9 ਮਹੀਨੇ, 15 ਦਿਨ ਦੀ ਸੰਸਾਰਕ ਯਾਤਰਾ ਦੌਰਾਨ ਕਈ ਮਹਾਨ ਕਾਰਜ ਕੀਤੇ। ਉਨ੍ਹਾਂ ਤੋਂ ਸਾਰੇ ਕਵੀਸ਼ਰ (ਕਵੀਰਾਜ) ਬੇਹੱਦ ਪ੍ਰਭਾਵਿਤ ਹੋਏ ਹਨ। ਅਨੇਕਾਂ ਹੀ ਕਵੀਸ਼ਰਾਂ, ਕਵੀਆਂ, ਢਾਡੀਆਂ ਦੀ ਕਲਮ ਨੇ ਆਪ ਮੁਹਾਰੇ ਦਸਮੇਸ਼ ਪਿਤਾ ਸਰਬੰਸਦਾਨੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਹਨ। ਕਵੀਸ਼ਰੀ ਕਾਵਿ ਵਿਚ ਗੁਰ ਇਤਿਹਾਸ ਤੋਂ ਲੈ ਕੇ ਕੌਮੀ ਇਤਿਹਾਸ ਤੱਕ ਦੇ ਇਤਿਹਾਸ ਨਾਲ ਸੰਬੰਧਿਤ ਸਿੱਖ ਪ੍ਰਚਾਰਕ ਕਵੀਸ਼ਰਾਂ ਨੇ ਪ੍ਰਮੁੱਖ ਤੇ ਪ੍ਰਸਿੱਧ ਘਟਨਾਵਾਂ ਨੂੰ ਆਧਾਰ ਬਣਾ ਕੇ ਪ੍ਰਸੰਗ ਸਿਰਜਣਾ ਕੀਤੀ ਹੈ। ਕਵੀਸ਼ਰੀ ਕਾਵਿ ਵਿਚ ਗੁਰੂ ਗੋਬਿੰਦ ਸਿੰਘ ਜੀ ਅਜਿਹੀ ਸਖਸ਼ੀਅਤ ਹਨ ਜਿੰਨ੍ਹਾਂ ਨਾਲ ਸੰਬੰਧਿਤ ਸਭ ਤੋਂ ਵਧੀਕ ਮਾਤਰਾ ਵਿਚ ਪ੍ਰਸੰਗ ਸਿਰਜਣਾ ਹੋਈ ਮਿਲਦੀ ਹੈ। ਲਗਭਗ ਸਾਰੇ ਕਵੀਸ਼ਰਾਂ ਨੇ ਚਮਕੌਰ ਸਾਹਿਬ ਦੀ ਜੰਗ ਅਤੇ ਸਾਕਾ ਸਰਹੰਦ ਨਾਲ ਸੰਬੰਧਿਤ ਇਤਿਹਾਸਿਕ ਸਾਕਿਆਂ ਨੂੰ ਕਾਵਿਕ ਅਭਿਵਿਅੰਜਨਾ ਪ੍ਰਦਾਨ ਕੀਤੀ ਹੈ। ਕਵੀਸ਼ਰਾਂ ਨੇ ਇਨ੍ਹਾਂ ਸਾਕਿਆਂ ਤੇ ਪ੍ਰਸੰਗਾਂ ਗਾਇਨ ਤੇ ਵਿਖਿਆਨ ਕਰਦੇ ਵਕਤ ਗੁਰੂ ਸਾਹਿਬ ਦੇ ਬੁਲੰਦ ਹੌਸਲੇ, ਸਮੁੱਚੇ ਜੀਵਨ ਦੀਆਂ ਘਟਨਾਵਾਂ ਦੀ ਪੇਸ਼ਕਾਰੀ ਕਰਕੇ ਗੁਰੂ ਸਾਹਿਬ ਦੇ ਜੀਵਨ ਚਰਿੱਤਰ

ਨੂੰ ਬਾਖੂਬੀ ਤਰੀਕੇ ਨਾਲ ਉਭਾਰਿਆ ਹੈ। ਸਾਕਾ ਸਰਹੰਦ ਤਹਿਤ ਸਾਹਿਬਜ਼ਾਦਿਆਂ ਤੇ ਮਾਤਾ ਜੀ ਦੀ ਸ਼ਹਾਦਤ ਨੂੰ ਬੜੇ ਕਰੁਣਾਮਈ ਤੇ ਕਲਾਤਮਿਕ ਢੰਗ ਨਾਲ ਪੇਸ਼ ਕੀਤਾ ਹੈ। ਕਵੀਸ਼ਰ ਕਰਤਾਰ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਬਾਬਤ ਲਿਖਦਾ ਹੈ।

ਬੀਰ ਰਸ ਮੁਰਦਿਆਂ ਦਿਲਾਂ ਚੋਂ ਰੌਂ ਗਿਆ।
ਕਾਇਰਤਾ ਕੰਜੂਸਣੀ ਦਾ ਖੂਨ ਸੌਂ ਗਿਆ।
ਕਰਤਾਰ ਸਿੰਘਾ ਫੁੱਲ ਕਿਰਨ ਅਕਾਸ਼ ਤੋਂ।
ਦਸਮੇਂ ਗੁਰਾਂ ਦੇ ਹੋਏ ਪ੍ਰਕਾਸ਼ ਤੋਂ।[2]

ਇਸ ਤੋਂ ਇਲਾਵਾ ਦਸਮੇਸ਼ ਪਿਤਾ ਦੀ ਮਹਿਮਾ ਵਿਚ ਕਬਿਤ ਛੰਦ ਵਿਚ ਜੀਵਨ ਚਰਿੱਤਰ ਨੂੰ ਬਾਖੂਬੀ ਬਿਆਨ ਕਰਦਾ ਹੈ।

ਮੁਗਲ ਖਪਾਉਂਦਾ ਕੌਣ ਪਿਤਾ ਦਸਮੇਸ਼ ਬਿਨਾ, ਪਿਤਾ ਦਸਮੇਸ਼ ਬਿਨਾ ਦੁੱਖਾਂ ਤੋਂ ਬਚਾਉਂਦਾ ਕੌਣ।
ਰੋਂਦਿਆਂ ਨੂੰ ਵਰਾਉਂਦਾ ਕੌਣ ਪਿਤਾ ਦਸਮੇਸ਼ ਬਿਨਾ, ਪਿਤਾ ਦਸਮੇਸ਼ ਬਿਨਾ ਇੱਜਤਾਂ ਬਚਾਉਂਦਾ ਕੌਣ।
ਪੁੱਤ ਮਰਵਾਉਂਦਾ ਕੌਣ ਪਿਤਾ ਦਸਮੇਸ਼ ਬਿਨਾ, ਪਿਤਾ ਦਸਮੇਸ਼ ਬਿਨਾ ਸ਼ੁਕਰ ਮਨਾਉਂਦਾ ਕੌਣ।
ਸਾਰਾ ਬੰਸ ਲਾਉਂਦਾ ਕੌਣ ਪਿਤਾ ਦਸਮੇਸ਼ ਬਿਨਾ, ਪਿਤਾ ਦਸਮੇਸ਼ ਬਿਨਾ ਨੀਂਹਾਂ 'ਚ ਚਿਣਾਉਂਦਾ ਕੌਣ।[3]

ਕਵੀਸ਼ਰੀ ਕਾਵਿ ਵਿਚ ਦਸਮੇਸ਼ ਪਿਤਾ ਦੇ ਆਗਮਨ ਦੇ ਪ੍ਰਸੰਗ ਤੋਂ ਇਲਾਵਾ, ਪਟਨੇ ਵਿਚ ਕੀਤੇ ਬਾਲ ਅਵਸਥਾ ਦੇ ਚੋਜ ਅਤੇ ਉਸ ਵਕਤ ਦੇ ਸਮਕਾਲੀ ਗੁਰਸਿੱਖਾਂ ਨਾਲ ਸੰਬੰਧਿਤ ਕਵੀਸ਼ਰੀ ਪ੍ਰਸੰਗ ਰਚੇ ਮਿਲਦੇ ਹਨ। ਜਿਵੇਂ ਕਲਗੀਧਰ ਦੇ ਬਾਲ ਚੋਜ, ਭੀਖਨ ਸ਼ਾਹ ਫਕੀਰ, ਪੰਡਤ ਸ਼ਿਵਦੱਤ, ਰਾਜਾ ਫਤਿਹਚੰਦ ਰਾਣੀ ਮੈਣੀ, ਪ੍ਰਸੰਗ ਜਗਤਾ ਸੇਠ, ਇਤਿਆਦਿ।

**ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ :** ਜਦ ਬਾਲ ਗੋਬਿੰਦ ਰਾਇ ਗੁਰੂ ਪਿਤਾ ਦੀ ਆਗਿਆ ਨਾਲ ਪਟਨੇ ਤੋਂ ਅਨੰਦਪੁਰ ਸਾਹਿਬ ਆਏ ਉਸ ਤੋਂ ਥੋੜ੍ਹੇ ਸਮੇਂ ਬਾਅਦ ਹੀ ਔਰੰਗਜ਼ੇਬ ਦੇ ਜ਼ੁਲਮਾਂ ਦੇ ਸਤਾਏ ਹੋਏ ਹਿੰਦੂ ਪੰਡਿਤ ਅਨੰਦਪੁਰ ਸਾਹਿਬ ਆਏ। ਔਰੰਗਜ਼ੇਬ ਦੁਆਰਾ ਜਬਰੀ ਮੁਸਲਮਾਨ ਬਣਾਏ ਜਾਣ ਦੀ ਦਾਸਤਾਨ ਦੱਸੀ। ਨੌਵੇਂ ਪਾਤਸ਼ਾਹ ਜੀ ਨੇ ਸਾਰਾ ਸਮਾਂ ਸਥਿਤੀ ਵਿਚਾਰ ਕੇ ਕਿਹਾ ਕਿ ਇਸ ਜ਼ੁਲਮ ਨੂੰ ਰੋਕਣ ਲਈ ਕਿਸੇ ਮਹਾਨ ਸਖਸ਼ੀਅਤ ਦੀ ਸ਼ਹਾਦਤ ਦੀ ਲੋੜ ਹੈ। ਤਦ ਪਾਸ ਬੈਠੇ ਬਾਲ ਗੋਬਿੰਦ ਰਾਇ ਜੀ ਨੇ ਆਖਿਆ ਕਿ ਆਪ ਜੀ ਤੋਂ ਇਲਾਵਾ ਸਤਿ ਪੁਰਖ ਧਰਮਾਤਮਾ ਹੋਰ ਕੌਣ ਹੋ ਸਕਦਾ ਹੈ? ਜੋ ਇਨ੍ਹਾਂ ਦੀ ਖਤਮ ਹੋ ਰਹੀ ਹੋਂਦ ਹਸਤੀ ਨੂੰ ਬਚਾ ਸਕੇ। ਤਦ ਗੁਰੂ ਸਾਹਿਬ ਨੇ ਪੰਜ ਸਿੱਖਾਂ ਸਮੇਤ ਦਿੱਲੀ ਨੂੰ ਜਾਣ ਦੀ ਤਿਆਰੀ ਕੀਤੀ।

**ਕਸੂਰੀ ਛੰਦ**

ਨੌਵੇਂ ਗੁਰਾਂ ਨੇ ਦੀਵਾਨ ਕੀਤਾ ਜਾਂਦੀ ਵਾਰੀ ਸੀ।
ਦੱਸੀ ਖੋਲ ਕੇ ਸੰਗਤ ਵਿਚ ਗੱਲ ਸਾਰੀ ਸੀ।
ਨੀਤੀ ਰੱਖ ਲਈ ਹੈ ਔਰੰਗੇ ਹਿੰਦ ਨੂੰ ਮੁਕਾਉਣ ਲਈ।
ਅਸੀ ਚੱਲੇ ਹਾਂ ਧਰਮ ਹਿਤ ਸੀਸ ਲਾਉਣ ਲਈ।[4]

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਵਿਚ ਗੁਰੂ ਪਿਤਾ ਦੀ ਸ਼ਹਾਦਤ ਨੂੰ ਮਹਾਨ ਸਾਕਾ ਕਹਿ ਕੇ ਯਾਦ ਕੀਤਾ ਹੈ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨਾਲ ਵਿਸ਼ਵ ਇਤਿਹਾਸ ਵਿਚ ਇਹ ਮਿਸਾਲ ਪੈਦਾ ਹੋਈ ਕਿ ਕੇਵਲ ਆਪਣੇ ਸੱਚ ਲਈ ਹੀ ਨਹੀਂ ਸਗੋਂ ਦੂਜੇ ਦੇ ਸੱਚ ਲਈ ਵੀ ਜਿੰਦਗੀ ਮੌਤ ਨੂੰ ਇਕ ਸਮਝਣਾ ਸੱਚੀ ਸ਼ਹਾਦਤ ਹੈ। ਪ੍ਰਮੁੱਖ ਸਿੱਖ ਪ੍ਰਚਾਰਕ ਕਵੀਸ਼ਰਾਂ ਦੀ ਜੇਕਰ ਗੱਲ ਕਰੀਏ ਤਾਂ ਜੋਗਾ ਸਿੰਘ ਜੋਗੀ, ਜਰਨੈਲ ਸਿੰਘ ਸਭਰਾ, ਮੋਹਨ ਸਿੰਘ ਘਰਿਆਲਾ, ਦਲਬੀਰ ਸਿੰਘ ਯੂਕੇ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਪ੍ਰੇਮ ਸਹਿਤ ਗਾਵਿਆ ਅਤੇ ਖਾਲਸੇ ਦੀ ਸਾਜਨਾ ਵਿਚ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਅਹਿਮ ਕਾਰਨ ਮੰਨਿਆ ਹੈ। ਬਾਲ ਗੋਬਿੰਦ ਰਾਇ ਗੁਰੂ ਪਿਤਾ ਜੀ ਦੀ ਸ਼ਹਾਦਤ ਸਮੇਂ ਕੇਵਲ 9 ਸਾਲ ਦੀ ਉਮਰ ਵਿਚ ਗੁਰਤਾਗੱਦੀ ਤੇ ਬਿਰਾਜੇ। ਉਸ ਵਕਤ ਉਨ੍ਹਾਂ ਨੇ ਸਿੱਖਾਂ ਨੂੰ ਵੱਖਰੀ ਪਛਾਣ ਅਤੇ ਖਾਲਸੇ ਪੰਥ ਦੀ ਸਾਜਨਾ ਦਾ ਇਕਰਾਰ ਕੀਤਾ। ਜੋ ਉਨ੍ਹਾਂ ਨੇ 1699 ਈ. ਦੀ ਵਿਸਾਖੀ ਵਾਲੇ ਦਿਨ ਪੂਰਾ ਕੀਤਾ। ਕਵੀਸ਼ਰ ਜਰਨੈਲ ਸਿੰਘ ਸਭਰਾ ਨੇ ਲਿਖਿਆ ਹੈ।

**ਕੋਰੜਾ ਛੰਦ**

ਜੋਸ਼ ਵਿਚ ਆ ਕੇ ਬੋਲੇ ਦਸਮੇਸ਼ ਜੀ,
ਦਸਦੇ ਭਵਿੱਖ ਗੁਰੂ ਦਰਵੇਸ਼ ਜੀ,
ਸਿੱਖ ਦੀ ਪਹਿਚਾਣ ਵੱਖਰੀ ਬਣਾਵਾਂਗਾ,
ਜੱਗ ਤੋਂ ਨਿਆਰਾ ਖਾਲਸਾ ਸਜਾਵਾਂਗਾ।[5]

**ਜੰਗ ਭੰਗਾਣੀ** : ਭੰਗਾਣੀ ਦਾ ਯੁੱਧ ਗੁਰੂ ਜੀ ਵਲੋਂ ਲੜਿਆ ਗਿਆ ਪਹਿਲਾ ਯੁੱਧ ਹੈ। ਜਿਸਦਾ ਕਾਰਨ ਭੀਮ ਚੰਦ ਕਹਿਲੂਰੀਆ, ਫਤੇਸ਼ਾਹ ਗੜਵਾਲ ਤੇ ਹਰੀ ਚੰਦ ਹੰਡੂਰੀਆ ਦਾ ਗੁਰੂ ਘਰ ਨਾਲ ਬਿਨਾ ਕਿਸੇ ਕਾਰਨ ਈਰਖਾ ਕਰਨਾ ਸੀ। ਕਿਉਂਕਿ ਗੁਰੂ ਸਾਹਿਬ ਦੇ ਦਰਬਾਰ ਵਿਚ ਬਿਨਾ ਕਿਸੇ ਜਾਤ ਪਾਤ ਦੇ ਸਭ ਨੂੰ ਮਾਨ ਸਨਮਾਨ ਅਤੇ ਬਰਾਬਰਤਾ ਦਾ ਅਧਿਕਾਰ ਮਿਲਦਾ ਸੀ। ਪਹਾੜੀ ਰਾਜੇ ਜਿੰਨ੍ਹਾਂ ਲੋਕਾਂ ਨੂੰ ਨੀਚ ਸਮਝਦੇ ਸਨ। ਉਹੀ ਗੁਰੂ ਘਰ ਆ ਕੇ ਮਾਣ ਪਾਉਂਦੇ ਸਨ। ਦੂਸਰਾ ਗੁਰੂ ਸਾਹਿਬ ਦੁਆਰਾ ਧਾਰਨ ਕੀਤੇ ਰਾਜਸੀ ਚਿੰਨ੍ਹ ਵੀ ਉਨ੍ਹਾਂ ਦੀਆਂ ਅੱਖਾਂ ਵਿਚ ਰੜਕਦੇ ਸਨ। ਗੁਰੂ ਜੀ ਵਲੋਂ ਰਾਜਾ ਫਤੇਸ਼ਾਹ ਦੀ ਲੜਕੀ ਦੀ ਸ਼ਾਦੀ ਵੇਲੇ ਭੇਜੀਆਂ ਸੌਗਾਤਾਂ ਤੋ ਰਾਜਾ ਭੀਮਚੰਦ ਨਾਖੁਸ਼ ਸੀ। ਗੁਰੂ ਦਰਬਾਰ ਵਿਚ ਪ੍ਰਸਾਦੀ ਹਾਥੀ ਅਤੇ ਹੋਰ ਭੇਟ ਹੋਈਆਂ ਕੀਮਤੀ ਭੇਟਾਵਾਂ ਉੱਪਰ ਉਹ ਆਪਣਾ ਅਧਿਕਾਰ ਸਮਝਦਾ ਸੀ। ਇਨ੍ਹਾਂ ਕਾਰਨਾਂ ਕਰਕੇ ਉਸਨੇ ਪਹਾੜੀ ਰਾਜਿਆਂ ਨਾਲ ਰਲਕੇ ਗੁਰੂ ਸਾਹਿਬ ਵਿਰੁੱਧ ਲੜਨ ਲਈ ਆ ਮੈਦਾਨ ਮੱਲਿਆ। ਇਸ ਜੰਗ ਵਿਚ ਗੁਰੂ ਜੀ ਦੀ ਭੂਆ ਦੇ ਪੰਜ ਪੁੱਤਰਾਂ, ਮਾਮਾ ਕ੍ਰਿਪਾਲ ਚੰਦ, ਕ੍ਰਿਪਾਲ ਦਾਸ ਉਦਾਸੀ ਅਤੇ ਗੁਰਸਿੱਖਾਂ ਨੇ ਗੁਰੂ ਜੀ ਦੇ ਤਰਫੋਂ ਜੰਗ ਕੀਤਾ। ਇਸ ਯੁੱਧ ਦਾ ਬਿਰਤਾਂਤ ਗੁਰੂ ਜੀ ਨੇ ਬਚਿਤਰ ਨਾਟਕ ਦੇ ਅੱਠਵੇ ਅਧਿਆਇ ਵਿਚ ਦਰਜ ਕੀਤਾ ਹੈ।

ਹਰੀ ਚੰਦ ਮਾਰੇ। ਸੁ ਯੋਧਾ ਲਤਾਰੇ। ਰਣੰ ਤਿਆਗ ਭਾਗੇ। ਸਬੈ ਤ੍ਰਾਸ ਪਾਗੇ।
ਭਈ ਜੀਤ ਮੇਰੀ। ਕ੍ਰਿਪਾ ਕਾਲ ਤੇਰੀ।੩੪।[6]

ਹਰੀ ਚੰਦ ਹੰਡੂਰੀਆ ਜੋ ਇੱਕ ਪ੍ਰਸਿੱਧ ਤੀਰ ਅੰਦਾਜ਼ ਸੀ। ਗੁਰੂ ਸਾਹਿਬ ਹੱਥੋਂ ਇਸ ਜੰਗ ਵਿਚ ਮਾਰਿਆ ਗਿਆ।

**ਦਵੱਈਆ**

ਬਾਈਧਾਰ ਦੇ ਰਾਜੇ ਜਿਸਦਮ, ਆਏ ਮਾਰ ਦੇ ਥੱਲੇ।
ਸਤਿ ਸ੍ਰੀ ਅਕਾਲ ਗਜਾਉਂਦੇ, ਤੀਰ ਸਿੱਖਾਂ ਦੇ ਚੱਲੇ।
ਜਿਮੀਂ ਉੱਤੇ ਢਾਇਆਂ ਦੇ ਢਾਣੇ, ਡਿੱਗ ਪਏ ਪਹਿਲੀ ਵੇਰਾਂ।
ਪਹਿਲੇ ਹੱਲੇ ਚਣੇ ਚਬਾਤੇ ਕਲਗੀਧਰ ਦਿਆਂ ਸ਼ੇਰਾਂ।[7]

ਇਸ ਜੰਗ ਵਿਚ ਪੀਰ ਬੁੱਧੂ ਸ਼ਾਹ ਨੇ ਵੀ ਆਪਣੇ ਪੁੱਤਰਾਂ ਤੇ ਮੁਰੀਦਾਂ ਸਮੇਤ ਸ਼ਮੂਲੀਅਤ ਕੀਤੀ। ਪਹਾੜੀ ਫੌਜਾਂ ਨਾਲ ਯੁੱਧ ਕਰਦਿਆਂ ਪੀਰ ਜੀ ਦੇ ਦੋ ਪੁੱਤਰਾਂ ਨੇ ਸ਼ਹਾਦਤ ਦਾ ਜਾਮ ਪੀਤਾ। ਗੁਰੂ ਜੀ ਨੇ ਜਦ ਕੁਝ ਮੰਗਣ ਲਈ ਕਿਹਾ ਤਦ ਪੀਰ ਜੀ ਨੇ ਗੁਰੂ ਜੀ ਪਾਸੋਂ ਕੇਸਾਂ ਸਮੇਤ ਕੰਘੇ ਦੀ ਅਮੋਲਕ ਦਾਤ ਮੰਗੀ।

ਔਖੀ ਵੇਲੇ ਯਾਰ ਉਹ ਜਿਹੜਾ ਕੰਮ ਆਵੇ।
ਮਰਦ ਹੁੰਦਾ ਜੋ ਆਖ ਕੇ ਗਲ ਤੋੜ ਨਿਭਾਵੇ।
ਆਪ ਤੇ ਪੂਰਾ ਪਰਖ ਵਿਚ ਸਾਨੂੰ ਅਜ਼ਮਾਵੋ।
ਜੋ ਵੀ ਚਾਹੁੰਦੇ ਪੀਰ ਜੀ ਮੁਖੋ ਫੁਰਮਾਵੋਂ।[8]

**ਦੋਤਾਰਾ**

ਆਪਣੇ ਕਰ ਕਮਲਾਂ ਨਾ ਮੈਨੂੰ ਦੇ ਦਿਉ ਪਿਆਰ ਨਿਸ਼ਾਨੀ।
ਮੈ ਸਫਲੀ ਸਮਝਾਂਗਾ ਆਪਣੇ ਬੱਚਿਆਂ ਦੀ ਜ਼ਿੰਦਗਾਨੀ।
ਇਹ ਭਰਿਆ ਕੇਸਾਂ ਦਾ ਕੰਘਾ ਹੱਥਾਂ ਉੱਪਰ ਧਰਦੇ।
ਕੰਘਾ ਸਣ ਕੇਸਾਂ ਦੇ ਮੈਨੂੰ ਦਾਤਾ ਬਖਸ਼ਿਸ਼ ਕਰਦੇ।[9]

ਪਹਾੜੀ ਰਾਜੇ ਜੰਗ ਹਾਰਨ ਤੋਂ ਬਾਅਦ ਵੀ ਗੁਰੂ ਜੀ ਵੱਲ ਦੋਸਤੀ ਦਾ ਹੱਥ ਵਧਾ ਦਿੰਦੇ ਸਨ। ਗੁਰੂ ਜੀ ਉਨ੍ਹਾਂ ਦੀ ਗਲਤੀ ਨੂੰ ਨਜਰਅੰਦਾਜ਼ ਕਰਕੇ ਉਨ੍ਹਾਂ ਨੂੰ ਜੁਲਮ ਹਕੂਮਤ ਖਿਲਾਫ਼ ਡਟਣ ਦੀ ਪ੍ਰੇਰਨਾ ਕਰਦੇ ਸਨ। ਗੁਰੂ ਜੀ ਦੁਆਰਾ ਤਿਆਰ ਖਾਲਸਾ ਫੌਜ ਵਿਚ ਵਿਲੱਖਣ ਜਜਬਾ, ਨਿਜੀ ਹਿਤਾਂ ਤੋਂ ਉੱਪਰ ਉੱਠ ਕੇ ਜੀਵਨ ਜਿਊਣ ਦਾ ਆਦਰਸ਼ ਸੀ।

**ਖਾਲਸੇ ਪੰਥ ਦੀ ਸਾਜਨਾ** : ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਾਜਨਾ ਕਰਨ ਤੋਂ ਪਹਿਲਾਂ ਹੁਕਮਨਾਮੇ ਭੇਜਕੇ ਦੂਰ ਦੁਰਾਡੇ ਤੋਂ ਸੰਗਤਾਂ ਨੂੰ ਸ੍ਰੀ ਅਨੰਦਪੁਰ ਸਾਹਿਬ ਬੁਲਾਇਆ। ਗੁਰੂ ਸਾਹਿਬ ਨੇ ਜਾਤ ਪਾਤ ਤੋਂ ਰਹਿਤ ਸਮਾਜ ਅਤੇ ਗੁਰ ਚੇਲੇ ਨੂੰ ਆਪਸ ਵਿਚ ਅਭੇਦ ਕਰਨ ਲਈ ਖਾਲਸਾ ਪੰਥ ਦੀ ਸਾਜਨਾ ਕੀਤੀ। ਸੰਗਤ ਦੇ ਇੱਕਠ ਵਿਚੋਂ ਸਿੱਖਾਂ ਨੂੰ ਵਾਰੋ ਵਾਰ ਪੰਜ ਸੀਸ ਭੇਟ ਕਰਨ ਦੀ ਮੰਗ ਕੀਤੀ। ਜਿੰਨ੍ਹਾਂ ਪੰਜ ਸਿੱਖਾਂ ਨੇ ਸੀਸ ਦਿੱਤੇ ਉਨ੍ਹਾਂ ਨੂੰ ਪੰਜ ਪਿਆਰਿਆਂ ਦੇ ਨਾਂ ਨਾਲ ਸੰਬੋਧਨ ਕੀਤਾ ਗਿਆ ਅਤੇ ਉਨ੍ਹਾਂ ਦਾ ਨਾਮਕਰਨ ਇਸ ਪ੍ਰਕਾਰ ਕੀਤਾ ਗਿਆ।

1. ਭਾਈ ਦਇਆ ਸਿੰਘ (ਲਾਹੌਰ)
2. ਭਾਈ ਧਰਮ ਸਿੰਘ (ਦਿੱਲੀ)
3. ਭਾਈ ਹਿੰਮਤ ਸਿੰਘ (ਜਗਨਨਾਥਪੁਰੀ)
4. ਭਾਈ ਮੋਹਕਮ ਸਿੰਘ (ਦੁਆਰਕਾ)

5. ਭਾਈ ਸਾਹਿਬ ਸਿੰਘ (ਬਿਦਰ)

ਕਵੀਸ਼ਰੀ ਕਾਵਿ ਵਿਚ ਗੁਰੂ ਸਾਹਿਬ ਦੁਆਰਾ ਖਾਲਸਾ ਸਾਜਨਾ ਦਾ ਪ੍ਰਕਰਣ ਇਸ ਪ੍ਰਕਾਰ ਮਿਲਦਾ ਹੈ।

**ਡਿਉਢਾ ਛੰਦ**

ਪੰਥ ਨੂੰ ਬਚਨ ਬੋਲੇ ਹਿੰਦ ਪਾਲ ਜੀ, ਬੀਰ ਰਸ ਦੇ ਭਰੇ।
ਜੀਵਣਾ ਜਗਤ ਤੇ ਅਜ਼ਾਦੀ ਨਾਲ ਹੈ, ਗੁਲਾਮੀ ਮੌਤ ਤੋਂ ਪਰੇ।
ਦੋਹਾਂ ਵਿਚੋਂ ਮੰਨਣਾ ਪਊ ਜਰੂਰ ਹੈ, ਤੇ ਇਕ ਦਸਤੂਰ ਹੈ।
ਖਾਲਸਾ ਗੁਲਾਮ ਰਹਿਣਾ ਮਨਜੂਰ ਹੈ, ਕਿ ਮੌਤ ਮਨਜੂਰ ਹੈ।[10]

**ਗੀਤ ਛੰਦ**

ਗੁਰੂ ਦਸਵੇਂ ਸਟੇਜ ਉੱਤੇ ਆਣ ਕੇ, ਨੰਗੀ ਤਲਵਾਰ ਫੜ ਕੇ।
ਚਾਲ ਪਿਛਲੇ ਜ਼ਮਾਨੇ ਦੀ ਪਛਾਣ ਕੇ, ਬਿਜਲੀ ਸਮਾਨ ਕੜਕੇ।
ਅੱਜ ਕੱਢ ਦੇਣਾ ਕੂੜ ਦਾ ਦਵਾਲਾ, ਕਹਿਣ ਲੱਗੇ ਲਲਕਾਰ ਕੇ।
ਆਜੋ ਪੀ ਲਉ ਕੋਈ ਮੌਤ ਦਾ ਪਿਆਲਾ, ਸਿਰਾਂ ਦੇ ਬਿਆਨੇ ਤਾਰ ਕੇ।[11]

ਪੰਜ ਸਿੱਖਾਂ ਨੂੰ ਖੰਡੇ ਦੀ ਪਾਹੁਲ ਛਕਾ ਕੇ ਉਨ੍ਹਾਂ ਦੇ ਨਾਂਵਾ ਨਾਲ ਸਿੰਘ ਪਦ ਜੋੜਕੇ ਗੁਰੂ ਸਾਹਿਬ ਨੇ ਖਾਲਸੇ ਨੂੰ ਰਹਿਤਾਂ ਦੱਸੀਆਂ ਅਤੇ ਕਿਹਾ ਕਿ ਤੁਸੀ ਅੱਜ ਤੋਂ ਨਿਰੋਲ ਖਾਲਸਾ ਬਣ ਗਏ ਹੋ। ਤੁਹਾਡੀ ਜਾਤ ਸਿੱਖ ਅਤੇ ਇਸ਼ਟ ਕੇਵਲ ਇੱਕ ਅਕਾਲ ਪੁਰਖ ਹੈ। ਉਸ ਤੋਂ ਬਿਨਾਂ ਕਿਸੇ ਹੋਰ ਦੀ ਪੂਜਾ ਨਹੀਂ ਕਰਨੀ।

ਜਾਗਤ ਜੋਤਿ ਜਪੈ ਨਿਸ ਬਾਸੁਰ ਏਕੁ ਬਿਨਾ ਮਨਿ ਨੈਕ ਨ ਆਨੈ।।[12]

ਖਾਲਸਾ ਸਾਜਨਾ ਵੇਲੇ ਗੁਰੂ ਜੀ ਦੁਆਰਾ ਖੰਡੇ ਨਾਲ ਪਾਣੀ ਨੂੰ ਅੰਮ੍ਰਿਤ ਤੇ ਅਣਖ਼ ਦੀ ਪਾਣ ਚਾੜ੍ਹਨ ਦੇ ਦ੍ਰਿਸ਼ ਨੂੰ ਮਾਝੇ ਦੇ ਪ੍ਰਸਿੱਧ ਕਵੀਸ਼ਰ ਜੋਗਾ ਸਿੰਘ ਜੋਗੀ ਇਸ ਪ੍ਰਕਾਰ ਬਿਆਨਦੇ ਹਨ।

**ਚੌਫਿਰਨਾ ਬੈਂਤ**

ਗਲੀਂ ਗਾਤਰੇ ਤੇ ਲੱਕੀਂ ਕਮਰਕੱਸੇ, ਛੇ ਛੇ ਚੱਕਰ ਦੁਮਾਲੇ ਤੇ ਚਾੜ੍ਹ ਦਿੱਤੇ।
ਦਸਮ ਗੁਰਾਂ ਦੇ ਜਿੰਨ੍ਹਾਂ ਨੇ ਇਲਮ ਪੜ੍ਹ ਲਏ, ਵਰਕੇ ਦੂਈ ਦਵੈਤ ਵਾਲੇ ਪਾੜ ਦਿੱਤੇ।
ਹਾਲ ਸਮੇਂ ਦਾ ਇਸ ਤਰਾਂ ਜਾਪਦਾ ਸੀ, ਹਾਸੇ ਆਉਣਗੇ ਬੰਦੇ ਨਿਰਾਸਿਆਂ ਨੂੰ,
ਉਦੋਂ ਪਾਣੀ ਨੂੰ ਅਣਖ ਦੀ ਪਾਣ ਚੜ੍ਹ ਗਈ, ਖੰਡਾ ਛੋਹ ਗਿਆ ਜਦੋਂ ਪਤਾਸਿਆਂ ਨੂੰ।[13]

**ਗੁਰੂ ਸਾਹਿਬ ਦਾ ਅਨੰਦਪੁਰ ਸਾਹਿਬ ਨੂੰ ਅਲਵਿਦਾ ਆਖਣਾ :** ਗੁਰੂ ਜੀ ਜਿੰਨਾ ਸਮਾਂ ਅਨੰਦਪੁਰ ਸਾਹਿਬ ਰਹੇ ਉਸ ਵਕਤ ਅਨੰਦਪੁਰ ਸਭਨਾਂ ਲਈ ਸਮਾਨਾਂਤਰ ਤੇ ਅਜ਼ਾਦ ਪ੍ਰਭੂਸੱਤਾ ਦਾ ਕੇਂਦਰ ਬਣਿਆ। ਇਥੇ ਵਿਦਵਾਨਾਂ, ਕਵੀਸ਼ਰਾਂ, ਸੂਰਮਿਆ, ਦਲੇਰਾਂ, ਕਿਰਤੀਆਂ, ਮਜ਼ਲੂਮਾਂ ਨੂੰ ਸ਼ਰਣ ਮਿਲਦੀ ਸੀ। ਇਸ ਕਰਕੇ ਅਨੰਦਪੁਰ ਸਾਹਿਬ ਦੱਬੇ ਕੁਚਲੇ ਲੋਕਾਂ ਲਈ ਆਸ ਦਾ ਕੇਂਦਰ ਬਣ ਗਿਆ। ਇਹ ਕੇਂਦਰ ਚੌਹਾਂ ਪਾਸਿਆਂ ਤੋਂ ਜਗੀਰੂ ਸੱਤਾ ਨਾਲ ਘਿਰਿਆ ਹੋਇਆ ਸੀ। ਇਸ

ਕਾਰਨ ਇਸਦਾ ਚਿਰਸਥਾਈ ਹੋਣਾ ਵੀ ਕਠਿਨ ਹੋ ਰਿਹਾ ਸੀ। ਤੁਰਕ ਤੇ ਪਹਾੜੀਏ ਕਈ ਵਾਰ ਅਨੰਦਪੁਰ ਸਾਹਿਬ ਨੂੰ ਜਿੱਤਣ ਦੀਆਂ ਅਸਫਲ ਕੋਸ਼ਿਸ਼ਾਂ ਕਰ ਚੁੱਕੇ ਸਨ। ਅਖੀਰ ਤੁਰਕਾਂ ਤੇ ਪਹਾੜੀਆਂ ਰਲਕੇ ਇਕ ਵਾਰ ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰਾ ਪਾਇਆ ਜੋ ਸਿੱਖ ਇਤਿਹਾਸ ਮੁਤਾਬਿਕ ਅੱਠ ਮਹੀਨੇ ਲੰਬਾ ਚੱਲਿਆ। ਨਤੀਜੇ ਵਜੋਂ ਰਸਦ ਖੁਰਾਕ ਮੁੱਕਣ ਕਾਰਨ ਸਿੱਖ ਗੁਰੂ ਜੀ ਨੂੰ ਕਿਲ੍ਹਾ ਛੱਢ ਦੇਣ ਦੀਆਂ ਸਲਾਹਾਂ ਦੇਣ ਲੱਗੇ। ਗੁਰੂ ਸਾਹਿਬ ਸਿੱਖਾਂ ਨੂੰ ਸਮਝਾਉਦੇ ਕਿ ਇਹ ਤੁਰਕ ਤੇ ਪਹਾੜੀਏ ਕਿਸੇ ਦੇ ਮਿੱਤ ਨਹੀਂ ਹਨ। ਇਨ੍ਹਾਂ ਤੇ ਭਰੋਸਾ ਕਰਨਾ ਖੁਆਰੀ ਝੱਲਣ ਵਾਂਗ ਹੈ। ਕਵੀਸ਼ਰੀ ਕਾਵਿ ਵਿਚ ਵਰਨਣ ਹੈ ਕਿ ਜਦ ਸਿੱਖ ਭੁੱਖ ਨਾਲ ਡਾਹਢੇ ਪਰੇਸ਼ਾਨ ਹੋਏ ਤਾਂ ਗੁਰੂ ਜੀ ਨੇ ਅਨੰਦਪੁਰ ਦਾ ਕਿਲਾ ਛੱਡਣ ਦਾ ਫੈਸਲਾ ਕਰ ਲਿਆ। ਅਤੇ ਤੁਰਕਾਂ ਪਹਾੜ੍ਹੀਆਂ ਦੀਆਂ ਖਾਧੀਆਂ ਹੋਈਆਂ ਝੂਠੀਆਂ ਸੌਹਾਂ ਦਾ ਪਾਜ ਸਭਦੇ ਸਾਹਮਣੇ ਉਘੇੜ ਦਿੱਤਾ। ਕਵੀਸ਼ਰ ਅਨੰਦਪੁਰ ਸਾਹਿਬ ਦੀ ਧਰਤੀ ਨੂੰ ਬੰਦਨਾ ਕਰਦੇ ਹੋਏ ਲਿਖਦੇ ਹਨ।

**ਬੰਦਨਾ**

ਜਿੱਥੇ ਵੱਜਿਆ ਨਗਾਰਾ ਰਣਜੀਤ ਸੀ, ਜਿੱਥੇ ਸੱਚ ਨਾਲ ਸਿੰਘਾਂ ਨੂੰ ਪ੍ਰੀਤ ਸੀ।
ਜਿੱਥੇ ਦੱਸੀ ਗੁਰਾਂ ਸੂਰਿਆਂ ਦੀ ਰੀਤ ਸੀ, ਜਿੱਥੇ ਸੁਣਿਆਂ ਗੁਰਾਂ ਨੇ ਦੁਖੀ ਦੀ ਪੁਕਾਰ ਨੂੰ,
ਮੇਰੀ ਬੰਦਨਾ ਅਨੰਦਪੁਰੀ ਦੇ ਸ਼ਿੰਗਾਰ ਨੂੰ।
ਜਿੱਥੇ ਕਵੀ ਦੀਆਂ ਵਾਰਾਂ ਹੈ ਸੀ ਸੁਣੀਆਂ, ਜਿਥੇ ਦਾਤ ਸੀ ਖਿਆਲ ਚੰਗੇ ਗੁਣੀਆਂ।
ਗੱਲਾਂ ਗੁਰਾਂ ਨੇ ਦਿਮਾਗ ਨਾਲ ਪੁਣੀਆਂ, ਹੈ ਨਮਸਕਾਰ ਉਸ ਕਾਵਿ ਦੇ ਭੰਡਾਰ ਨੂੰ,
ਮੇਰੀ ਬੰਦਨਾ ਅਨੰਦਪੁਰੀ ਦੇ ਸ਼ਿੰਗਾਰ ਨੂੰ।[14]

ਗੁਰੂ ਸਾਹਿਬ ਦੁਆਰਾ ਅਨੰਦਪੁਰ ਨੂੰ ਛੱਡਣ ਵੇਲੇ ਦੇ ਕਰੁਣਾਮਈ ਦ੍ਰਿਸ਼ ਨੂੰ ਕਵੀਸ਼ਰੀ ਕਾਵਿ ਵਿਚ ਇਸ ਪ੍ਰਕਾਰ ਬਿਆਨਿਆ ਹੈ।

**ਨਵੀਨ ਪਉੜੀ**

ਛੱਡ ਕੇ ਤੇ ਪੁਰੀ ਅਨੰਦ ਨੂੰ ਦਸਮੇਸ਼ ਜੀ, ਜਦ ਤੁਰ ਪਏ ਅੱਗੇ।
ਇੰਦਰਪੁਰੀ ਦੇ ਦੇਵਤੇ ਰੰਗ ਵੇਖ ਕੇ, ਇਉ ਆਖਣ ਲੱਗੇ।
ਭਰੇ ਖਜਾਨਿਆਂ ਵਾਲੜੇ ਮਾਲਕ ਤਖਤ ਦੇ, ਅੱਜ ਤੁਰ ਪਏ ਖਾਲੀ।
ਤੁਰ ਪਏ ਪੁਰੀ ਅਨੰਦ ਤੋਂ, ਅਨੰਦਪੁਰੀ ਤੋਂ ਪਟਨੇ ਦੇ ਵਾਲੀ।[15]

**ਜੰਗ ਚਮਕੌਰ ਤੇ ਸਾਕਾ ਸਰਹੰਦ :** ਸਰਸਾ ਨਦੀ ਪਾਰ ਕਰਨ ਤੋਂ ਪਹਿਲਾਂ ਹੀ ਮੁਗਲਾਂ ਤੇ ਪਹਾੜੀਆਂ ਰਾਜਿਆਂ ਆਪਣੀਆਂ ਕਸਮਾਂ ਨੂੰ ਵਿਸਾਰ ਕੇ ਅਕ੍ਰਿਤਘਣਤਾ ਦਾ ਸਬੂਤ ਦਿੰਦਿਆਂ ਗੁਰੂ ਸਾਹਿਬ ਦੀ ਚੱਲ ਰਹੀ ਵਹੀਰ ਉੱਪਰ ਹਮਲਾ ਕਰ ਦਿੱਤਾ। ਪਿਛਲੇ ਪਾਸਿਉਂ ਵੈਰੀ ਦਾ ਹਮਲਾ ਅਤੇ ਸਾਹਮਣੇ ਸਰਸਾ ਨਦੀ ਦਾ ਪਾਣੀ ਚੜ੍ਹਿਆ ਹੋਇਆ ਸੀ। ਪਰ ਗੁਰੂ ਜੀ ਨੇ ਪੂਰੀ ਵਿਉਂਤਬੰਦੀ ਨਾਲ ਵੈਰੀ ਨਾਲ ਮੁਕਾਬਲਾ ਕਰਦੇ ਹੋਏ ਸਰਸਾ ਨਦੀ ਨੂੰ ਪਾਰ ਕੀਤਾ। ਇਸ ਜਗ੍ਹਾ ਗੁਰੂ ਸਾਹਿਬ ਦ ਪਰਿਵਾਰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ। ਇਸ ਸਮੇਂ ਵੱਡੇ ਸਾਹਿਬਜ਼ਾਦੇ ਅਤੇ 40 ਸਿੰਘ ਗੁਰੂ ਸਾਹਿਬ ਦੇ ਨਾਲ ਰਹਿ ਗਏ। ਇਸ ਵਿਛੋੜੇ ਵਾਲੀ ਘਟਨਾ ਉਪਰੰਤ ਗੁਰੂ ਜੀ ਨੇ ਵੈਰੀ ਨਾਲ ਡਟ ਕੇ ਮੁਕਾਬਲਾ ਕਰਨ ਦੇ ਚਾਉ ਹਿਤ ਚਮਕੌਰ ਦੀ ਕੱਚੀ ਗੜ੍ਹੀ ਨੂੰ ਜੰਗ ਲਈ ਮੋਰਚਾਬੰਦੀ ਵਜੋਂ ਵਰਤਿਆ। ਵਿਸ਼ਵ ਇਤਿਹਾਸ ਵਿਚ ਜੰਗ

ਚਮਕੌਰ ਦੀ ਕਈ ਪੱਖਾਂ ਤੋਂ ਮਹਾਨਤਾ ਹੈ ਕਿਉਂਕਿ ਇਸ ਜੰਗ ਵਿਚ ਸੱਚ ਖਾਤਰ ਜੂਝ ਰਹੇ ਇੱਕ ਦਰਵੇਸ਼ ਦੀ ਜਾਲਮ ਹਕੂਮਤ ਨਾਲ ਟੱਕਰ ਹੈ। ਗੁਰੂ ਜੀ ਪਾਸ ਕੇਵਲ 40 ਸਿੰਘ ਸਨ। ਦੂਜੇ ਪਾਸੇ ਵੈਰੀ ਦੀ ਗਿਣਤੀ 10 ਲੱਖ ਦੇ ਕਰੀਬ ਸੀ। ਦੁਨੀਆਂ ਦੇ ਇਤਿਹਾਸ ਵਿਚ ਇਹ ਅਸਮਾਨਤਾ ਵਾਲੀ ਟੱਕਰ ਸੀ। ਗੁਰੂ ਜੀ ਨੇ ਵਾਰੋ ਵਾਰ ਆਪਣੇ ਵੱਡੇ ਸਪੁੱਤਰਾਂ ਨੂੰ ਇਸ ਜੰਗ ਵਿਚ ਜੂਝਨ ਲਈ ਹੱਥੀਂ ਤੋਰਿਆ, ਉਨ੍ਹਾਂ ਨੂੰ ਜੂਝਦੇ ਹੋਏ ਦੇਖਿਆ ਅਤੇ ਸ਼ਹੀਦੀਆਂ ਪਿਛੋਂ ਜੈਕਾਰੇ ਲਗਾ ਕੇ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ। ਇਹ ਸਾਕਾ ਗੁਰੂ ਸਾਹਿਬ ਦੀ ਸਖਸ਼ੀਅਤ ਤੇ ਬੇਮਿਸਾਲ ਹੌਸਲੇ ਦੀ ਗਵਾਹੀ ਭਰਦਾ ਹੈ। ਇਸ ਸਾਕੇ ਨੇ ਕਵੀਸ਼ਰਾਂ ਨੂੰ ਬੇਹੱਦ ਪ੍ਰਭਾਵਿਤ ਕੀਤਾ ਹੈ। ਗੁਰੂ ਸਾਹਿਬ ਇਨੇ ਵੱਡੇ ਘੇਰੇ ਵਿਚੋਂ ਜੰਗ ਕਰਕੇ ਸਹੀ ਸਲਾਮਤ ਨਿਕਲਦੇ ਹਨ। ਬਹੁਤ ਵੱਡੀ ਗਿਣਤੀ ਵਿਚ ਕਵੀਸ਼ਰਾਂ ਨੇ 'ਜੰਗ ਚਮਕੌਰ' ਲਿਖਿਆ ਤੇ ਗਾਵਿਆ ਹੈ। ਗੁਰੂ ਸਾਹਿਬ ਜੀ ਦੇ ਚਮਕੌਰ ਸਾਹਿਬ ਪਹੁੰਚਣ ਅਤੇ ਵੈਰੀ ਦੁਆਰਾ ਗੜ੍ਹੀ ਨੂੰ ਘੇਰਾ ਪਾਉਣ ਤੋਂ ਬਾਅਦ ਗੁਰੂ ਜੀ ਸਿੱਖਾਂ ਨੂੰ ਜਿਵੇਂ ਜੰਗ ਦੀ ਤਿਆਰੀ ਲਈ ਮੁਖਾਤਿਬ ਹੋਏ ਉਸ ਵਕਤ ਦਾ ਦ੍ਰਿਸ਼ ਕਵੀਸ਼ਰ ਇਸ ਪ੍ਰਕਾਰ ਲਿਖਦੇ ਹਨ।

**ਝੋਕ ਛੰਦ**

ਸਰਸਾ ਨੂੰ ਲੰਘ ਕੇ ਕੱਚੀ ਹਵੇਲੀ ਵਿਚ ਆ ਕੇ ਤੇ,
ਕਲਗੀਧਰ ਬਹਿ ਗਏ ਆਸਨ ਪਲੰਘ ਤੇ ਲਾ ਕੇ ਤੇ,
ਸਿੰਘਾਂ ਨੇ ਪੁੱਛਿਆ ਕਹਿੰਦੇ ਗੁਰੂ ਜੀ ਸੁਣਾ ਕੇ ਤੇ,
ਇਥੇ ਕੁਝ ਸਿੰਘਾਂ ਵਾਲੇ ਵੇਖਾਂਗੇ ਜੌਹਰ ਨੂੰ,
ਵੈਰੀ ਨੇ ਆ ਕੇ ਘੇਰਾ ਪਾ ਲਿਆ ਚਮਕੌਰ ਨੂੰ,
ਆ ਗਏ ਨੇ ਲੱਖਾਂ ਵੈਰੀ...
ਇਥੋਂ ਜੁਝਾਰ ਮੇਰਾ ਹੱਸ ਹੱਸ ਤੁਰ ਜਾਊਗਾ,
ਸ਼ੇਰ ਉਹ ਵਾਂਗਰ ਭੇਡਾਂ ਵੈਰੀ ਭਜਾਊਗਾ,
ਮੇਰਾ ਪੁੱਤ ਹੋ ਕੇ ਜਿਉਂਦਾ ਮੁੜਕੇ ਨਾ ਆਊਗਾ,
ਔਂਦੀ ਹੋਈ ਮੌਤ ਵੇਖ ਨਾ ਉਹਦੀ ਰੂਹ ਧੜਕੂਗੀ,
ਰਣ ਦੇ ਵਿਚ ਚੰਡੀ ਸਿੰਘੋ ਮਰਦਾਂ ਦੀ ਖੜਕੂਗੀ,
ਰਣ ਦੇ ਵਿਚ ਤੇਗ ਸੂਰਮਿਓ[16]

ਇਸ ਜੰਗ ਵਿਚ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਨੇ ਗੁਰੂ ਪਿਤਾ ਤੋਂ ਜੰਗ ਵਿਚ ਜਾਣ ਦੀ ਆਗਿਆ ਮੰਗੀ। ਜਿਸ ਤੇ ਗੁਰੂ ਸਾਹਿਬ ਅਤਿਅੰਤ ਪ੍ਰਸੰਨ ਹੋਏ ਅਤੇ ਖੁਸ਼ੀ ਨਾਲ ਪੁੱਤਰ ਨੂੰ ਤੋਰਿਆ। ਇਹ ਸਾਕੇ ਤੋਂ ਗੁਰੂ ਸਾਹਿਬ ਦੇ ਪੰਥ ਪ੍ਰਤੀ ਪਿਆਰ ਤੇ ਪੰਥ ਦੀ ਚੜ੍ਹਦੀਕਲਾ ਲਈ ਹਰੇਕ ਪ੍ਰਕਾਰ ਦੇ ਤਿਆਗ ਦੀ ਸਿਖਰ ਦਾ ਪਤਾ ਲੱਗਦਾ ਹੈ।

**ਝੋਕ ਛੰਦ**

ਅਜੀਤ ਸਿੰਘ ਯਾਦ ਕਰਕੇ ਦਾਦੇ ਦਿਆਂ ਪ੍ਰਣਾਂ ਨੂੰ,
ਰੁੜਦੀ ਜਿੰਨ ਹਿੰਦ ਬਚਾ ਲਈ ਚੌਹਾਂ ਹੀ ਵਰਨਾਂ ਨੂੰ,
ਸ਼ੇਰ ਨੂੰ ਚੜ੍ਹੇ ਹੌਂਸਲਾ ਵੇਖ ਜਿਉਂ ਹਰਨਾਂ ਨੂੰ,
ਸਤਿਗੁਰ ਦੇ ਚਰਨ ਪਕੜ ਕੇ ਪਾਉਂਦਾ ਹੈ ਵਾਸਤੇ,

ਚਾਹੁੰਦਾ ਚਿਤ ਜੰਗ ਕਰਨ ਨੂੰ ਕਿਰਪਾ ਕਰੋ ਦਾਸ ਤੇ,
ਚਾਹੁੰਦਾ ਚਿਤ ਮੇਰਾ ਪਿਤਾ ਜੀ..
ਬਾਜਾਂ ਦੀ ਝਪਟ ਪਿਤਾ ਜੀ ਕੂੰਜ ਨਾ ਸਹਾਰੂਗੀ,
ਗਰੜਾਂ ਦੇ ਅੱਗੇ ਨਾਗਨੀ ਫਨੀ ਨਾ ਖਿਲਾਰੂਗੀ,
ਸਿਆਰਾਂ ਦੀ ਫੌਜ ਸ਼ੇਰ ਨੂੰ ਲੜ ਕੇ ਨਾ ਮਾਰੂਗੀ,
ਤੋਰ ਦਿਉ ਨਾਲ ਖੁਸ਼ੀ ਦੇ ਜੰਗ ਨੂੰ ਮੈ ਜਾਊਗਾ,
ਬਾਬੇ ਦੀ ਪੱਗ ਨੂੰ ਪਿਤਾ ਜੀ ਦਾਗ ਨਾ ਲਾਊਂਗਾ,
ਬਾਬੇ ਦੀ ਪੱਗ ਨੂੰ ਪਿਤਾ ਜੀ[17]

8 ਪੋਹ 1704 ਈ. ਨੂੰ ਦੁਨੀਆਂ ਦੀ ਸਭ ਤੋਂ ਅਨੋਖੀ ਤੇ ਅਸਾਵੇਂਪਨ ਵਾਲੀ ਜੰਗ ਵਿਚ ਗੁਰੂ ਸਾਹਿਬ ਦੇ ਵੱਡੇ ਸਾਹਿਬਜਾਦੇ, ਤਿੰਨ ਪਿਆਰੇ ਅਤੇ 40 ਸਿੱਖਾਂ ਨੇ ਸ਼ਹਾਦਤਾਂ ਦੇ ਜਾਮ ਪੀਤੇ। ਜਦ ਗੁਰੂ ਸਾਹਿਬ ਨੇ ਆਪ ਮੈਦਾਨ-ਏ-ਜੰਗ ਵਿਚ ਜਾਣ ਦਾ ਸੰਕਲਪ ਕੀਤਾ ਤਾਂ ਖਾਲਸੇ ਨੇ ਪੰਚ ਪ੍ਰਧਾਨੀ ਮਰਿਯਾਦਾ ਨੂੰ ਵਰਤੋਂ ਵਿਚ ਲਿਆਉਦੇ ਹੋਏ ਗੁਰੂ ਸਾਹਿਬ ਨੂੰ ਗੜ੍ਹੀ ਛੱਡ ਜਾਣ ਦਾ ਆਦੇਸ਼ ਕੀਤਾ। ਪਰੰਤੂ ਫਿਰ ਵੀ ਗੁਰੂ ਸਾਹਿਬ ਵੈਰੀ ਫੌਜ ਨੂੰ ਵੰਗਾਰ ਕੇ ਗਏ ਕਿ 'ਸਿੱਖਾਂ ਦਾ ਗੁਰੂ ਜਾਂਦਾ ਜੇ ਹਿੰਮਤ ਹੈ ਤਾਂ ਰੋਕ ਲਵੋ'। ਕਿਉਂਕਿ ਗੁਰੂ ਜੀ ਗੜ੍ਹੀ ਵਿਚੋਂ ਚੋਰੀ ਨਿਕਲਣਾ ਠੀਕ ਨਹੀਂ ਸਨ ਸਮਝਦੇ। ਗੁਰੂ ਜੀ ਗੜ੍ਹੀ ਛੱਡ ਕੇ ਸੁਰੱਖਿਅਤ ਨਿਕਲ ਗਏ ਅਤੇ ਦਿਨ ਚੜ੍ਹਦੇ ਤੱਕ ਕਿੜੀ ਪਿੰਡ ਪਹੁੰਚੇ। ਇਨੇ ਸਮੇਂ ਤੱਕ ਭਾਈ ਦਇਆ ਸਿੰਘ ਜੀ ਵੀ ਗੁਰੂ ਜੀ ਨੂੰ ਆਣ ਮਿਲੇ। ਇਥੋਂ ਦੇ ਮੁਸਲਮਾਨ ਭਰਾਵਾਂ ਗਨੀ ਖਾਂ ਤੇ ਨਬੀ ਖਾਂ ਨੇ ਗੁਰੂ ਸਾਹਿਬ ਦੀ ਟਹਲ ਸੇਵਾ ਕੀਤੀ ਅਤੇ ਗੁਰੂ ਜੀ ਪਾਸੋਂ ਹੁਕਮਨਾਮੇ ਦੇ ਰੂਪ ਵਿਚ ਬਖਸ਼ਿਸ਼ ਵੀ ਪ੍ਰਾਪਤ ਕੀਤੀ। ਮਾਛੀਵਾੜੇ ਤੋਂ ਹੁੰਦੇ ਹੋਏ ਗੁਰੂ ਸਾਹਿਬ ਆਲਮਗੀਰ ਪਹੁੰਚੇ। ਤਦ ਕਲਗੀਧਰ ਜੀ ਨੇ ਰਾਇ ਕੱਲੇ ਨੂੰ ਫੁਰਮਾਇਆ ਕਿ ਕਿਸੇ ਸਿਆਣੇ ਬੰਦੇ ਨੂੰ ਭੇਜ ਕੇ ਸਰਹਿੰਦ ਤੋਂ ਮਾਤਾ ਜੀ ਤੇ ਸਾਹਿਬਜਾਦਿਆਂ ਦੀ ਖਬਰ ਮੰਗਵਾ ਦਿਉ। ਰਾਇ ਕੱਲੇ ਨੇ ਤੁਰੰਤ ਨੂਰੇ ਮਾਹੀ ਨੂੰ ਸਰਹਿੰਦ ਨੂੰ ਤੋਰ ਦਿੱਤਾ। ਜਿਸਨੇ ਸਿਤਮਾਂ ਦੀ ਨਗਰੀ ਸਰਹਿੰਦ ਦੀ ਦਿਲ ਕੰਬਾਊ ਵਾਰਤਾ ਆ ਕੇ ਗੁਰੂ ਸਾਹਿਬ ਨੂੰ ਸੁਣਾਈ ਕਿ ਕਿਵੇਂ ਸਰਸਾ ਤੇ ਪਏ ਪਰਿਵਾਰ ਵਿਛੋੜੇ ਬਾਅਦ ਗੰਗੂ ਮਾਤਾ ਜੀ ਤੇ ਸਾਹਿਬਜਾਦਿਆਂ ਨੂੰ ਆਪਣੇ ਪਿੰਡ ਖੇੜੀ ਲੈ ਗਿਆ ਅਤੇ ਚੰਦ ਮੋਹਰਾਂ ਦੇ ਲਾਲਚ ਵਿਚ ਆ ਕੇ ਉਸਨੇ ਪਹਿਲਾਂ ਖਾਣੇ ਵਿਚ ਜ਼ਹਿਰ ਪਾਉਣ ਦੀ ਅਸਫਲ ਕੋਸ਼ਿਸ਼ ਕੀਤੀ। ਜਿਸ ਤੋਂ ਉਸਦੀ ਮਾਂ ਨੇ ਉਸਨੂੰ ਵਰਜ ਦਿੱਤਾ। ਆਖਿਰ ਨੂੰ ਜਾਲਮ ਹਕੂਮਤ ਤੋਂ ਕਿਸੇ ਵੱਡੇ ਇਨਾਮ ਦੀ ਆਸ ਵਿਚ ਮੋਰਿੰਡੇ ਥਾਣੇ ਜਾ ਕੇ ਮਾਤਾ ਜੀ ਅਤੇ ਸਾਹਿਬਜਾਦਿਆਂ ਦੀ ਖਬਰ ਦੇ ਕੇ ਗ੍ਰਿਫਤਾਰੀ ਕਰਵਾ ਦਿੱਤੀ।

**ਕਵੀਸ਼ਰ ਕਰਨੈਲ ਸਿੰਘ ਪਾਰਸ ਦੀ ਲਿਖਤ**

ਕਿਉਂ ਪਕੜ ਮਸੂਮਾਂ ਨੂੰ ਨੀ ਇਹ ਲਈ ਪੁਲਸੀਏ ਜਾਂਦੇ,
ਤੱਕ ਨੂਰ ਇਲਾਹੀ ਨੂੰ ਨਿਉਂ ਨਿਉਂ ਪਰਬਤ ਸੀਸ ਨਿਵਾਂਦੇ,
ਹੈ ਨਾਲ ਹਕੂਮਤ ਦੇ ਇਨ੍ਹਾਂ ਦੀ ਕੀ ਪਈ ਮਰੋੜੀ,
ਕਿਉਂ ਫੜੀ ਸਿਪਾਹੀਆਂ ਨੇ ਭੈਣੇ ਇਹ ਹੰਸਾਂ ਦੀ ਜੋੜੀ।[18]

**ਬਲਦੇਵ ਸਿੰਘ ਬੈਂਕਾ ਦੀ ਲਿਖਤ**

ਪ੍ਰਤੀਕ ਫਤਿਹ ਦਾ ਜੋ ਫਤਹਿ ਸਿੰਘ ਦੂਲਾ ਫਤਿਹ ਬੁਲਾਉਦਾ,

ਜੋਰਾਵਰ ਸਿੰਘ ਸੂਰਾ ਨਾਹਰੇ ਸਤਿ ਕਰਤਾਰ ਦੇ ਲਾਉਂਦਾ,
ਦਲੇਰੀ ਮਰਦਾਂ ਦੀ ਤੱਕ ਕੇ ਕਾਜ਼ੀ ਦੰਦੀਆਂ ਘੋਟੇ,
ਚਿਣਤੇ ਵਿਚ ਨੀਹਾਂ ਦੇ ਪੋਤੇ ਮਾਂ ਗੁਜਰੀ ਦੇ ਛੋਟੇ।[19]

ਸਮੁੱਚੇ ਪੰਜਾਬ ਦੇ ਕਵੀਸ਼ਰਾਂ ਤੇ ਖਾਸ ਕਰਕੇ ਪ੍ਰਚਾਰਕ ਕਵੀਸ਼ਰਾਂ ਨੇ 'ਸਾਕਾ ਸਰਹੰਦ' ਦੇ ਸਿਰਲੇਖ ਹੇਠ ਸਾਹਿਬਜਾਦਿਆਂ ਦੀ ਸ਼ਹਾਦਤ ਨੂੰ ਪ੍ਰਣਾਮ ਕੀਤਾ ਹੈ। ਕਵੀਸ਼ਰਾ ਜੋਗਾ ਸਿੰਘ ਜੋਗੀ, ਬਲਦੇਵ ਸਿੰਘ ਬੈਂਕਾ, ਜਰਨੈਲ ਸਿੰਘ ਸਭਰਾ, ਕਰਤਾਰ ਸਿੰਘ ਬਧਨੀ, ਮੋਹਨ ਸਿੰਘ ਘਰਿਆਲਾ, ਮਾਘੀ ਸਿੰਘ ਗਿੱਲ, ਮੋਹਨ ਸਿੰਘ ਰੋਡੇ, ਕਰਨੈਲ ਸਿੰਘ ਪਾਰਸ ਇਤਿਆਦਿ ਨੇ ਭਾਵਪੂਰਤ ਸ਼ਬਦਾਂ ਵਿਚ ਸਾਹਿਬਜਾਦਿਆਂ ਦੀ ਸ਼ਹਾਦਤ ਨੂੰ ਬਿਆਨਿਆ ਹੈ। ਸਰਹਿੰਦ ਵਿਚ ਜਦ ਸਾਹਿਬਜਾਦਿਆਂ ਨੂੰ ਪੇਸ਼ ਕੀਤਾ ਗਿਆ ਤਾਂ ਉਨ੍ਹਾਂ ਨੂੰ ਸੂਬਾ ਸਰਹੰਦ ਵਜੀਦ ਖਾਂ ਤੇ ਸੁੱਚਾ ਨੰਦ ਨੇ ਬਹੁਤ ਲਾਲਚ ਦੇ ਕੇ ਈਨ ਮੰਨਣ ਲਈ ਮਜਬੂਰ ਕੀਤਾ। ਪਰ ਸਾਹਿਬਜਾਦੇ ਗੁਰੂ ਪਿਤਾ ਦੀ ਸਿਖਾਈ ਹੋਈ ਸਿੱਖਿਆ ਅਤੇ ਸੱਚ ਤੇ ਦ੍ਰਿੜ ਰਹੇ। ਤਦ ਜੱਲਾਦਾਂ ਨੇ ਸਾਹਿਬਜ਼ਾਦਿਆਂ ਨੂੰ ਨੀਹਾਂ 'ਚ ਚਿਣ ਕੇ ਉਨ੍ਹਾਂ ਦੇ ਪਾਵਨ ਸੀਸ ਕੱਟਣ ਦਾ ਮਾਤਮੀ ਕਾਰਾ ਕੀਤਾ।

**ਦੋਹਿਰਾ**

ਤਾਹਾਂ ਨੂੰ ਜਦ ਪਾਪੀਆਂ ਚੱਕੀ ਸੀ ਤਲਵਾਰ।
ਬੱਚਿਆਂ ਦੇ ਵਜੂਦ 'ਚੋਂ ਗਏ ਭੌਰ ਉਡਾਰੀ ਮਾਰ।

**ਕੋਰੜਾ ਛੰਦ**

ਸਿਖਰ ਦੁਪਹਿਰੇ ਉਦੋਂ ਤਾਰੇ ਟੁੱਟੇ ਸੀ। ਜਦੋਂ ਸਾਹਿਬਜਾਦਿਆਂ ਦੇ ਪ੍ਰਾਣ ਛੁੱਟੇ ਸੀ।
ਫੁੱਲ ਕੁਮਲਾਗੇ ਰੁੱਤ ਜੋ ਬਸੰਤ ਦੇ। ਪਾਗੇ ਨੇ ਸ਼ਹੀਦੀਆਂ ਸ਼ਿੰਗਾਰ ਪੰਥ ਦੇ।
ਜਿੰਨਾ ਕੀਤੇ ਸਾਹਿਬਜਾਦਿਆਂ ਦੇ ਦੀਦਾਰ ਸੀ। ਭੁੱਲਦੇ ਨਾ ਦਿਲੋਂ ਰਹੇ ਧਾਹਾਂ ਮਾਰ ਸੀ।
ਪੀਲੇ ਮੁੱਖ ਹੋਗੇ ਕੁੱਲ ਜੀਆ ਜੰਤ ਦੇ। ਪਾਗੇ ਨੇ ਸ਼ਹੀਦੀਆਂ ਸ਼ਿੰਗਾਰ ਪੰਥ ਦੇ।[20]

'ਸਾਕਾ ਸਰਹੰਦ' ਕੁਝ ਨੁਕਤਿਆਂ ਤੋਂ ਵਿਸ਼ਵ ਦੇ ਇਤਿਹਾਸ ਵਿਚ ਉਜਾਗਰ ਹੈ। ਪਹਿਲਾ, ਇਕ ਸ਼ਕਤੀਸ਼ਾਲੀ ਹਕੂਮਤ ਵਲੋਂ ਪਿਤਾ ਨੂੰ ਨਾ ਫੜ੍ਹ ਸਕਣ ਦੇ ਰੋਸ ਵਿਚ ਉਨ੍ਹਾਂ ਦੇ ਛੋਟੇ-ਛੋਟੇ ਮਾਸੂਮ ਸਾਹਿਬਜ਼ਾਦਿਆਂ ਨੂੰ ਦਰਿੰਦਗੀ ਨਾਲ ਨੀਹਾਂ ਵਿਚ ਚਿਣ ਕੇ ਤੇ ਅੰਤ ਗਲੇ ਕੱਟ ਕੇ ਸ਼ਹੀਦ ਕੀਤਾ ਗਿਆ। ਇਹ ਜ਼ਾਲਮ ਹਕੂਮਤ ਦੀ ਵੱਡੀ ਹਾਰ ਸੀ। ਕੋਮਲ ਕਲੀਆਂ ਸਾਹਿਬਜ਼ਾਦੇ ਮੌਤ ਦੇ ਸਨਮੁੱਖ ਵੀ ਨਿਰਭੈ ਹੋ ਕੇ ਵਿਚਰੇ। ਦੂਸਰਾ, ਸਾਕਾ ਸਰਹੰਦ ਸਿੱਖ ਇਤਿਹਾਸ ਦਾ ਵੱਡਾ ਇਤਿਹਾਸਿਕ ਮੋੜ ਹੈ। ਜਿਸਨੇ ਮੁਗਲ ਸਾਮਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਅਤੇ ਖਾਲਸਾ ਰਾਜ ਦੀ ਨੀਂਹ ਰੱਖੀ। ਜਿਸਨੂੰ ਬਾਬਾ ਬੰਦਾ ਸਿੰਘ ਬਹਾਦਰ ਨੇ ਅਮਲੀ ਰੂਪ ਦਿੱਤਾ।

**ਗੁਰੂ ਸਾਹਿਬ ਦੀ ਮਾਲਵਾ ਖੇਤਰ ਵਿਚ ਵਿਚਰਨ ਦੀ ਗਾਥਾ ਅਤੇ ਜੰਗ ਮੁਕਤਸਰ** : ਗੁਰੂ ਜੀ ਮਾਲਵੇ ਦੇ ਪਿੰਡਾਂ 'ਚ ਵਿਚਰਦੇ ਹੋਏ ਦੀਨਾ ਪਿੰਡ ਪੁੱਜੇ। ਜਿਥੇ ਬੈਠ ਕੇ ਉਨ੍ਹਾਂ ਮੁਗਲ ਬਾਦਸ਼ਾਹ ਔਰੰਗਜ਼ੇਬ ਨੂੰ ਫ਼ਾਰਸੀ ਭਾਸ਼ਾ ਵਿਚ ਜ਼ਫਰਨਾਮਾ ਲਿਖਿਆ। ਜੋ ਕਿ ਗੁਰੂ ਜੀ ਦੀ ਤਰਫੋਂ ਬਾਦਸ਼ਾਹ ਨੂੰ ਲਿਖਿਆ ਜਿੱਤ ਦਾ ਪੈਗਾਮ ਸੀ। ਜਿਸਨੂੰ ਪੜ੍ਹ ਕੇ ਔਰੰਗਜ਼ੇਬ ਆਪਣੇ ਕੀਤੇ ਹੋਏ ਪਾਪਾਂ ਤੋਂ ਤੌਬਾ ਕਰ ਉੱਠਿਆ। ਇਸ ਸਮੇਂ ਸ਼ਾਹੀ ਫੌਜਾਂ ਗੁਰੂ ਜੀ ਦੀ ਭਾਲ ਵਿਚ ਫਿਰ ਰਹੀਆਂ ਸਨ। ਰਾਮੇਆਣੇ ਪਿੰਡ ਵਿਚ ਪਹੁੰਚ ਕੇ ਕੁਝ ਮਾਝੇ ਦੇ ਸਿੰਘ ਗੁਰੂ ਸਾਹਿਬ ਨੂੰ ਮਿਲੇ ਅਤੇ ਲੱਗੇ ਭੁੱਲਾਂ ਬਖਸ਼ਾਉਣ। ਜਿੰਨ੍ਹਾਂ ਵਿਚੋਂ ਕੁਝ ਕੁ ਨੇ

ਗੁਰੂ ਜੀ ਨੂੰ ਦਿੱਲੀ ਨਾਲ ਸਮਝੌਤੇ ਲਈ ਵਿਚੋਲਗੀ ਦੀ ਗੱਲ ਕਰਨੀ ਚਾਹੀ। ਇਸੇ ਸਮੇਂ ਦੌਰਾਨ ਗੁਰੂ ਜੀ ਨੂੰ ਸ਼ਾਹੀ ਫੌਜਾਂ ਦੇ ਮੁੜ ਆਉਣ ਦਾ ਪਤਾ ਲੱਗਿਆ। ਗੁਰੂ ਜੀ ਇਸ ਤਜਵੀਜ਼ ਨੂੰ ਅਪ੍ਰਵਾਨ ਕਰਕੇ ਅਗਾਂਹ ਚੱਲ ਪਏ ਅਤੇ ਜੰਗ ਦੀ ਰਣਨੀਤੀ ਤਹਿਤ ਖਿਦਰਾਣੇ ਦੀ ਢਾਬ ਤੇ ਮੋਰਚਾਬੰਦੀ ਕਰਕੇ ਸ਼ਾਹੀ ਫੌਜਾਂ ਦੀ ਉਡੀਕ ਕਰਨ ਲੱਗੇ। ਉਸ ਸਮੇਂ ਗਰਮੀ ਦਾ ਮੌਸਮ ਹੋਣ ਕਾਰਨ ਪਾਣੀ ਢਾਬ ਤੋਂ ਇਲਾਵਾ ਹੋਰ ਕਿਤੇ ਮਿਲਣਾ ਮੁਸ਼ਕਿਲ ਸੀ। ਜੋ ਵੈਰੀਆਂ ਦੀ ਫੌਜ ਲਈ ਬੜਾ ਸੰਕਟ ਬਣਿਆ। ਇਸ ਜੰਗ ਵਿਚ ਵੀ ਗੁਰੂ ਸਾਹਿਬ ਹਰ ਵਾਰ ਦੀ ਤਰ੍ਹਾਂ ਜੇਤੂ ਰਹੇ। ਇਸ ਜੰਗ ਵਿਚ ਮਾਝੇ ਦੇ ਸਿੰਘਾਂ ਦੇ ਮੁਖੀ ਸ. ਮਹਾ ਸਿੰਘ ਅਤੇ ਉਸਦੇ ਸਾਥੀਆਂ ਨੇ ਸ਼ਾਹੀ ਫੌਜ ਨਾਲ ਜੂਝਕੇ ਪ੍ਰਾਣ ਤਿਆਗੇ। ਸ. ਮਹਾ ਸਿੰਘ ਨੇ ਪ੍ਰਾਣ ਤਿਆਗਣ ਤੋਂ ਪਹਿਲਾਂ ਗੁਰੂ ਜੀ ਆਪ ਚਲਕੇ ਇਸ ਪਾਸ ਪਹੁੰਚੇ ਤਦ ਮਹਾ ਸਿੰਘ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਗੁਰੂ ਸਾਹਿਬ ਉਸ ਦਾ ਗੁਰੂ ਤੋਂ ਬੇਮੁਖਤਾਈ ਵਾਲਾ ਬੇਦਾਵਾ ਪਾੜ ਦੇਣ। ਗੁਰੂ ਸਾਹਿਬ ਜੀ ਨੇ ਉਨ੍ਹਾਂ ਨੂੰ ਬਖਸ਼ ਕੇ ਟੁੱਟੀ ਗੰਢ ਲਈ। ਇਹ ਸ਼ਹੀਦ ਸਿੱਖ ਤਵਾਰੀਖ ਵਿਚ ਮੁਕਤਿਆਂ ਦੇ ਨਾਮ ਨਾਲ ਸਤਿਕਾਰੇ ਗਏ।

**ਦੋਤਾਰਾ**

ਜਖਮਾਂ ਨਾਲ ਘਾਇਲ ਹੋਇਆ ਮਹਾ ਸਿੰਘ ਗੁਰਾਂ ਪਛਾਣ ਕੇ ਚੁੱਕਿਆ,
ਜੋ ਚਿਰਾਂ ਤੋਂ ਚਾਹੁੰਦਾ ਸੀ ਸੂਰਾ ਗੱਲ ਕਹਿਣੋ ਨਾ ਰੁਕਿਆ,
ਦਰਸ਼ਨ ਨੂੰ ਤਰਸ ਰਹੀਆਂ ਨਦੀਆਂ ਨੈਣਾਂ ਚੋਂ ਸਿੰਮ ਆਈਆਂ,
ਅਸੀ ਰਾਹੋਂ ਭੁੱਲੇ ਹਾ ਸਾਨੂੰ ਬਖਸ਼ ਸਿੱਖੀ ਦਿਆ ਸਾਈਆਂ।[21]

ਇਹ ਜੰਗ ਗਰਮੀ ਦੀ ਰੁੱਤ ਵਿਚ ਹੋਈ ਸੀ। ਪਰ ਬਾਅਦ ਵਿਚ ਸਮੁੱਚੇ ਪੰਥ ਨੇ ਗੁਰਮਤਾ ਕਰਕੇ ਇਹ ਦਿਹਾੜਾ ਮਾਘ ਮਹੀਨੇ ਵਿਚ ਮਨਾਉਣਾ ਸ਼ੁਰੂ ਕੀਤਾ। ਮੁਕਤਸਰ ਦੀ ਜੰਗ ਫਤਿਹ ਕਰਕੇ ਗੁਰੂ ਜੀ ਮਾਲਵੇ ਦੇ ਪਿੰਡਾਂ ਚੋਂ ਲੰਘਦੇ ਹੋਏ ਸਾਬੋ ਕੀ ਤਲਵੰਡੀ ਪਹੁੰਚੇ। ਇਥੇ ਸਭ ਤੋਂ ਮਹਾਨ ਕਾਰਜ ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਮੁੜ ਆਪਣੇ ਕੰਠ ਤੋਂ ਉਚਾਰਿਆ ਤੇ ਲਿਖਵਾਇਆ। ਭਾਈ ਮਨੀ ਸਿੰਘ ਅਤੇ ਮਤਾਵਾਂ ਇੱਥੇ ਹੀ ਗੁਰੂ ਸਾਹਿਬ ਨੂੰ ਦਿੱਲੀ ਤੋਂ ਆਣ ਕੇ ਮਿਲੇ ਸਨ। ਗੁਰੂ ਜੀ ਨੇ ਇਸ ਇਲਾਕੇ ਦੇ ਚੌਧਰੀ ਭਾਈ ਡੱਲੇ ਦੇ ਅਹੰਕਾਰ ਦੀ ਨਵਿਰਤੀ ਕੀਤੀ ਸੀ। ਕਵੀਸ਼ਰੀ ਕਾਵਿ ਵਿਚ ਇਸ ਪ੍ਰਸੰਗ ਦਾ ਵਰਨਣ ਮਿਲਦਾ ਹੈ।

**ਕੋਰੜਾ**

ਫੜ ਕੇ ਰਫਲ ਉੱਠੇ ਲਲਕਾਰ ਕੇ, ਗੁਰੂ ਸਾਹਿਬ ਕਹਿਣ ਡੱਲੇ ਨੂੰ ਵੰਗਾਰ ਕੇ।
ਖਬਰੇ ਮਿਲੇ ਨਾ ਵੇਲਾ ਫੇਰ ਡੱਲਿਆ, ਲਿਆ ਕੋਈ ਛੇਤੀ ਆਪਣਾ ਦਲੇਰ ਡੱਲਿਆ।
ਕਿਹੜਾ ਠੱਲ ਸਕੇ ਦਰਿਆ ਦੀ ਮੌਜ ਨੂੰ, ਕੱਲਾ ਸ਼ੇਰ ਬੜਾ ਗਿੱਦੜਾਂ ਦੀ ਫੌਜ ਨੂੰ।
ਡਟ ਜਾਵੇ ਵਾਂਗਰਾਂ ਸੁਮੇਰ ਡੱਲਿਆ, ਲਿਆ ਕੋਈ ਛੇਤੀ ਆਪਣਾ ਦਲੇਰ ਡੱਲਿਆ।[22]

ਇਸ ਘਟਨਾ ਵੇਲੇ ਡੱਲੇ ਦਾ ਅਹੰਕਾਰ ਦੂਰ ਕਰਨ ਲਈ ਗੁਰੂ ਸਾਹਿਬ ਦੇ ਇਕ ਇਸ਼ਾਰੇ ਤੇ ਭਾਈ ਬੀਰ ਸਿੰਘ ਤੇ ਭਾਈ ਧੀਰ ਸਿੰਘ ਨੇ ਗੁਰੂ ਜੀ ਦੀ ਬੰਦੂਕ ਸਾਹਮਣੇ ਆਪਣੀ ਛਾਤੀ ਡਾਹ ਦਿਤੀ ਸੀ। ਜਿੰਨ੍ਹਾਂ ਦੇ ਸਿਰ ਉੱਪਰੋਂ ਹਵਾ ਵਿਚ ਨਿਸ਼ਾਨਾ ਲਗਾ ਦਿਤਾ ਗਿਆ ਸੀ। ਇਸੇ ਸਮੇਂ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਨੇ ਗੁਰੂ ਜੀ ਤੋਂ ਮਦਦ ਮੰਗੀ। ਗੁਰੂ ਜੀ ਨੇ ਉਸਨੂੰ ਤਖਤ ਦਿਵਾਉਣ ਵਿਚ ਮਦਦ ਕੀਤੀ। ਇਸ ਮੁਲਾਕਾਤ ਦਾ ਜਿਕਰ ਕਵੀਸ਼ਰੀ ਕਾਵਿ ਵਿਚ ਉਪਲਬਧ ਹੈ। ਮੁਲਾਕਾਤ

ਦੌਰਾਨ ਗੁਰੂ ਸਾਹਿਬ ਨੇ ਬਾਦਸ਼ਾਹ ਨੂੰ ਆਪਣੇ ਵਲੋਂ ਕੀਤੇ ਸੰਘਰਸ਼ ਦੀ ਗਾਥਾ ਸੁਣਾਈ। ਅਤੇ ਇਸੇ ਤਰ੍ਹਾ ਜ਼ੁਲਮ ਖਿਲਾਫ਼ ਜੂਝਦੇ ਰਹਿਣ ਦਾ ਸੰਕਲਪ ਦੁਹਰਾਇਆ।

**ਪਉੜੀ**

ਤੱਕ ਲੈ ਤੇਰੇ ਬਾਪ ਨੇ ਜੋ ਕਹਿਰ ਗੁਜ਼ਾਰੇ, ਭੁੱਲ ਨਹੀਂ ਸਕਦੇ ਯਾਦ ਨੇ ਉਹ ਮੈਨੂੰ ਸਾਰੇ।
ਬਿਰਛ ਵਧੇ ਅਹੰਕਾਰ ਦਾ ਫਲਦਾਰ ਨਹੀਂ ਹੁੰਦਾ, ਬਾਦਸ਼ਾਹਾਂ ਦਾ ਬਾਦਸ਼ਾਹ ਇਤਬਾਰ ਨਹੀਂ ਹੁੰਦਾ।
ਵਾਅਦਾ ਕਰਕੇ ਬਾਦਸ਼ਾਹ ਭੁੱਲ ਜਾਂਦੇ ਜਿਹੜੇ, ਖਾਣੇ ਪੈਂਦੇ ਉਨ੍ਹਾਂ ਨੂੰ ਦੋਜ਼ਕ ਵਿਚ ਗੇੜੇ।
ਮਰਦਾਂ ਵਾਲਾ ਜਿੰਨ੍ਹਾਂ ਦਾ ਕਿਰਦਾਰ ਨਹੀਂ ਹੁੰਦਾ, ਬਾਦਸ਼ਾਹਾਂ ਦਾ ਬਾਦਸ਼ਾਹ ਇਤਬਾਰ ਨਹੀਂ ਹੁੰਦਾ।[23]

ਕਵੀਸ਼ਰੀ ਕਾਵਿ ਵਿਚ ਜ਼ਿਕਰ ਹੈ ਕਿ ਬਾਦਸ਼ਾਹ ਗੁਰੂ ਜੀ ਨਾਲ ਦੱਖਣ ਵੱਲ ਨੂੰ ਗਿਆ। ਗੁਰੂ ਜੀ ਨੇ ਉਨ੍ਹਾਂ ਸਭ ਦੁਸ਼ਮਣਾਂ ਤੋਂ ਬਾਦਸ਼ਾਹ ਨੂੰ ਜਾਂਣੂੰ ਕਰਵਾਇਆ ਸੀ। ਜਿੰਨ੍ਹਾਂ ਨੇ ਬਿਨਾ ਕਿਸੇ ਕਾਰਨ ਗੁਰੂ ਸਾਹਿਬ ਦੇ ਰਸਤੇ ਵਿਚ ਰੁਕਾਵਟਾਂ ਖੜੀਆ ਕੀਤੀਆਂ ਸਨ। ਇਸੇ ਸਮੇਂ ਦੌਰਾਨ ਨਾਂਦੇੜ ਵਿਚ ਗੋਦਾਵਰੀ ਦੇ ਕੰਢੇ ਤੇ ਗੁਰੂ ਜੀ ਦੀ ਮੁਲਾਕਾਤ ਮਾਧੋ ਦਾਸ ਬੈਰਾਗੀ ਨਾਲ ਹੋਈ। ਜਿਸਨੇ ਗੁਰੂ ਸਾਹਿਬ ਦੀ ਅਜ਼ਮਤ ਤੋਂ ਪ੍ਰਭਾਵਿਤ ਹੋ ਕੇ ਖੰਡੇ ਦੀ ਪਾਹੁਲ ਪ੍ਰਾਪਤ ਕੀਤੀ ਅਤੇ ਅੰਮ੍ਰਿਤਪਾਨ ਕਰਕੇ ਗੁਰਬਖਸ਼ ਸਿੰਘ ਉਰਫ਼ ਬੰਦਾ ਸਿੰਘ ਬਹਾਦੁਰ ਦੇ ਨਾਂ ਨਾਲ ਪ੍ਰਸਿੱਧੀ ਹਾਸਿਲ ਕੀਤੀ। ਗੁਰੂ ਸਾਹਿਬ ਨੇ ਉਸਨੂੰ ਹੁਕਮਨਾਮਾ, ਨਿਸ਼ਾਨ, ਕ੍ਰਿਪਾਨ, ਅਤੇ 25 ਸਿੰਘ ਦਿੱਤੇ। ਜਿੰਨ੍ਹਾਂ ਵਿਚੋਂ ਭਾਈ ਬਿਨੋਦ ਸਿੰਘ, ਭਾਈ ਕਾਨ੍ਹ ਸਿੰਘ, ਭਾਈ ਬਾਜ ਸਿੰਘ, ਭਾਈ ਰਾਮ ਸਿੰਘ, ਤੇ ਬਿਜੈ ਸਿੰਘ ਆਦਿ ਮੁਖੀਏ ਸਿੱਖ ਸਨ। ਗੁਰੂ ਸਾਹਿਬ ਨੇ ਇਸ ਜਥੇ ਨੂੰ ਬਾਬਾ ਬੰਦਾ ਸਿੰਘ ਦੀ ਅਗਵਾਈ ਵਿਚ ਪੰਜਾਬ ਵੱਲ ਤੋਰਿਆ। ਜਿੰਨ੍ਹਾਂ ਨੇ ਪੰਜਾਬ ਵਿਚ ਦੁਸ਼ਟਾਂ ਨੂੰ ਸੋਧਿਆ ਅਤੇ ਖਾਲਸਾ ਰਾਜ ਦੀ ਨੀਂਹ ਰੱਖੀ।

**ਜੋਤੀ ਜੋਤਿ ਸਮਾਉਣ ਦਾ ਪ੍ਰਸੰਗ :** ਗੁਰੂ ਸਾਹਿਬ ਦੇ ਨਾਂਦੇੜ ਵਿਚ ਨਿਵਾਸ ਦੇ ਦਿਨਾਂ ਦੌਰਾਨ ਹੀ ਵਜੀਰ ਖਾਂ ਦੇ ਭੇਜੇ ਹੋਏ ਦੋ ਪਠਾਣ ਗੁਲਖਾਨ ਤੇ ਜਮਸ਼ੈਦ ਖਾਂ ਨੇ ਗੁਰੂ ਸਾਹਿਬ ਤੇ ਅਰਾਮ ਕਰਦੇ ਵਕਤ ਖੰਜਰ ਨਾਲ ਵਾਰ ਕਰਕੇ ਗੰਭੀਰ ਰੂਪ ਵਿਚ ਜ਼ਖਮੀ ਕਰ ਦਿੱਤਾ।

**ਦਵੱਈਆ**

ਕਰ ਅਰਾਮ ਰਹੇ ਸੀ ਸਤਿਗੁਰ ਤੰਬੂ ਵਿਚ ਬਿਰਾਜੇ।
ਸੋਚਾਂ ਜਿਵੇ ਇਕਾਂਤ ਸੋਚਦੇ ਰਾਜਿਆਂ ਦੇ ਮਹਾਰਾਜੇ।
ਡੱਬ ਚੋਂ ਖੰਜਰ ਕੱਢਣ ਲੱਗੇ ਪਾਪੀ ਪਲ ਨਾ ਲਾਇਆ।
ਮੌਕਾ ਤਾੜ ਕੇ ਗੁਲਖਾਨ ਨੇ ਜਹਿਰੀ ਛੁਰਾ ਚਲਾਇਆ।[24]

ਗੁਰੂ ਸਾਹਿਬ ਨੇ ਆਪਣੇ ਜ਼ਖਮ ਦੀ ਪੀੜਾ ਵਿਚੋਂ ਅਕਾਲਪੁਰਖ ਦੇ ਆ ਰਹੇ ਸਦੀਵੀ ਸੱਦੇ ਤੋਂ ਖਾਲਸੇ ਨੂੰ ਜਾਣੂੰ ਕਰਵਾ ਦਿੱਤਾ। ਗੁਰੂ ਸਾਹਿਬ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੁਰਤਾਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਬਖਸ਼ਿਸ਼ ਕਰਕੇ ਸਮੁੱਚੇ ਖਾਲਸੇ ਨੂੰ ਪੂਜਾ ਅਕਾਲ ਕੀ, ਪਰਚਾ ਸਬਦ ਕਾ, ਦੀਦਾਰ ਖਾਲਸੇ ਕਾ ਦੇ ਸਿਧਾਂਤ ਤੇ ਪਹਿਰਾ ਦੇਣ ਦੀ ਤਾਕੀਦ ਕੀਤੀ। ਸੋ ਇਸ ਪ੍ਰਕਾਰ ਗੁਰੂ ਜੀ 41 ਸਾਲ, 9 ਮਹੀਨੇ, 15 ਦਿਨ ਦੀ ਸੰਸਾਰਿਕ ਯਾਤਰਾ ਕਰਕੇ ਜੋਤੀ ਜੋਤ ਸਮਾਏ। ਕਵੀਸ਼ਰੀ ਕਾਵਿ ਵਿਚ ਗੁਰੂ ਗੋਬਿੰਦ ਸਿੰਘ ਦੇ ਜੀਵਨ ਕਾਲ ਨਾਲ ਸੰਬੰਧਿਤ ਪ੍ਰਸੰਗਾਂ ਨੂੰ ਕਵੀਸ਼ਰਾਂ ਨੇ ਬਾਖੂਬੀ ਬਿਆਨ ਕੀਤਾ ਹੈ

ਅਤੇ ਇਨ੍ਹਾਂ ਪ੍ਰਸੰਗਾਂ ਦਾ ਖਾਸ ਸਾਹਿਤਿਕ ਤੇ ਇਤਿਹਾਸਿਕ ਮਹੱਤਵ ਹੈ। ਇਸ ਮਹੱਤਵ ਨੂੰ ਇੱਕ ਤੋਂ ਵਧੇਰੇ ਪੱਖਾਂ ਤੋਂ ਦੇਖਣ ਦੀ ਲੋੜ ਹੈ।

## ਹਵਾਲੇ


1. ਗੰਡਾ ਸਿੰਘ, (ਸੰਪਾ.), **ਕਵੀ ਸੈਨਾਪਤਿ ਰਚਿਤ ਸ੍ਰੀ ਗੁਰ ਸੋਭਾ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988, ਪੰਨਾ 107.
2. ਸੂਬੇਦਾਰ ਅਜਾਇਬ ਸਿੰਘ ਢਿਲੋਂ, **ਕਵੀਸ਼ਰੀ ਮਾਰਤੰਡ ਕਵੀਸ਼ਰ ਕਰਤਾਰ ਸਿੰਘ**, ਵਿਸ਼ਵ ਭਾਰਤੀ ਪ੍ਰਕਾਸ਼ਨ ਬਰਨਾਲਾ, 2005, ਪੰਨਾ 121.
3. ਉਹੀ, ਪੰਨਾ 121.
4. ਜਰਨਲ ਸਿੰਘ ਸਭਰਾ, **ਪਟਨੇ ਤੋਂ ਨੰਦੇੜ ਤੱਕ**, ਮਿਤੀਹੀਣ, ਪੰਨਾ 35.
5. ਉਹੀ, ਪੰਨਾ 49.
6. ਗਿਆਨੀ ਨਰੈਣ ਸਿੰਘ, **ਸ੍ਰੀ ਦਸਮ ਗ੍ਰੰਥ ਸਾਹਿਬ ਜੀ ਸਟੀਕ**,(**ਸੈਂਚੀ ਪਹਿਲੀ**) ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2006, ਪੰਨਾ 234.
7. ਗੁਰਮੁਖ ਸਿੰਘ, ਐਮ. ਏ, **ਕਵੀਸ਼ਰੀ ਦਾ ਬੇਤਾਜ ਬਾਦਸ਼ਾਹ ਜੋਗਾ ਸਿੰਘ ਜੋਗੀ**, ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2009. ਪੰਨਾ 180.
8. ਦਲਬੀਰ ਸਿੰਘ ਗਿੱਲ, **ਕਵੀਸ਼ਰੀ ਰਮਜ਼ਾਂ**, ਮਿਤੀਹੀਣ, ਪੰਨਾ 74.
9. ਉਹੀ, ਪੰਨਾ 75.
10. ਸੂਬੇਦਾਰ ਅਜਾਇਬ ਸਿੰਘ ਢਿਲੋਂ, **ਕਵੀਸ਼ਰੀ ਮਾਰਤੰਡ ਕਵੀਸ਼ਰ ਕਰਤਾਰ ਸਿੰਘ**, ਵਿਸ਼ਵ ਭਾਰਤੀ ਪ੍ਰਕਾਸ਼ਨ ਬਰਨਾਲਾ, 2005, ਪੰਨਾ 124-25.
11. ਜਗੀਰ ਸਿੰਘ ਮਸਤ, **ਅਣਖੀ ਯੋਧੇ**, ਅੰਮ੍ਰਿਤ ਪੁਸਤਕ ਭੰਡਾਰ, ਅੰਮ੍ਰਿਤਸਰ, ਮਿਤੀਹੀਣ, ਪੰਨਾ 17-18.
12. ਗਿਆਨੀ ਨਰੈਣ ਸਿੰਘ, **ਸ੍ਰੀ ਦਸਮ ਗ੍ਰੰਥ ਸਾਹਿਬ ਜੀ ਸਟੀਕ**,(**ਪੋਥੀ ਪੰਜਵੀਂ**) ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ, ਅੰਮ੍ਰਿਤਸਰ, ਮਿਤੀਹੀਣ, ਪੰਨਾ 302.
13. ਗੁਰਮੁਖ ਸਿੰਘ, ਐਮ. ਏ, **ਕਵੀਸ਼ਰੀ ਦਾ ਬੇਤਾਜ ਬਾਦਸ਼ਾਹ ਜੋਗਾ ਸਿੰਘ ਜੋਗੀ**, ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ, 2009. ਪੰਨਾ 181.
14. ਜੋਗਾ ਸਿੰਘ ਜੋਗੀ, **ਜੋਗੀ ਤਰਾਨੇ**, ਉੱਤਮ ਸਿੰਘ ਗੁਰਬਚਨ ਸਿੰਘ, ਅੰਮ੍ਰਿਤਸਰ, ਪੰਨਾ 57-58.
15. ਗੁਰਮੁਖ ਸਿੰਘ, ਐਮ. ਏ, **ਕਵੀਸ਼ਰੀ ਦਾ ਬੇਤਾਜ ਬਾਦਸ਼ਾਹ ਜੋਗਾ ਸਿੰਘ ਜੋਗੀ**, ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ, 2009. ਪੰਨਾ 190.
16. ਜੋਗਾ ਸਿੰਘ ਜੋਗੀ, **ਜੋਗੀ ਤਰਾਨੇ**, ਉੱਤਮ ਸਿੰਘ ਗੁਰਬਚਨ ਸਿੰਘ, ਅੰਮ੍ਰਿਤਸਰ, ਮਿਤੀਹੀਣ, ਪੰਨਾ 89-91.
17. ਸੂਬੇਦਾਰ ਅਜਾਇਬ ਸਿੰਘ ਢਿਲੋਂ, **ਕਵੀਸ਼ਰੀ ਮਾਰਤੰਡ ਕਵੀਸ਼ਰ ਕਰਤਾਰ ਸਿੰਘ**, ਵਿਸ਼ਵ ਭਾਰਤੀ ਪ੍ਰਕਾਸ਼ਨ ਬਰਨਾਲਾ, 2005, ਪੰਨਾ 131.
18. ਇਕਬਾਲ ਰਾਮੂਵਾਲੀਆ (ਸੰਪਾ.), **ਰਾਮੂਵਾਲੀਏ ਕਰਨੈਲ ਪਾਰਸ ਦੀ ਸੰਪੂਰਨ ਰਚਨਾ**, ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ, 2019, ਪੰਨਾ 90.
19. ਜੋਗਾ ਸਿੰਘ ਜੋਗੀ, ਬਲਦੇਵ ਸਿੰਘ ਬੈਂਕਾ, **ਬਾਂਕੇ ਜੋਗੀ**, ਅੰਮ੍ਰਿਤ ਪੁਸਤਕ ਭੰਡਾਰ, ਅੰਮ੍ਰਿਤਸਰ, ਮਿਤੀਹੀਣ, ਪੰਨਾ 33.
20. ਸੂਬੇਦਾਰ, ਅਜਾਇਬ ਸਿੰਘ ਢਿਲੋਂ, **ਕਵੀਸ਼ਰੀ ਮਾਰਤੰਡ ਕਵੀਸ਼ਰ ਕਰਤਾਰ ਸਿੰਘ**, ਵਿਸ਼ਵ ਭਾਰਤੀ ਪ੍ਰਕਾਸ਼ਨ ਬਰਨਾਲਾ, 2005, ਪੰਨਾ 154.
21. ਗੁਰਮੁਖ ਸਿੰਘ, ਐਮ. ਏ, **ਕਵੀਸ਼ਰੀ ਦਾ ਬੇਤਾਜ ਬਾਦਸ਼ਾਹ ਜੋਗਾ ਸਿੰਘ ਜੋਗੀ**, ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ, 2009. ਪੰਨਾ 207.
22. ਉਹੀ, ਪੰਨਾ 208.
23. ਉਹੀ, ਪੰਨਾ 212-13.
24. ਉਹੀ, ਪੰਨਾ 217.

# ਹਰਜੀਤ ਅਟਵਾਲ ਦੀ ਨਾਵਲ ਦ੍ਰਿਸ਼ਟੀ : ਸਾਊਥਾਲ ਦੇ ਵਿਸ਼ੇਸ਼ ਪ੍ਰਸੰਗ ਵਿਚ

**ਰਵਿੰਦਰ ਸਿੰਘ**

**ਪੀਐਚ.ਡੀ. ਖੋਜਾਰਥੀ**

**ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ**

ਜਦੋਂ ਤੋਂ ਮਨੁੱਖ ਨੇ ਸਮਾਜਕ ਵਿਕਾਸ ਕਰਨਾ ਸ਼ੁਰੂ ਕੀਤਾ, ਉਦੋਂ ਤੋਂ ਹੀ ਪਰਵਾਸ ਦਾ ਵਰਤਾਰਾ ਦੇਖਣ ਨੂੰ ਮਿਲਦਾ ਹੈ। ਆਦਿ ਕਾਲੀਨ ਮਨੁੱਖ ਆਪਣੇ ਨਿੱਜੀ ਅਤੇ ਕਬੀਲੇ ਦੇ ਚੰਗੇਰੇ ਜੀਵਨ ਲਈ ਪਰਿਵਾਰ ਧਾਰਨ ਕਰਦਾ ਰਿਹਾ। ਸ਼ੁਰੂਆਤੀ ਦੌਰ ਵਿੱਚ ਸਿਰਫ ਰੋਜ਼ੀ-ਰੋਟੀ ਦੀ ਭਾਲ ਨੇ ਮਨੁੱਖ ਨੂੰ ਪਰਵਾਸ ਕਰਨ ਲਈ ਮਜਬੂਰ ਕੀਤਾ ਸਮੇਂ ਦੇ ਬਦਲਣ ਨਾਲ ਹੌਲੀ-ਹੌਲੀ ਮਨੁੱਖ ਦੀਆਂ ਲੋੜਾਂ ਵੀ ਬਦਲਦੀਆਂ ਗਈਆਂ। ਆਦਿ ਮਨੁੱਖ ਲਈ ਖਾਣ ਤੋਂ ਅੱਗੇ ਦੀ ਜ਼ਿੰਦਗੀ ਦੀਆਂ ਹੋਰ ਜ਼ਰੂਰਤਾਂ ਦੀ ਪੂਰਤੀ ਕਰਨਾ ਵੀ ਲਾਜ਼ਮੀ ਹੋ ਗਿਆ ਸੀ। ਅਜਿਹੇ ਸਮੇਂ ਮਨੁੱਖ ਨੇ ਇਕ ਥਾਂ ਤੋਂ ਦੂਜੀ ਥਾਂ ਜਾ ਕੇ ਆਪਣੇ ਤੇ ਆਪਣੇ ਪਰਿਵਾਰ ਦੀਆਂ ਸੁੱਖ ਸਹੂਲਤਾਂ ਪ੍ਰਾਪਤ ਕਰਨ ਲਈ ਪਰਵਾਸ ਕਰਨਾ ਸ਼ੁਰੂ ਕੀਤਾ। ਆਰੀਆਂ ਲੋਕਾਂ ਨੇ ਆਪਣੇ ਮੂਲ ਸਥਾਨ ਤੋਂ ਪਰਵਾਸ ਕਰਕੇ ਭਾਰਤ ਵਿੱਚ ਪ੍ਰਵੇਸ਼ ਕੀਤਾ,ਜੋ ਇਥੋਂ ਦੇ ਵਸਨੀਕ ਬਣ ਕੇ ਰਹਿ ਗਏ ਸਨ। ਇਸ ਤੋਂ ਬਾਅਦ ਕਿੰਨੇ ਹੋਰ ਰਾਜੇ ਮਹਾਰਾਜਿਆਂ ਨੇ ਭਾਰਤ ਤੇ ਹਮਲੇ ਕੀਤੇ, ਕੁਝ ਇੱਕ ਇਥੋਂ ਦੇ ਬਸ਼ਿੰਦੇ ਬਣ ਕੇ ਰਹਿ ਗਏ ਇਹਨਾਂ ਵਿੱਚ ਮੁਗਲ ਵੀ ਇਕ ਸਨ। ਮੁਗਲਾਂ ਨੇ ਵੀ ਭਾਰਤੀ ਦੇਸ਼ ਨੂੰ ਲੁੱਟਣ ਲਈ ਹਮਲੇ ਕੀਤੇ, ਪਰੰਤੂ ਹੌਲੀ-ਹੌਲੀ ਭਾਰਤੀ ਸੱਭਿਆਚਾਰ ਵਿੱਚ ਰਲ-ਮਿਲ ਗਏ ਜਾਂ ਇਸ ਤਰ੍ਹਾਂ ਕਿਹਾ ਜਾਵੇ ਕਿ ਮੁਸਲਿਮ ਸੱਭਿਆਚਾਰ ਨੂੰ ਭਾਰਤੀ ਸਮਾਜ ਵਿੱਚ ਰਲਗੱਡ ਕਰ ਲਿਆ ਗਿਆ। "ਪਰਵਾਸ ਇੱਕ ਅਜਿਹਾ ਸਰੋਕਾਰ ਹੈ ਜੋ ਕਿ ਮਨੁੱਖ ਨੂੰ ਉਸਦੀਆਂ ਅਕਾਂਖਿਆਂਵਾਂ ਦੀ ਪੂਰਤੀ ਦੀ ਸੰਭਾਵਨਾ ਦਿੰਦਾ ਹੈ। ਪਰਵਾਸ ਇੱਕ ਅਜਿਹਾ ਰੁਝਾਨ ਹੈ ਜਿਸ ਵਿੱਚ ਲਾਭ ਅਤੇ ਕੀਮਤਾਂ ਦੇ ਸੰਤੁਲਨ ਨੂੰ ਦੇਖਿਆ ਜਾਂਦਾ ਹੈ। ਇਸ ਤਰ੍ਹਾਂ ਲੱਗਦਾ ਹੈ ਜਿਵੇਂ ਰੁਝਾਨ ਯੁਕਤ ਪੂਰਵਕ ਹੋਵੇ, ਪਰ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਮਨੋਰਥ ਪਹਿਲਾਂ ਹੀ ਨਿਸ਼ਚਿਤ ਹੁੰਦੇ ਹਨ"[1] ਪਰਵਾਸ ਸ਼ਬਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ Immigration ਦੇ ਸਮਾਨਅਰਥੀ ਹੈ। ਪਰਵਾਸ ਸ਼ਬਦ ਪਰ+ਵਾਸ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ। ਪਰ ਦਾ ਭਾਵ ਪਰਾਇਆ ਤੇ ਵਾਸ ਦਾ ਅਰਥ ਵੱਸਣਾ ਅਰਥਾਤ ਆਪਣੇ ਮੂਲ ਸਥਾਨ ਨੂੰ ਛੱਡ ਕੇ ਕਿਸੇ ਹੋਰ ਜਗ੍ਹਾ ਜਾ ਕੇ ਵਸੇਬਾ ਕਰਨਾ ਪਰਵਾਸ ਹੈ। ਆਵਾਸ ਅਤੇ ਪ੍ਰਵਾਸ ਦੇ ਸੰਕਲਪਾਂ ਨੂੰ ਦੇਖੀਏ ਤਾਂ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਪੰਜਾਬੀ ਲੋਕਾਂ ਨੇ ਆਪਣੇ ਜੀਵਨ ਮਿਆਰ ਨੂੰ ਉੱਚਾ ਕਰਨ ਲਈ ਅਤੇ ਸਮਾਜਕ ਸੁਰੱਖਿਆ ਦੀ ਭਾਵਨਾ ਨਾਲ ਪਰਵਾਸ ਧਾਰਨ ਕੀਤਾ। ਜਦੋਂ ਕੋਈ ਵਿਅਕਤੀ ਆਪਣੀ ਮਾਤ ਭੂਮੀ ਛੱਡ ਕੇ ਕਿਸੇ ਵਿਦੇਸ਼ੀ ਭੂਮੀ ਨੂੰ ਆਪਣੀ ਰਹਿਤਲ ਦਾ ਹਿੱਸਾ ਬਣਾਉਂਦਾ ਹੈ ਤਾਂ ਉਸਨੂੰ ਉਥੇ ਰਹਿਣ ਸਹਿਣ ਖਾਣ-ਪੀਣ ਵਾਤਾਵਰਨ ਸੱਭਿਆਚਾਰਕ ਅਤੇ ਹੋਰ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹਨਾਂ ਸਮੱਸਿਆਵਾਂ ਅਤੇ ਸਰੋਕਾਰਾਂ ਨੂੰ ਹੀ ਬਰਤਾਨਵੀ ਪੰਜਾਬੀ ਸਾਹਿਤਕਾਰਾਂ ਨੇ ਆਪਣੀ ਰਚਨਾਵਾਂ ਵਿੱਚ ਪੇਸ਼ ਕਰਨ ਦਾ ਯਤਨ ਕੀਤਾ।

ਬਰਤਾਨੀਆ ਵਿੱਚ ਪਰਵਾਸੀ ਪੰਜਾਬੀ ਸਾਹਿਤ ਦਾ ਮੁੱਢ 20ਵੀਂ ਸਦੀ ਦੇ ਚੌਥੇ ਪੰਜਵੇਂ ਦਹਾਕੇ ਤੋਂ ਬੱਝਣਾ ਸ਼ੁਰੂ ਹੋ ਜਾਂਦਾ ਹੈ ਪ੍ਰੰਤੂ ਪਰਵਾਸ ਦੇ ਹੰਡਾਏ ਸੰਤਾਪ, ਦੁਸ਼ਵਾਰੀਆਂ, ਕਠਿਨਾਈਆਂ ਸਮੂਰਤਾਂ ਰੂਪ ਵਿੱਚ ਬਹੁਤ ਮਗਰੋਂ ਜਾ ਕੇ ਕਲਮਬੰਧ ਕੀਤੀ ਜਾਣ ਲੱਗੀ। ਮੁੱਢਲੇ ਦੌਰ ਵਿੱਚ ਪੰਜਾਬੀ ਪਰਵਾਸੀਆਂ ਦੇ ਪ੍ਰਵਾਸ ਕਰਨ ਪਿੱਛੇ ਮੁੱਖ ਕਾਰਨ ਰੋਜੀ-ਰੋਟੀ ਦੀ ਭਾਲ ਸੀ। ਪਰੰਤੂ ਸਮੇਂ ਦੇ ਬਦਲਾਉ ਅਤੇ ਸਮਾਜਕ ਸੱਭਿਆਚਾਰ ਰਾਜਨੀਤਿਕ ਕਾਰਨਾਂ ਕਰਕੇ ਪੰਜਾਬੀਆਂ ਨੂੰ ਪਰਵਾਸ ਕਰਨ ਲਈ ਮਜਬੂਰ ਹੋਣਾ ਪਿਆ। ਵੀਹਵੀਂ ਸਦੀ ਦੇ ਛੇਵੇਂ-ਸੱਤਵੇਂ ਦਹਾਕੇ ਤੋਂ ਬਰਤਾਨੀਆ ਪੰਜਾਬੀ ਸਾਹਿਤ

ਦੀ ਰਚਨਾ ਹੋਣ ਲੱਗੀ ਸੀ। ਪਹਿਲੀ ਪੀੜ੍ਹੀ ਦੇ ਪ੍ਰਵਾਸੀਆਂ ਵਿੱਚ ਰਿਟਾਇਰ ਫੌਜੀਆਂ, ਮੱਧ ਵਰਗ ਕਿਸਾਨਾਂ ਨੇ ਪਰਵਾਸ ਕੀਤਾ ਤੇ ਸਾਹਿਤ ਲਿਖਿਆ। ਇਸ ਪੀੜ੍ਹੀ ਨੇ ਅਨੁਭਵ ਦੀ ਘਾਟ ਕਾਰਨ ਪਿੱਛਲਝਾਤ ਦੇ ਮੋਹ ਵਿੱਚ ਕਾਫੀ ਸਾਹਿਤ ਲਿਖਿਆ । ਇਹਨਾਂ ਵਿੱਚੋਂ ਜਿਆਦਾਤਰ ਸਾਹਿਤਕਾਰਾਂ ਨੇ ਕਵਿਤਾ ਦੇ ਮਾਧਿਅਮ ਰਾਹੀਂ ਆਪਣੇ ਵਿਚਾਰਾਂ ਨੂੰ ਪ੍ਰਗਟ ਕੀਤਾ ਪ੍ਰੰਤੂ ਇਸ ਤੋਂ ਅਗਲੀ ਪੀੜ੍ਹੀ ਜਿਸ ਨੇ ਪਰਵਾਸ ਕੀਤਾ ਪੜ੍ਹੀ-ਲਿਖੀ ਸੀ ਉਨਾਂ ਨੇ ਪਰਵਾਸ ਦੇ ਸੰਕਲਪ ਨੂੰ ਵੱਖਰੇ ਨਜ਼ਰੀਏ ਤੋਂ ਦੇਖਣਾ ਸ਼ੁਰੂ ਕੀਤਾ ਤੇ ਸਾਹਿਤ ਰਚਨਾ ਕੀਤੀ। ਬਰਤਾਨਵੀ ਪੰਜਾਬੀ ਸਾਹਿਤ ਦੀ ਇਸ ਪੀੜ੍ਹੀ ਵਿੱਚ ਸਵਰਨ ਚੰਦਨ, ਰਘੁਬੀਰ ਢੰਡ, ਅਵਤਾਰ ਜੰਡਿਆਲਵੀ, ਸਾਥੀ ਲੁਧਿਆਣਵੀ, ਨਿਰੰਜਨ ਸਿੰਘ ਨੂਰ, ਭੁਪਿੰਦਰ ਗਰੇਵਾਲ, ਇੱਕਬਾਲ ਰਾਮੂਵਾਲੀਆ, ਦਰਸ਼ਨ ਧੀਰ, ਸ਼ਿਵਚਰਨ ਗਿੱਲ, ਤਰਸੇਮ ਨੀਲਗਿਰੀ, ਪ੍ਰੀਤਮ ਸੰਧੂ ਆਦਿ ਸਾਹਿਤਕਾਰਾਂ ਨੇ ਬਰਤਾਨੀਆ ਪੰਜਾਬੀ ਸਾਹਿਤ ਵਿੱਚ ਆਪਣਾ ਬਹੁਮੁੱਲਾ ਯੋਗਦਾਨ ਪਾਇਆ। ਇਹਨਾਂ ਸਾਹਿਤਕਾਰਾਂ ਨੇ ਆਪਣੀ ਰਚਨਾਵਾਂ ਵਿੱਚ ਪਰਵਾਸ ਦੀਆਂ ਤਲਖ਼ ਹਕੀਕਤਾਂ ਨੂੰ ਆਪਣੇ ਸਾਹਿਤ ਦਾ ਵਿਸ਼ਾ ਵਸਤੂ ਬਣਾਇਆ ਲੇਕਿਨ ਇਥੋਂ ਇੱਕ ਹੋਰ ਨੁਕਤਾ ਧਿਆਨ ਦੀ ਮੰਗ ਕਰਦਾ ਹੈ ਕਿ ਜਿਹੜੇ ਪੰਜਾਬੀਆਂ ਨੇ ਪਰਵਾਸ ਕੀਤਾ ਉਹਨਾਂ ਦੇ ਰੋਜ਼ਮਰ੍ਹਾਂ ਜ਼ਿੰਦਗੀ ਵਿੱਚ ਬਦਲਾਓ ਪ੍ਰਵਾਸ ਹੰਢਾ ਰਹੇ ਪੰਜਾਬੀ ਔਰਤਾਂ ਸਥਿਤੀ ਪੂੰਜੀਵਾਦ ਦੇ ਆਉਣ ਨਾਲ ਰਿਸ਼ਤਿਆਂ ਵਿੱਚ ਕੜਵਾਹਟ ਆਦਿ ਸਰੋਕਾਰਾਂ ਨੂੰ ਅੱਖੋਂ ਪਰੋਖੇ ਕਰਕੇ, ਪਰਵਾਸ ਦੇ ਉਹਨਾਂ ਬਿੰਦੂਆਂ ਤੇ ਧਿਆਨ ਕੇਂਦਰਿਤ ਕੀਤਾ ਗਿਆ। ਜਿਸ ਬਾਰੇ ਪਿਛਲੇ ਸਮੇਂ ਤੋਂ ਪਰਵਾਸੀ ਲੇਖਕ ਲਿਖਦੇ ਆ ਰਹੇ ਹਨ ਜਿਸ ਵਿੱਚ ਨਸਲੀ ਵਿਤਕਰਾ ਭੂ-ਹੇਰਵਾ ਪਿੱਛਲਝਾਤ ਦਾ ਮੋਹ, ਪੀੜ੍ਹੀ-ਪਾੜੇ ਦਾ ਅੰਤਰ ਦਵੰਧ, ਸੱਭਿਆਚਾਰ ਦਾ ਮੋਹ ਆਦਿ ਨੂੰ ਪੇਸ਼ ਕੀਤਾ ਜਾਂਦਾ ਰਿਹਾ ਹੈ।

ਬਰਤਾਨਵੀ ਪੰਜਾਬੀ ਸਾਹਿਤ ਵਿੱਚ ਹਰਜੀਤ ਅਟਵਾਲ ਅਜਿਹੀ ਵਿਲੱਖਣ ਸ਼ਖਸ਼ੀਅਤ ਹੈ। ਜਿਸ ਦੇ ਗਲਪ ਸਾਹਿਤ ਵਿੱਚ ਅਵਾਸ ਅਤੇ ਪਰਵਾਸ ਦੇ ਨੁਕਤਿਆਂ ਤੋਂ ਯਥਾਰਥ ਦ੍ਰਿਸ਼ਟੀ ਪੇਸ਼ ਹੁੰਦੀ ਹੈ। ਪਰਵਾਸੀ ਪੰਜਾਬੀ ਸਾਹਿਤ ਵਿੱਚ ਹਰਜੀਤ ਅਟਵਾਲ ਨੇ 9 ਕਹਾਣੀ ਸੰਗ੍ਰਹਿ 'ਸੁੱਕਾ ਪੱਤਾ ਤੇ ਹਵਾ' 'ਕਾਲਾ ਲਹੂ', 'ਸੱਪਾਂ ਦਾ ਘਰ ਬਰਤਾਨੀਆ', 'ਖੂਹਾਂ ਵਾਲਾ ਘਰ' 'ਇੱਕ ਸੱਚ ਮੇਰਾ ਵੀ', 'ਨਵੇਂ ਗੀਤ ਦਾ ਮੁਖੜਾ', 'ਇੱਕ ਗੱਲ ਜੇ ਦਿਲ ਲਾਗੇ', 'ਦਸ ਦਰਵਾਜ਼ੇ' ਮਸਤ ਆਦਿ 14 ਨਾਵਲ 'ਵਨ ਵੇਅ' 'ਰੇਤ' 'ਸਵਾਰੀ' 'ਸਾਊਥਾਲ' 'ਬ੍ਰਿਟਸ਼ ਬੌਰਨ ਦੇਸੀ' 'ਅਕਾਲ ਸਹਾਏ' 'ਗੀਤ' 'ਮੁੰਦਰੀ ਡੌਟ ਕੌਮ' 'ਮੋਰ ਉਡਾਰੀ' ਆਪਣਾ' 'ਕਾਲੇ ਰੰਗ ਗੁਲਾਬਾਂ ਦੇ' 'ਜੇਠੂ 'ਹਾਦਸੇ' 'ਸਫ਼ਰ' 'ਘਰ' ਇਸ ਤੋਂ ਇਲਾਵਾ 'ਸਰਦ ਪੈਰਾਂ ਦੀ ਉਡੀਕ'(ਕਾਵਿ ਸੰਗ੍ਰਹਿ)'ਦਸ ਦਰਵਾਜ਼ੇ'(ਸਵੈ ਜੀਵਨੀ) ਫੋਕਸ(ਸਫਰਨਾਮਾ) ਪੱਚਾਸੀ ਵਰ੍ਹਿਆਂ ਦਾ ਜਸ਼ਨ ਜੀਵਨੀ ਆਦਿ ਨਾਲ ਪੰਜਾਬੀ ਸਾਹਿਤ ਨੂੰ ਅਮੀਰ ਕੀਤਾ। ਹਰਜੀਤ ਅਟਵਾਲ ਰਚਿਤ ਸਾਹਿਤ ਵਿੱਚ ਜਿੱਥੇ ਪ੍ਰਵਾਸੀ ਪੰਜਾਬੀਆਂ ਦੀ ਮੁਢਲੀ ਸਮੱਸਿਆ ਨੂੰ ਰੂਪਮਾਨ ਕਰਦਾ ਹੈ ਉੱਥੇ ਪ੍ਰਵਾਸੀਆਂ ਦੇ ਬਦਲਦੇ ਜੀਵਨ ਯਥਾਰਥ ਨੂੰ ਵੀ ਆਪਣੀ ਸਾਹਿਤ ਰਚਨਾ ਦਾ ਵਿਸ਼ਾ ਵਸਤੂ ਬਣਾਉਂਦਾ ਹੈ।

ਪਹਿਲੀ ਪੀੜ੍ਹੀ ਦੇ ਪਰਵਾਸੀਆਂ ਨੂੰ ਆਪਣੇ ਪਰਿਵਾਰ ਤੋਂ ਵਿਛੋੜੇ, ਸ਼ਰੀਰਿਕ ਅਤੇ ਮਾਨਸਿਕ ਗੁਲਾਮੀ ਨੂੰ ਸਹਾਰਨਾ ਪਿਆ। ਆਪਣੇ ਦੇਸ਼ ਵਿੱਚ ਰਹਿੰਦਿਆਂ ਜੋ ਪਰਵਾਸ ਦਾ ਸੰਕਲਪ ਪੰਜਾਬੀਆਂ ਦੇ ਮਨ ਵਿੱਚ ਬਣਿਆ ਸੀ ਉਹ ਢਹਿ-ਢੇਰੀ ਹੋ ਗਿਆ। ਅਜਿਹੀਆਂ ਪ੍ਰਸਥਿਤੀਆਂ ਵਿੱਚ ਫਸਿਆ ਪਰਦੁੱਮਣ ਸਿੰਘ ਪਰਵਾਸ ਧਾਰਨ ਕਰਦਾ ਹੈ।

"ਪਰਦੁੱਮਣ ਇਹ ਸਭ ਧਿਆਨ ਨਾਲ ਦੇਖਦਾ ਜਾਂਦਾਂ ਹੈ। ਜਿਵੇਂ ਕੇ ਮੁੜ ਕੇ ਪਹਿਲੀ ਵਾਰ ਪਿੰਡ ਗਿਆ ਨੂੰ ਮਹਿਸੂਸ ਹੁੰਦਾ ਹੋਵੇ, ਉਵੇਂ ਹੀ ਉਸਨੂੰ ਲੱਗ ਰਿਹਾ ਹੈ ਸਾਊਥਾਲ, ਆਪਣਾ ਸਾਊਥਾਲ। ਉਸਦੇ ਮਨ ਵਿੱਚ ਇਹ ਲਫ਼ਜ਼ ਵਾਰ ਵਾਰ ਆ ਰਹੇ ਹਨ। ਫਿਰ ਉਹ ਮਨ ਹੀ ਮਨ ਹੱਸਦਾ ਹੈ-ਆਪਣਾ ਸਾਊਥਾਲ, ਕੈਸਾ ਆਪਣਾ ਸਾਊਥਾਲ। ਇਹ ਤਾਂ ਪਤਾ ਲੱਗੂ ਜਦ

ਗੋਰਿਆਂ ਨੇ ਪੂਛਾਂ ਚੁਕਾਈਆਂ। ਕਦੇ ਪਿੰਡ ਵੀ ਤਾਂ ਆਪਣਾ ਹੁੰਦਾ ਸੀ। ਪਿੰਡ ਦਾ ਨਾਂ ਮੂੰਹ ਵਿੱਚ ਆਉਂਦਿਆਂ ਹੀ ਸਭ ਕੁਝ ਕੁਸੈਲਾ ਹੋ ਜਾਂਦਾ ਹੈ, ਕੁੜੱਤਣ ਨਾਲ ਭਰਿਆ ਹੋਇਆ।"[2]

ਭਾਰਤੀ ਪੰਜਾਬ ਵਿੱਚ ਉਸ ਕੋਲ ਗੁਜ਼ਾਰੇ ਜੋਗੀ ਜ਼ਮੀਨ ਵੀ ਹੈ। ਪੰਜਾਬ ਵਿੱਚ ਫੈਲੇ ਆਤੰਕਵਾਦ ਤੋਂ ਤੰਗ ਆ ਕੇ ਪਰਵਾਸ ਕਰਦਾ ਹੈ ਤੇ ਹੌਲੀ-ਹੌਲੀ ਆਪਣੀ ਜ਼ਿੰਦਗੀ ਨੂੰ ਸਹੀ ਰਾਸਤੇ ਤੇ ਲੈ ਆਉਂਦਾ।

ਸਾਊਥਾਲ ਨਾਵਲ ਵਿਚ ਸਾਊਥਾਲ ਦੇ ਸਮਾਜਕ, ਸੱਭਿਆਚਾਰਕ ਅਤੇ ਇਤਿਹਾਸਕ ਪੱਖਾਂ ਨੂੰ ਪੇਸ਼ ਕੀਤਾ ਗਿਆ। ਨਾਵਲ ਦਾ ਪਾਤਰ ਪਰਦੁੱਮਣ ਭਾਵੇਂ ਆਰਥਿਕ ਮੰਦਹਾਲੀ ਕਰਕੇ ਉਪਜੀ ਦੁਖਾਂਤਿਕ ਸਥਿਤੀ ਤੋਂ ਤੰਗ ਆ ਕੇ ਵਿਦੇਸ਼ ਜਾਣਾ ਚਾਹੁੰਦਾ ਹੈ ਪ੍ਰੰਤੂ ਇਸ ਪਿੱਛੇ ਉਸਦੀਆਂ ਸੰਭਾਵੀ ਖੁਸ਼ੀਆਂ ਦੇ ਨਾਂ ਨਾਲ ਵਿਦੇਸ਼ੀ ਧਰਤੀ ਤੇ ਪਰਵਾਸ ਕਰਨ ਦੀ ਚਾਹਤ ਵੀ ਛੁਪੀ ਹੋਈ ਹੈ। ਹਰਜੀਤ ਅਟਵਾਲ ਨੇ ਸਾਊਥਾਲ ਨਾਵਲ ਵਿੱਚ ਵਿਕਸਤ ਪੂੰਜੀਵਾਦੀ ਪ੍ਰਬੰਧ ਅਧੀਨ ਪੰਜਾਬੀ ਸੱਭਿਆਚਾਰਕ ਰਿਸ਼ਤੇ ਨਾਤੇ ਪ੍ਰਬੰਧ ਦੇ ਡਿੱਗ ਰਹੇ ਮਿਆਰ ਨੂੰ ਅਲੱਗ ਅਲੱਗ ਕਰਕੇ ਦ੍ਰਿਸ਼ ਵੀ ਉਲੀਕੇ ਹਨ। ਸਾਊਥਾਲ ਨਾਵਲ ਦਾ ਜਿਆਦਾ ਪ੍ਰਭਾਵ ਪ੍ਰਵਾਸੀਆਂ ਦੀ ਮਾਨਸਿਕਤਾ ਦੀ ਵਿਭਿੰਨ ਤੇਹਾਂ ਨੂੰ ਖੋਲਣ ਤੇ ਫਰੋਲਣ ਨਾਲ ਸੰਬੰਧਿਤ ਹੈ। ਇਸ ਵਿੱਚ ਮੂਲ ਵਾਸੀਆਂ ਦੀ ਮਿਆਰੀ ਭੂਮਿਕਾ ਦੇ ਬਹੁਪਰਤੀ ਦਰਸ਼ਨ ਦ੍ਰਿਸ਼ਟੀਗੋਚਰ ਹੁੰਦੇ ਹਨ। ਇਸ ਨਾਵਲ ਵਿਚਲਾ ਬਿਰਤਾਂਤ ਪਰਵਾਸੀ ਪੰਜਾਬੀਆਂ ਦਾ ਆਪਣੇ ਆਪ ਨੂੰ ਪੱਛਮੀ ਰਹਿਣ ਸਹਿਣ ਤੇ ਉਥੋਂ ਦੀ ਜੀਵਨਸ਼ਾਲੀ ਦੇ ਅਨੁਕੂਲ ਢਾਲਣ ਦੀਆਂ ਕੋਸ਼ਿਸ਼ਾਂ ਦੇ ਜਦੋ-ਜਹਿਦ ਆਪਣੀਆਂ ਅਚੇਤ ਮਨ ਵਿੱਚ ਪਾਈਆਂ ਹੋਈਆਂ ਪੂਰਵੀ ਕੀਮਤ ਪ੍ਰਬੰਧ ਨੂੰ ਪੂਰਨ ਰੂਪ ਵਿੱਚ ਭੁੱਲਣ-ਭੁਲਾਣ ਬਦਲਣ-ਬਦਲਾਉਣ ਦੀਆਂ ਮਾਨਸਿਕ ਗੁੰਝਲਾਂ ਦੀ ਪੇਸ਼ਕਾਰੀ ਕਰਦਾ ਹੈ। ਇਸ ਨਾਵਲ ਵਿਚਲਾ ਪਾਤਰ ਪਰਦੁੱਮਣ ਉਪਰੋਕਤ ਸਥਿਤੀ ਦੀ ਜਟਿਲਤਾ ਨੂੰ ਨਾ ਸਮਝੀ ਵਿੱਚ ਆਪਣੇ ਮਨ ਤੇ ਹੰਢਾਉਂਦਾ ਹੈ। ਨਾਵਲ ਦੇ ਬਿਰਤਾਂਤ ਵਿੱਚੋ ਇੱਕ ਉਦਾਹਰਨ ਦਿੱਤੀ ਜਾ ਸਕਦੀ। ਨਾਵਲ ਦਾ ਪਾਤਰ ਪਰਦੁੱਮਣ ਵੀ ਇਹੋ ਜਿਹੀ ਸਥਿਤੀ ਵਿੱਚੋਂ ਗੁਜ਼ਰਦਾ ਹੈ –

"ਪਰਦੁੱਮਣ ਦੇ ਕੰਮ ਦੀ ਚੜ੍ਹਤ ਕਈਆਂ ਦੀਆਂ ਅੱਖਾਂ ਵਿੱਚ ਹਲਕੀ ਹਲਕੀ ਰੜਕ ਰਹੀ ਹੈ ਖਾਸ ਤੌਰ ਤੇ ਕਾਰੇ ਦੇ। ਕਾਰਾ ਕਹਿਣ ਲੱਗਦਾ ਹੈ ਕਿ ਇਹ ਸਾਲ ਦੁੱਮਣ ਸੜੇ ਹੋਏ ਆਲੂ ਜਾਂ ਰੱਦੀ ਜਿਹਾ ਚਿਕਨ ਵੇਚ ਕੇ ਮਿਲੀਅਨੇਅਰ ਬਣਿਆ ਫਿਰਦਾ ਹੈ। ਉਸਦਾ ਉਕਸਾਇਆ ਹੋਇਆ ਸਾਲਾ ਸੁਖਦੇਵ ਸਿੰਘ ਪਰਦੁੱਮਣ ਬਰਾਬਰ ਸਮੋਸਿਆਂ ਦੀ ਫੈਕਟਰੀ ਲਗਾ ਦਿੰਦਾ ਹੈ ਜੋ ਕੁਝ ਹਫਤਿਆਂ ਬਾਅਦ ਬੰਦ ਹੋ ਜਾਂਦੀ ਹੈ"[3]

ਮਨੁੱਖੀ ਵਿਹਾਰ ਨੂੰ ਨਿਰਧਾਰਤ ਕਰਨ ਵਾਲੇ ਪਹਿਲੂਆਂ ਵਿੱਚੋਂ ਆਰਥਿਕਤਾ ਸਭ ਤੋਂ ਮਹੱਤਵਪੂਰਨ ਪਹਿਲੂ ਹੈ। ਪਰਵਾਸ ਦੀਆਂ ਮੁੱਖ ਸਮੱਸਿਆਵਾਂ ਆਰਥਿਕਤਾ ਦੇ ਨਾਲ ਹੀ ਸਬੰਧਿਤ ਹਨ। ਪ੍ਰਦੇਸ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰਾਂ ਦੀ ਖੁਸ਼ਹਾਲੀ ਆਰਥਿਕਤਾ ਨੂੰ ਵੇਖ ਕੇ ਆਮ ਵਿਅਕਤੀ ਵਿੱਚ ਬਾਹਰ ਜਾਣ ਦੀ ਖਿੱਚ ਹੁੰਦੀ ਹੈ। ਪਰਵਾਸ ਦੀ ਹਕੀਕਤ ਤੋਂ ਅਣਜਾਨ ਪੌਡਾਂ ਅਤੇ ਡਾਲਰਾਂ ਵਿੱਚ ਘਿਰੇ ਪ੍ਰਵਾਸੀ ਪੰਜਾਬੀ ਮਸ਼ੀਨਾਂ ਦਾ ਪੁਰਜਾ ਬਣ ਗਏ, ਮੱਧ ਵਰਗੀ ਸ਼੍ਰੇਣੀ ਦੇ ਲੋਕਾਂ ਨੂੰ ਦਿਨ ਰਾਤ ਫੈਕਟਰੀਆਂ ਵਿੱਚ ਕੰਮ ਕਰਨਾ ਪਿਆ, ਜਿਨ੍ਹਾਂ ਕੰਮਾਂ ਨੂੰ ਹੋਰਾਂ ਦੇਸ਼ਾਂ ਦੇ ਲੋਕ ਕਰਨ ਤੋਂ ਗੁਰੇਜ਼ ਕਰਦੇ ਸਨ। ਉਹ ਕੰਮ ਵੀ ਭਾਰਤੀ ਪੰਜਾਬੀਆਂ ਨੂੰ ਕਰਨੇ ਪਏ ਇਹਨਾਂ ਪ੍ਰਵਾਸੀਆਂ ਵਿੱਚ ਕੁਝ ਅਜਿਹੇ ਵਿਅਕਤੀ ਵੀ ਸਨ। ਜੋ ਭਾਰਤੀ ਪੰਜਾਬ ਵਿੱਚ ਰਹਿੰਦੇ ਹੋਏ ਚੰਗੀਆਂ ਨੌਕਰੀਆਂ ਤੇ ਲੱਗੇ ਹੋਏ ਸਨ। ਇਹਨਾਂ ਨੂੰ ਯੋਗਤਾ ਦੇ ਆਧਾਰ ਤੇ ਨੌਕਰੀਆਂ ਨਾ ਮਿਲਣ ਕਾਰਨ ਨਿਰਾਦਰ ਮਹਿਸੂਸ ਹੋਇਆ ਮਜ਼ਦੂਰੀ ਦੇ ਪੱਖ ਤੋਂ ਵੀ ਵਿਤਕਰਾ ਕੀਤਾ ਜਾਂਦਾ ਰਿਹਾ ਪੰਜਾਬੀਆਂ ਨੂੰ ਹੋਰ ਦੇਸ਼ਾਂ ਦੇ ਮਜ਼ਦੂਰਾਂ ਦੀ ਤੁਲਨਾ ਘੱਟ ਮਜ਼ਦੂਰੀ ਦਿੱਤੀ ਜਾਂਦੀ ਸੀ, ਜਿਸ ਕਾਰਨ ਪਰਵਾਸੀ ਪੰਜਾਬੀ ਹੀਣ ਭਾਵਨਾ ਦਾ ਸ਼ਿਕਾਰ ਹੋਏ ਪਰੰਤੂ ਵਰਤਮਾਨ ਪੰਜਾਬੀ ਪਰਵਾਸੀਆਂ ਦੀ ਕਰੜੀ ਮਿਹਨਤ ਅਤੇ ਸਿਰੜ ਨੇ ਆਪਣੇ ਆਪ ਨੂੰ ਰੋਟੀ

ਦੇ ਕਾਬਲ ਬਣਾ ਲਿਆ ਲੇਕਿਨ ਫਿਰ ਵੀ ਉਹਨਾਂ ਨੂੰ ਪੈਰ ਪੈਰ ਤੇ ਹੀਣ ਭਾਵਨਾ ਦਾ ਸ਼ਿਕਾਰ ਹੋਣਾ ਪਿਆ। ਨਾਵਲੀ ਬਿਰਤਾਂਤ ਵਿੱਚ ਵੀ ਅਜਿਹਾ ਦੇਖਣ ਨੂੰ ਮਿਲਦਾ ਹੈ, ਪਰਦੁੱਮਣ ਜੋ ਪਹਿਲੀ ਪੀੜ੍ਹੀ ਦੇ ਪ੍ਰਵਾਸੀਆਂ ਨਾਲ ਜਾਂ ਪਾਤਰ ਹੈ ਜਿਸ ਨੇ ਜੀਅ ਤੋੜ ਮਿਹਨਤ ਕਰਕੇ ਆਪਣੇ ਤੇ ਪਰਿਵਾਰ ਦਾ ਜੀਵਨ ਸੁਖਾਲਾ ਕੀਤਾ ਪ੍ਰੰਤੂ ਉਸਦੀ ਔਲਾਦ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਵਿੱਚ ਰਹਿਣੀ ਬਹਿਣੀ ਬਣਾਉਂਦੀ ਹੈ ਉਸਦਾ ਵੱਡਾ ਪੁੱਤਰ ਰਾਜਵਿੰਦਰ ਗੇਅ ਬਣ ਜਾਂਦਾ ਹੈ ਤੇ ਆਪਣੇ ਬੁਆਏ ਫਰੈਂਡ ਨਾਲ ਮੁੰਡੇ ਨਾਲ ਰਹਿਣ ਲੱਗਦਾ ਹੈ ਫਿਰ ਡਰੱਗਜ਼ ਦਾ ਸਹਾਰਾ ਲੈਣ ਲੱਗਦਾ ਛੋਟਾ ਪੁੱਤਰ ਬਲਰਾਮ ਦੀ ਵਿਆਹੀ ਜਿੰਦਗੀ ਵੀ ਸੰਤੁਸ਼ਟੀ ਵਾਲੀ ਨਹੀਂ ਰਹਿੰਦੀ।

ਜਿੱਥੇ ਪਹਿਲੀ ਪੀੜ੍ਹੀ ਦੇ ਪਰਵਾਸੀਆਂ ਨੂੰ ਘੱਟ ਮਜ਼ਦੂਰੀ ਦੇ ਕੇ ਵੱਧ ਤੇ ਘਟੀਆ ਕੰਮ ਕਰਵਾਏ ਜਾਂਦੇ ਸਨ। ਠੀਕ ਉਸੀ ਹੀ ਤਰ੍ਹਾਂ ਪੰਜਾਬੀ ਪੱਕੇ ਤੌਰ ਤੇ ਬਰਤਾਨੀਆ ਦੇ ਵਸਨੀਕ ਹਨ ਉਹਨਾਂ ਨੇ ਵੀ ਨਵੀਂ ਜਾਣ ਵਾਲੇ ਪਰਵਾਸੀਆਂ ਤੋਂ ਘੱਟ ਮਜ਼ਦੂਰੀ ਦੇ ਕੇ ਵੱਧ ਕੰਮ ਕਰਾਉਂਦੇ ਹਨ। ਅਜਿਹਾ ਇਸ ਨਾਵਲ ਦੇ ਬਿਰਤਾਂਤ ਵਿੱਚ ਬਿਰਤਾਂਤਕਾਰ ਨੇ ਪੇਸ਼ ਕੀਤਾ ਹੈ। ਮੀਕਾ, ਤਾਰਾ, ਨੀਮਾ, ਪ੍ਰੀਤੀ, ਇਸ ਤਰ੍ਹਾਂ ਦੇ ਹੀ ਪਾਤਰ ਹਨ ਜੋ ਬਰਤਾਨੀਆ ਵਿੱਚ ਪੱਕੇ ਹੋਣ ਲਈ ਗਏ ਪ੍ਰੰਤੂ ਉਹਨਾਂ ਦੇ ਰਿਸ਼ਤੇਦਾਰਾਂ ਅਤੇ ਵਾਕਫਾਂ ਨੇ ਉਹਨਾਂ ਦਾ ਸ਼ਰੀਰਕ ਅਤੇ ਮਾਨਸਿਕ ਸ਼ੋਸ਼ਣ ਕੀਤਾ ਇਸ ਨਾਵਲ ਦੀ ਪਾਤਰ ਪ੍ਰੀਤੀ ਅਜਿਹੇ ਦੁਰਦਸ਼ਾ ਦੀ ਸ਼ਿਕਾਰ ਹੁੰਦੀ ਹੈ, ਜਿਸ ਦਾ ਨਤੀਜਾ ਉਸ ਦੀ ਮੌਤ ਨਿਕਲਦੀ ਹੈ। ਇਥੇ ਬਿਰਤਾਂਤਕਾਰ ਪਰਵਾਸੀ ਪੰਜਾਬੀਆਂ ਦੇ ਉਸ ਪੱਖ ਨੂੰ ਉਭਾਰਨ ਦੀ ਕੋਸ਼ਿਸ਼ ਕਰਦਾ ਹੈ। ਜਿਸ ਨੂੰ ਕਾਫੀ ਅਰਸੇ ਤੋਂ ਨਜ਼ਰ ਅੰਦਾਜ਼ ਕੀਤਾ ਜਾਂਦਾ ਰਿਹਾ ਹੈ।

ਪਰਵਾਸ ਵਿੱਚ ਰਹਿੰਦਿਆਂ ਹੋਇਆਂ ਮੁੱਖ ਸੱਭਿਆਚਾਰ ਭਾਰਤੀ ਸੱਭਿਆਚਾਰ ਤੇ ਆਪਣਾ ਪ੍ਰਭਾਵ ਪਾਉਣਾ ਸ਼ੁਰੂ ਕਰਦਾ ਹੈ। ਪ੍ਰੰਤੂ ਪੰਜਾਬੀ ਸੱਭਿਆਚਾਰ ਵੀ ਆਪਣੀ ਸ਼ਨਾਖਤ ਕਾਇਮ ਰੱਖਣਾ ਚਾਹੁੰਦਾ ਹੈ। ਇਸ ਕਾਰਨ ਦੋਹਾਂ ਸੱਭਿਆਚਾਰਾਂ ਵਿੱਚ ਤਨਾਓ ਦੀ ਸਥਿਤੀ ਪੈਦਾ ਹੁੰਦੀ ਹੈ। ਪਰਵਾਸ ਧਾਰਨ ਕਰਨ ਤੋਂ ਬਾਅਦ ਪ੍ਰਵਾਸੀਆਂ ਦੀ ਜੀਵਨ ਜੁਗਤ ਭਿੰਨ ਪੱਧਰਾਂ ਤੇ ਟਕਰਾਉਂਦੀ ਹੈ ਕੁਝ ਸਥਿਤੀਆਂ ਵਿੱਚ ਉਹਨਾਂ ਦੇ ਅੰਦਰ ਸੱਭਿਆਚਾਰਕ ਮੋਹ ਜਾਗਦਾ ਹੈ। ਬਰਤਾਨੀਆ ਦਾ ਸੱਭਿਆਚਾਰ ਪੂੰਜੀਵਾਦੀ ਸਭਿਆਚਾਰ ਹੈ। ਜਦਕਿ ਭਾਰਤੀ ਪੰਜਾਬੀ ਸੱਭਿਆਚਾਰ ਸਾਮੰਤੀ ਅਤੇ ਜਗੀਰੂ ਸੋਚ ਦਾ ਸੱਭਿਆਚਾਰ ਹੈ। ਪੰਜਾਬੀ ਸੱਭਿਆਚਾਰ ਵਿੱਚ ਜੰਮੀ ਪਲੀ ਪ੍ਰਵਾਸੀਆਂ ਦੀ ਪਹਿਲੀ ਪੀੜੀ ਪਰਵਾਸ ਧਾਰਨ ਕਰਨ ਤੋਂ ਬਾਅਦ ਵਿਦੇਸ਼ਾਂ ਵਿੱਚ ਆਪਣੀ ਪ੍ਰਭੂਸੱਤਾ ਕਾਇਮ ਰੱਖਣਾ ਚਾਹੁੰਦੀ ਹੈ। ਪ੍ਰੰਤੂ ਵਿਦੇਸ਼ੀ ਸੱਭਿਆਚਾਰ ਵਿੱਚ ਜਨਮੀ ਪੀੜ੍ਹੀ ਨੇ ਇਸ ਬੰਧਨ ਤੋਂ ਮੁਕਤੀ ਲਈ ਵਿਦਰੋਹ ਕਰਨਾ ਸ਼ੁਰੂ ਕਰ ਦਿੱਤਾ। ਪਹਿਲੀ ਪੀੜ੍ਹੀ ਆਪਣੇ ਬੱਚਿਆਂ ਨੂੰ ਪੰਜਾਬੀ ਸਮਾਜ, ਪੰਜਾਬੀ ਸੱਭਿਆਚਾਰ ਅਨੁਸਾਰ ਰਹਿਣੀ ਬਹਿਣੀ ਅਤੇ ਪੰਜਾਬੀ ਰੀਤੀ ਰਿਵਾਜਾਂ ਵਿੱਚ ਬੰਨ ਕੇ ਰੱਖਣਾ ਚਾਹੁੰਦੀ ਹੈ ਜਦਕਿ ਪੱਛਮੀ ਸਮਾਜ ਦੀ ਤਰਜ ਅਤੇ ਪਲੀ ਦੂਜੀ ਪੀੜ੍ਹੀ ਇਸ ਨੂੰ ਅਸਵੀਕਾਰ ਕਰਦੀ ਹੋਈ ਆਪਣੀ ਪੜ੍ਹਾਈ, ਕੰਮ ਕਰਨ ਦੇ ਚੋਣ, ਵਿਆਹ ਲਈ ਮਨ ਮਰਜ਼ੀ ਦੀ ਚੋਣ ਕਰਨਾ ਚਾਹੁੰਦੀ ਹੈ। ਜਿਸ ਦੇ ਸਿੱਟੇ ਵਜੋਂ ਦੋ ਪੀੜ੍ਹੀਆਂ ਵਿੱਚ ਵਿਰੋਧ ਵੀ ਵੱਧਦਾ ਹੈ ਤੇ ਕਈ ਵਾਰ ਪਰਿਵਾਰ ਟੁੱਟਣ ਦੀ ਨੌਬਤ ਵੀ ਆ ਜਾਂਦੀ ਹੈ -

"ਲੁਕ ਡੈਡ, ਮੈਂ ਕਿੰਨੀ ਵਾਰ ਦਸਿਆ ਕਿ ਮੈਂ ਇੰਡੀਅਨ ਨਹੀਂ, ਮੈਂ ਬ੍ਰਿਟਿਸ਼ ਆਂ ਤੇ ਮੈਨੂੰ ਜ਼ਬਰਦਸਤੀ ਇੰਡੀਅਨ ਨਾ ਬਣਾ । ਇਹ ਮੇਰੀ ਲਾਈਫ ਐ, ਮੈਨੂੰ ਆਪਣੇ ਤਰੀਕੇ ਨਾਲ ਜੀਣ ਦੇ।"[4]

ਸਾਊਥਾਲ ਨਾਵਲ ਦੇ ਬਿਰਤਾਂਤ ਵਿੱਚ ਬਿਰਤਾਂਤਕਾਰ ਨੇ ਸਾਧੂ ਸਿੰਘ ਤੇ ਪਾਲਾ ਸਿੰਘ ਦੇ ਪਾਤਰ ਰਾਹੀਂ ਜਗੀਰੂ ਰੁਚੀਆਂ ਅਪਣਾਉਣ ਵਾਲੇ ਮਾਪਿਆਂ ਨੂੰ ਰੂਪਮਾਨ ਕੀਤਾ ਹੈ। ਜੋ ਆਪਣੀ ਹਉਮੈਂ ਨੂੰ ਜਿਉਂਦਾ ਰੱਖਣ ਲਈ ਆਪਣੀਆਂ ਕੁੜੀਆਂ ਦੇ ਕਤਲ ਕਰਨ ਤੱਕ ਜਾਂਦੇ ਹਨ। ਸਾਧੂ ਸਿੰਘ ਤਾਂ ਆਪਣੀ ਧੀ ਸੁੱਖੀ ਦੇ ਕਤਲ ਦੇ ਜ਼ੁਲਮ ਵਿੱਚ ਉਮਰ ਕੈਦ ਦੀ ਸਜ਼ਾ ਵੀ

ਭੁਗਤ ਰਿਹਾ ਹੈ। ਪਰ ਆਪਣੀ ਈਗੋ ਨੂੰ ਘੱਟ ਨਹੀਂ ਹੋਣ ਦਿੰਦਾ। ਇਸੀ ਤਰ੍ਹਾਂ ਨਾਵਲੀ ਬਿਰਤਾਂਤ ਵਿੱਚ ਪਾਲਾ ਸਿੰਘ ਵੀ ਆਪਣੀ ਮੁੱਛ ਨੂੰ ਨੀਵੀਂ ਨਹੀਂ ਹੋਣ ਦੇ ਚੱਕਰ ਵਿੱਚ ਆਪਣੀ ਧੀ ਮੁਨਿੰਦਰ ਨੂੰ ਕਤਲ ਕਰਨ ਦੇ ਕਈ ਮਨਸੂਬੇ ਬਣਾਉਂਦਾ ਹੈ ਪਰ ਅਸਫਲ ਰਹਿੰਦਾ ਹੈ। ਇਸ ਨਾਵਲ ਦੇ ਬਿਰਤਾਂਤਕੀ ਪ੍ਰਵਚਨ ਤੋਂ ਪਾਸੇ ਹੋ ਕੇ ਦੇਖਿਆ ਜਾਵੇ ਤਾਂ ਬਿਰਤਾਂਤਕਾਰ ਨੇ ਸਾਧੂ ਸਿੰਘ ਦੇ ਜੇਲ੍ਹ ਜਾਣ ਤੋਂ ਬਾਅਦ ਦੇ ਪਛਤਾਵੇ ਅਤੇ ਜਗਮੋਹਣ ਨਾਮ ਦੇ ਪਾਤਰ ਰਾਹੀਂ ਬਦਲਦੀਆਂ ਸਥਿਤੀਆਂ ਤੋਂ ਜਾਣੂ ਕਰਾਂਉਦੇ ਹੋਏ ਪਰਵਾਸੀ ਪੰਜਾਬੀਆਂ ਦੇ ਵਿਚਾਰਾਂ ਨੂੰ ਤਬਦੀਲੀ ਕਰਨ ਦਾ ਯਤਨ ਕਰਦਾ ਹੈ।

ਪਰਵਾਸੀ ਪੰਜਾਬੀਆਂ ਦੇ ਸੱਭਿਆਚਾਰਕ ਤਨਾਓ ਦਾ ਮੂਲ ਕਾਰਨ ਉਹਨਾਂ ਦਾ ਆਪਣਾ ਨਿੱਜ ਵੀ ਗਵਾਚਣਾ ਹੈ। ਹਰਜੀਤ ਅਟਵਾਲ ਦੀ ਰਚਨਾ ਵਿੱਚ ਪਰਵਾਸੀ ਜ਼ਿੰਦਗੀ ਦੇ ਵੱਖਰੇ-ਵੱਖਰੇ ਪਹਿਲੂਆਂ ਤੇ ਆਪਣੇ ਵਿਚਾਰ ਪ੍ਰਗਟ ਕੀਤੇ ਗਏ ਹਨ। ਹੱਥਲੇ ਨਾਵਲ ਸਾਊਥਾਲ ਦੇ ਬਿਰਤਾਂਤ ਵਿੱਚ ਵੀ ਬਰਤਾਨਵੀ ਪੰਜਾਬੀ ਨਾਵਲ ਦੀ ਪਰੰਪਰਾ ਨੂੰ ਤੋੜਦੇ ਹੋਏ ਨਿਵੇਕਲੀ ਦ੍ਰਿਸ਼ਟੀ ਪ੍ਰਧਾਨ ਕਰਦਾ ਹੈ। ਪਰਵਾਸੀ ਪੰਜਾਬੀ ਨਾਵਲ ਵਿੱਚ ਜਿੱਥੇ ਪਰਵਾਸੀਆਂ ਦੀਆਂ ਔਕੜਾਂ ਮੁਸੀਬਤਾਂ ਨੂੰ ਬਿਆਨ ਕਰਦਾ ਰਿਹਾ ਹੈ। ਉੱਥੇ ਇਸ ਨਾਵਲ ਦੇ ਬਿਰਤਾਂਤ ਵਿੱਚ ਬਿਰਤਾਂਤਕਾਰ ਨੇ ਪਰਵਾਸੀ ਪੰਜਾਬੀਆਂ ਦੇ ਪੱਕੇ ਹੋ ਚੁੱਕੇ ਕੰਮ ਕਾਰਾਂ ਨੂੰ ਚੰਗਾ ਜੀਵਨ ਜਾਂਚ ਚੇਤਨਾ ਦੇ ਵਧਣ ਦੇ ਬਰਤਾਨਵੀ ਸਮਾਜ ਦੀ ਰਾਜਨੀਤੀ ਵਿੱਚ ਪ੍ਰਵੇਸ਼, ਘਰੇਲੂ ਮਸਲਿਆਂ ਨੂੰ ਵੀ ਯਥਾਰਥਕ ਦ੍ਰਿਸ਼ਟੀ ਤੋਂ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ। ਬਿਰਤਾਂਤਕਾਰ ਨੇ ਕਾਰਾ, ਜਗਮੋਹਨ, ਗਰੇਵਾਲ, ਪ੍ਰਦੁੱਮਣ ਪਾਤਰਾਂ ਰਾਹੀਂ ਆਪਣੇ ਇਸ ਨਾਵਲ ਦੀ ਸੰਰਚਨਾ ਕੀਤੀ ਹੈ।

ਹਰਜੀਤ ਅਟਵਾਲ ਦੇ ਇੱਕੋ ਜਿਹੇ ਘਟਨਾਕ੍ਰਮ ਵਿੱਚੋਂ ਗੁਜਰਦੇ ਵੱਖ-ਵੱਖ ਪਾਤਰਾਂ ਦੀ ਦ੍ਰਿਸ਼ਟੀ ਤੋਂ ਨਵੇਂ ਅਰਥ ਗ੍ਰਹਿਣ ਕਰਨ ਦੀ ਜੁਗਤ ਪਰਵਾਸੀ ਜੀਵਨ ਯਥਾਰਥ ਦ੍ਰਿਸ਼ ਉਸਾਰਦੀ ਹੋਈ ਪਰਵਾਸੀ ਜੀਵਨ ਦੇ ਅਸਲ ਸੱਚ ਨੂੰ ਪੇਸ਼ ਕਰਦੀ ਹੈ। ਨਾਵਲ ਦਾ ਸਮੁੱਚਾ ਬਿਰਤਾਂਤ ਇਸੇ ਜੁਗਤ ਅਨੁਸਾਰ ਦਾ ਹੈ ਤੇ ਵਿਕਾਸ ਕਰਦਾ ਹੈ। ਨਾਵਲ ਵਿੱਚ ਹਰਜੀਤ ਅਟਵਾਲ ਦੀ ਦ੍ਰਿਸ਼ਟੀ ਸਵਾਰਥ ਅਤੇ ਵਪਾਰ ਤੇ ਅਧਾਰਿਤ ਰਿਸ਼ਤਿਆਂ ਦੀ ਬਦਲ ਰਹੀ ਪਰਿਭਾਸ਼ਾ ਦਾ ਬਿਰਤਾਂਤ ਉਸਾਰਦੀ ਹੋਈ ਪਰਵਾਸੀ ਪੰਜਾਬੀ ਸਮਾਜ ਵਿੱਚ ਰਿਸ਼ਤਿਆਂ ਦੀ ਸਾਰਥਿਕਤਾ ਉੱਤੇ ਪ੍ਰਸ਼ਨ ਚਿੰਨ੍ਹ ਲਗਾਉਂਦੀ ਹੈ। ਸਾਊਥਾਲ ਨਾਵਲ ਵਿੱਚ ਹਰਜੀਤ ਅਟਵਾਲ ਨੇ ਪਰਵਾਸੀ ਪੰਜਾਬੀਆਂ ਨੂੰ ਆ ਰਹੀਆਂ ਸਮੱਸਿਆਵਾਂ ਨੂੰ ਨਵੀਂ ਦ੍ਰਿਸ਼ਟੀ ਤੋਂ ਦੇਖਣ ਦਾ ਉਪਰਾਲਾ ਕੀਤਾ ਬਰਤਾਨੀਆ ਵਿੱਚ ਬਣ ਰਹੇ ਬਹੁਨਸਲੀ ਸਮਾਜ ਨੂੰ ਆਧਾਰ ਬਣਾ ਕੇ ਪੰਜਾਬੀ ਸਮਾਜ ਦੀਆਂ ਦੁਸ਼ਵਾਰੀਆਂ ਨੂੰ ਉਸਨੇ ਆਪਣੇ ਨਾਵਲ ਵਿੱਚ ਪੇਸ਼ ਕਰਨ ਦਾ ਯਤਨ ਕੀਤਾ। ਸਾਊਥਾਲ ਇੰਗਲੈਂਡ ਵਿੱਚ ਕੁਝ ਖਾਸ ਮਹੱਤਵ ਨਹੀਂ ਰੱਖਦਾ ਪਰ ਪੰਜਾਬੀਆਂ ਦੇ ਮਨ ਵਿੱਚ ਇਸ ਦੀ ਅਹਿਮ ਥਾਂ ਹੈ। ਇਹ ਏਸ਼ਿਆਈ ਲੋਕਾਂ ਦੀ ਬਹੁ ਗਿਣਤੀ ਵਾਲਾ ਇਲਾਕਾ ਹੈ ਇੱਥੇ ਵੱਸਦੇ ਬਹੁ ਗਿਣਤੀ ਪੰਜਾਬੀ ਆਪਣੇ ਸੱਭਿਆਚਾਰ ਦਾ ਨਿੱਘ ਮਾਣਦੇ ਹੋਏ ਸਕੂਨ ਮਹਿਸੂਸ ਕਰਦੇ ਹਨ। ਪੰਜਾਬੀ ਲੋਕਾਂ ਦੇ ਪਰਵਾਸ ਕਰਨ ਦੇ ਸਮੇਂ ਲਗਭਗ 100 ਸਾਲ ਤੋਂ ਵੱਧ ਸਮਾਂ ਹੋ ਚੁੱਕਿਆ ਹੈ। ਆਧੁਨਿਕ ਕਾਲ ਵਿੱਚ ਲੋਕਾਂ ਦਾ ਇੱਕੋ ਉਦੇਸ਼ ਰਹਿ ਗਿਆ ਸੀ, ਵੱਧ ਤੋਂ ਵੱਧ ਧਨ ਇਕੱਠਾ ਕਰਨਾ ਹੈ। ਪ੍ਰੰਤੂ ਕੁਝ ਵਿਦਵਾਨਾਂ ਦਾ ਮੰਨਣਾ ਹੈ, ਸੁੱਖ-ਸੁਵਿਧਾਵਾਂ ਵਾਲੇ ਲੋਕਾਂ ਵੱਲੋਂ ਪਰਵਾਸ ਕਰਨਾ ਮਜਬੂਰੀ ਨਹੀਂ ਬਲਕਿ ਆਰਥਿਕਤਾ ਤੋਂ ਇਲਾਵਾ ਹੋਰ ਵੀ ਕਾਰਨ ਸਨ। ਹਰਜੀਤ ਅਟਵਾਲ ਦੀ ਨਾਵਲ ਦ੍ਰਿਸ਼ਟੀ ਦਾ ਨਿਰਪੱਖ ਬਹੁ-ਪਰਤੀ ਹੋਣਾ ਇਸ ਗੱਲ ਤੋਂ ਸਿੱਧ ਹੁੰਦਾ ਹੈ ਕਿ ਉਹ ਇਸ ਘਟਨਾ ਨੂੰ ਸਿਰਫ ਪੇਸ਼ ਹੀ ਨਹੀਂ ਕਰਦਾ ਸਗੋਂ ਉਸਨੂੰ ਆਲੋਚਨਾਤਮਿਕ ਵਿਆਖਿਆ ਸਹਿਤ ਉਜਾਗਰ ਕਰਦਾ ਹੈ। ਇਹਨਾਂ ਘਟਨਾਵਾਂ ਵਿੱਚੋਂ ਪੰਜਾਬੀ ਬੰਦੇ ਲਈ ਨਾਵਲ ਦਾ ਹਰ ਪਾਤਰ ਆਪਣੇ ਦਾਇਰੇ ਦਾ ਨਾਇਕ ਜਾਂ ਨਾਇਕਾ ਹੈ। ਉਸਦੇ ਪਾਤਰ ਆਪਣੇ ਖੇਤਰ ਦੇ ਲੋਕਾਂ ਦੀ ਰਹਿਨੁਮਾਈ ਕਰਦੇ ਹਨ। ਨਾਵਲ ਵਿਚਲੇ ਪਾਤਰ

ਜਗਮੋਹਨ ਅਤੇ ਗਰੇਵਾਲ ਸਮਝੌਤਾਵਾਦੀ ਪਾਤਰ ਹਨ। ਇਸ ਤਰ੍ਹਾਂ ਪਰਦੁੱਮਣ ਵੀ ਜ਼ਿੰਦਗੀ ਦੀਆਂ ਸਾਰੀਆਂ ਕੌੜੀਆਂ ਸੱਚਾਈਆਂ ਵਿੱਚੋਂ ਵਿਚਰਦਾ ਹੈ ਜ਼ਿੰਦਗੀ ਦੀ ਹਰ ਘਟਨਾ-ਦੁਰਘਟਨਾ ਨਾਲ ਸਮਝੌਤਾ ਕਰ ਲੈਂਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਕਿੰਗਜ਼ਲੇ ਡੇਵਿਸ, ਮਨੁੱਖੀ ਸਮਾਜ, ਪ੍ਰਕਾਸ਼ ਸਿੰਘ ਜੰਮੂ (ਅਨੁਵਾਦ) ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1971, ਪੰਨਾ. 683
2. ਹਰਜੀਤ ਅਟਵਾਲ, ਸਾਊਥਾਲ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2009, ਪੰਨ-8
3. ਉਹੀ ਪੰਨਾ- 180
4. ਉਹੀ ਪੰਨਾ- 161

# ਸ਼ਾਇਰੀ : ਹਾਸ਼ੀਆਗਤ ਧਿਰਾਂ ਦਾ ਬਿਰਤਾਂਤ

**ਸੋਨਮ**
ਪੀਐਚ.ਡੀ. ਖੋਜਾਰਥੀ
ਪੰਜਾਬੀ ਵਿਭਾਗ ,ਦਿੱਲੀ ਯੂਨੀਵਰਸਿਟੀ


ਪੰਜਾਬੀ ਨਾਟਕ ਜਗਤ ਅੰਦਰ ਮੌਲਿਕ ਨਾਟਕ ਰਚਣ ਦੀ ਸ਼ੁਰੂਆਤ ਬਾਵਾ ਬੁੱਧ ਸਿੰਘ ਨੇ 1909 ਈ. ਵਿਚ 'ਹਰੀ ਚੰਦਰ' ਨਾਟਕ ਨਾਲ ਕੀਤੀ। ਆਧੁਨਿਕ ਪੰਜਾਬੀ ਨਾਟਕ ਦੀ ਗੱਲ ਕਰੀਏ ਤਾਂ ਪੰਜਾਬੀ ਨਾਟ-ਸਾਹਿਤ ਚਾਰ ਪੀੜ੍ਹੀਆਂ ਜੋ ਕਿ ਆਈ. ਸੀ. ਨੰਦਾ ਦੇ ਲਿਖੇ ਅਤੇ ਖੇਡੇ ਨਾਟਕ 'ਸੁਹਾਗ' (1913) ਤੋਂ ਆਰੰਭ ਹੋ ਕੇ ਸਮਕਾਲੀ ਸਮੇਂ ਭਾਵ ਚੌਥੀ ਪੀੜ੍ਹੀ ਵਿਚ ਪ੍ਰਵੇਸ਼ ਕਰਦਾ ਹੈ। ਚੌਥੀ ਪੀੜ੍ਹੀ ਸਮਕਾਲੀ ਨਾਟਕਕਾਰਾਂ ਦੇ ਸਮੂਹ ਦੀ ਲਖਾਇਕ ਵਜੋਂ 1990 ਤੋਂ ਬਾਅਦ ਹੋਂਦ ਗ੍ਰਹਿਣ ਕਰਦੀ ਹੈ ਭਾਵੇਂ ਇਸ ਦੀ ਗੂੰਜ ਤੀਜੀ ਪੀੜ੍ਹੀ ਦੌਰਾਨ ਹੀ ਸੁਣਾਈ ਦੇਣ ਲੱਗ ਗਈ ਸੀ। ਚੌਥੀ ਪੀੜ੍ਹੀ ਵਿਚੋਂ ਇਕ ਚਰਚਿਤ ਨਾਟਕਕਾਰ ਸਵਰਾਜਬੀਰ ਵੀ ਹੈ। ਜਿਸ ਨੇ ਪੰਜਾਬੀ ਨਾਟਕ ਦੇ ਵਿਕਾਸ ਵਿਚ ਆਪਣੀਆਂ ਰਚਨਾਵਾਂ – '**ਧਰਮ ਗੁਰੂ**' (1999), '**ਕ੍ਰਿਸ਼ਨ**' (2001), '**ਮੇਦਨੀ**' (2002), '**ਸ਼ਾਇਰੀ**' (2004), '**ਮੱਸਿਆ ਦੀ ਰਾਤ**' (2013), '**ਤਸਵੀਰਾਂ**' (2018), **'ਵਣਧਾਰਾ'** (2026) ਆਦਿ ਰਾਹੀਂ ਵੱਡ-ਮੁੱਲਾ ਯੋਗਦਾਨ ਪਾਇਆ ਹੈ। ਉਸ ਦੁਆਰਾ ਰਚਿਤ ਮੁੱਢਲੇ ਨਾਟਕ ਇਤਿਹਾਸਕ, ਮਿਥਿਹਾਸਕ ਅਤੇ ਅਧਿਆਤਮਕ ਵਿਸ਼ਿਆਂ ਨਾਲ ਸੰਬੰਧ ਰੱਖਦੇ ਹਨ। ਪੰਜਾਬੀ ਨਾਟ-ਖੇਤਰ ਵਿਚ ਸਵਰਾਜਬੀਰ ਦੀ ਨਾਟ ਚੇਤਨਾ ਇਕ ਨੁਹਾਰ ਲੈ ਕੇ ਪਾਠਕਾਂ ਨੂੰ ਪ੍ਰੇਰਿਤ ਕਰਦੀ ਹੈ। ਆਪਣੀਆਂ ਰਚਨਾਵਾਂ ਰਾਹੀਂ ਉਹ ਇਤਿਹਾਸ-ਮਿਥਿਹਾਸ ਤੇ ਸਮਕਾਲ ਨੂੰ ਖੰਗਾਲਦਾ ਨਵੀਆਂ ਲੀਹਾਂ ਤੋਰਦਾ ਹੈ, ਜਿਸ ਨਾਲ ਨਾਟ-ਖੇਤਰ ਦੀ ਖੜੋਤ ਹੀ ਨਹੀਂ ਟੁੱਟਦੀ ਸਗੋਂ ਨਾਟ-ਚੇਤਨਾ ਵੀ ਬਦਲਦੀ ਦੇਖੀ ਜਾ ਸਕਦੀ ਹੈ। ਇਸ ਗੱਲ ਦੀ ਪੁਸ਼ਟੀ ਡਾ. ਰਜਨੀਸ਼ ਬਹਾਦਰ ਇਵੇਂ ਕਰਦੇ ਹਨ:

> "ਸਵਰਾਜਬੀਰ ਦੇ ਨਾਟਕਾਂ ਦੀ ਟੈਕਸਟ ਵਿਚ ਮਿਥਿਹਾਸ, ਇਤਿਹਾਸ ਅਤੇ ਸਮਕਾਲ ਉਸ ਦੇ ਪ੍ਰੇਰਕਾਂ ਦੇ ਮੁੱਖ ਸਰੋਤ ਹਨ, ਜਿਨ੍ਹਾਂ ਵਿਚੋਂ ਆਰਥਿਕਤਾ, ਸਮਾਜਿਕ ਹੋਂਦ ਅਤੇ ਸਮਾਜਿਕ ਨਿਆਂ ਦੇ ਮਸਲੇ ਪ੍ਰਮੁੱਖ ਹਨ। ਇਨ੍ਹਾਂ ਪ੍ਰੇਰਕਾਂ ਕਰਕੇ ਉਸ ਦਾ ਨਾਟਕੀ ਵਰਤਾਰਾ ਮਿਥਿਹਾਸ ਅਤੇ ਇਤਿਹਾਸਕ ਖੰਡਾਂ ਦੀ ਚੋਣ ਕਰਦਾ ਹੈ"[1]

ਸਵਰਾਜਬੀਰ ਦਾ ਨਾਟਕ 'ਸ਼ਾਇਰੀ' ਉਸ ਦੁਆਰਾ ਰਚਿਤ ਚੌਥਾ ਨਾਟਕ ਹੈ। ਇਸ ਵਿਚ ਉਹ ਇਤਿਹਾਸਕ-ਮਿਥਿਹਾਸਕ ਅਤੇ ਦਾਰਸ਼ਨਿਕ ਪਰਿਪੇਖ ਤੋਂ ਵਿਸ਼ੇ ਨੂੰ ਸਿਰਜਦਾ ਬਹੁਪਰਤੀ ਸੰਭਾਵਨਾਵਾਂ ਨੂੰ ਉਜਾਗਰ ਕਰਦਾ ਹੈ। ਇਹ ਨਾਟਕ ਉਨ੍ਹੀਵੀਂ ਸਦੀ ਵਿਚ ਘਟਿਤ ਘਟਨਾਵਾਂ ਨਾਲ ਸੰਬੰਧਿਤ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ ਸੰਤ ਗੁਲਾਬਦਾਸ ਅਤੇ ਪੀਰੋ ਦੇ ਜੀਵਨ ਨੂੰ ਨਾਟਕਕਾਰ ਇਤਿਹਾਸਕ ਪਿੱਠਭੂਮੀ ਤੋਂ ਪੇਸ਼ ਨਹੀਂ ਕਰਦਾ ਸਗੋਂ ਉਹ ਇਨ੍ਹਾਂ ਦੋ ਅਹਿਮ ਪਾਤਰਾਂ ਰਾਹੀਂ ਹਾਸ਼ੀਆਗਤ ਸ਼੍ਰੇਣੀਆਂ ਨੂੰ ਕੇਂਦਰ ਵਿਚ ਰੱਖਦਾ ਹੈ। ਇਸ ਸੰਬੰਧੀ ਸਵਰਾਜਬੀਰ ਦਾ ਸਵੈ-ਕਥਨ ਇਸ ਪ੍ਰਕਾਰ ਹੈ:

> "ਸ਼ਾਇਰੀ ਨਾ ਤਾਂ ਇਤਿਹਾਸਕ ਨਾਟਕ ਹੈ ਅਤੇ ਨਾ ਹੀ ਪੀਰੋ ਅਤੇ ਗੁਲਾਬਦਾਸ ਦੀਆਂ ਜ਼ਿੰਦਗੀਆਂ ਦਾ ਬਿਰਤਾਂਤਕ ਵੇਰਵਾ।"[2]

ਇਸ ਨਾਟਕ ਅੰਦਰ ਪੇਸ਼ ਕੀਤੇ ਗਏ ਪਾਤਰਾਂ ਰਾਹੀਂ ਨਾਟਕਕਾਰ ਨੇ ਪੀਰੋ ਅਤੇ ਗੁਲਾਬਦਾਸ ਦੇ ਜੀਵਨ ਨਾਲ ਸੰਬੰਧਿਤ ਕੁਝ ਘਟਨਾਵਾਂ ਨੂੰ ਲੈ ਕੇ ਇਸ ਨਾਟਕ ਦੀ ਸਿਰਜਣਾ ਕੀਤੀ ਹੈ। ਨਾਟਕ ਅੰਦਰ ਉਨ੍ਹਾਂ ਹਾਸ਼ੀਆਗਤ ਧਿਰਾਂ ਦੀ ਜਾਣਕਾਰੀ ਮਿਲਦੀ ਹੈ, ਜਿਹੜੀਆਂ ਸਮਾਜ ਵਿਚ ਵਿਚਰਦੇ ਹੋਏ ਵੀ ਆਪਣੀ ਹੋਂਦ ਪ੍ਰਤੀ ਸੰਘਰਸ਼ਸ਼ੀਲ ਹਨ। ਇਨ੍ਹਾਂ ਹਾਸ਼ੀਆਗਤ ਧਿਰਾਂ ਨੂੰ ਵਿਚਾਰਨ ਤੋਂ ਪਹਿਲਾਂ ਹਾਸ਼ੀਆਗਤ ਸ਼ਬਦ ਬਾਰੇ ਗੱਲਬਾਤ ਕਰਨਾ ਜ਼ਰੂਰੀ ਹੈ। ਹਾਸ਼ੀਆਗਤ ਸ਼ਬਦ ਇਤਾਲਵੀ ਮਾਰਕਸੀ ਚਿੰਤਕ 'ਅਨਤੋਨਿਓ ਗ੍ਰਾਮਸ਼ੀ' ਵੱਲੋਂ ਵਰਤੇ ਸ਼ਬਦ 'ਸਬਾਲਟਰਨ' (Subaltaran) ਦਾ ਪੰਜਾਬੀ ਅਨੁਵਾਦ ਹੈ। ਸਬਾਲਟਰਨ ਸ਼ਬਦ ਦੀ ਵਰਤੋਂ ਇਤਾਲਵੀ ਫ਼ੌਜ ਵਿੱਚ ਦਰਜ਼ਾਬੰਦੀ ਨੂੰ ਦਰਸਾਉਣ ਲਈ ਕੀਤੀ ਜਾਂਦੀ ਸੀ, ਗ੍ਰਾਮਸੀ ਦੀ ਰਚਨਾ 'ਦੀ ਮਾਡਰਨ ਪ੍ਰਿੰਸ'(The modern prince) ਦੇ 1966 ਈ. ਵਿੱਚ ਸਾਹਮਣੇ ਆਉਣ ਮਗਰੋਂ ਇਹ ਸ਼ਬਦ ਸਮਾਜ ਦੇ ਦੱਬੇ-ਘੁੱਟੇ ਅਤੇ ਦਮਿਤ ਲੋਕਾਂ ਦੀ ਪਛਾਣ ਲਈ ਵਰਤਿਆ ਜਾਣ ਲੱਗਾ। ਉੱਤਰ ਬਸਤੀਵਾਦੀ ਚਿੰਤਨ ਦਾ ਇੱਕ ਅਹਿਮ ਸਿਧਾਂਤ 'ਹਾਸ਼ੀਆਗਤ ਅਧਿਐਨ' ਇਕ ਸਸ਼ਕਤ ਅਨੁਸ਼ਾਸਨ ਵਜੋਂ ਉਭਰਿਆ ਅਤੇ ਭਾਰਤੀ ਸਮਾਜ ਵਿੱਚ ਹਾਸ਼ੀਏ ਉੱਤੇ ਵਿਚਰ ਰਹੇ ਲੋਕ ਸਮੂਹਾਂ ਵਿਸ਼ੇਸ਼ਕਰ ਕਿਸਾਨਾਂ, ਔਰਤਾਂ, ਦਲਿਤਾਂ ਅਤੇ ਆਦਿਵਾਸੀਆਂ ਨੂੰ ਇਸ ਦ੍ਰਿਸ਼ਟੀ ਤੋਂ ਅਧਿਐਨ ਕੀਤਾ ਜਾਣ ਲੱਗਾ। ਹੱਥਲੇ ਨਾਟਕ ਅੰਦਰ ਤਿੰਨ ਹਾਸ਼ੀਆਗਤ ਧਿਰਾਂ ਦੀ ਪੇਸ਼ਕਾਰੀ ਕੀਤੀ ਗਈ ਹੈ। ਇਹ ਧਿਰਾਂ ਇਸ ਪ੍ਰਕਾਰ ਹਨ:




**ਚਿੱਤਰ: ਹਾਸ਼ੀਆਗਤ ਧਿਰਾਂ**

ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵੇਲੇ ਇਨ੍ਹਾਂ ਧਿਰਾਂ ਦੀਆਂ ਸਮੱਸਿਆਵਾਂ ਤੇ ਇਨ੍ਹਾਂ ਦੀ ਸੰਘਰਸ਼ਸ਼ੀਲ ਸਥਿਤੀਆਂ ਨੂੰ ਇਸ ਨਾਟਕ ਅੰਦਰ ਬੜੀ ਸ਼ਿੱਦਤ ਨਾਲ ਪੇਸ਼ ਕੀਤਾ ਗਿਆ ਹੈ। ਨਾਟਕਕਾਰ ਨੇ ਇਨ੍ਹਾਂ ਪ੍ਰਤੀ ਪਾਠਕ ਵਰਗ ਅੰਦਰ ਸੋਚਣ ਦੀ ਚਿਣਗ ਜਗਾਈ ਹੈ ਅਤੇ ਇਨ੍ਹਾਂ ਦੀ ਹੋਂਦ-ਮੂਲਕ ਆਜ਼ਾਦੀ ਲਈ ਰਾਹ ਪੱਧਰਾ ਕੀਤਾ ਹੈ।

ਇਸ ਨਾਟਕ ਅੰਦਰ ਦੋ ਅਹਿਮ ਪਾਤਰਾਂ ਰਾਹੀਂ ਇਨ੍ਹਾਂ ਤਿੰਨ ਧਿਰਾਂ ਦੀ ਪੇਸ਼ਕਾਰੀ ਕੀਤੀ ਗਈ ਹੈ, ਪਹਿਲੀ ਪਾਤਰ 'ਆਇਸ਼ਾ/ਪੀਰੋ' ਜਿਹੜੀ ਸ਼ੂਦਰ ਵਰਗ ਨਾਲ ਸੰਬੰਧਿਤ ਨਾਰੀ ਹੈ ਅਤੇ ਦੂਜਾ ਪਾਤਰ 'ਈਸਨ' ਜਿਹੜਾ ਤੀਜੇ ਲਿੰਗ ਨਾਲ ਸੰਬੰਧਿਤ ਹੈ। ਇੰਝ ਪੀਰੋ ਦਲਿਤ ਵਰਗ ਅਤੇ ਨਾਰੀ ਵਰਗ ਦੀ ਪ੍ਰਤਿਨਿਧੀ ਵਜੋਂ ਉਭਰਦੀ ਹੈ ਅਤੇ ਈਸਨ ਤੀਜੇ ਲਿੰਗ ਨਾਲ ਸੰਬੰਧਿਤ ਵਰਗ ਦੇ ਪ੍ਰਤੀਨਿਧੀ ਵਜੋਂ ਉਭਰਦਾ ਮਹਿਸੂਸ ਹੁੰਦਾ ਹੈ। ਇਸ ਨਾਟਕ ਵਿੱਚ ਨਾਰੀ ਤੇ ਦਲਿਤ ਦੀਆਂ ਸਮੱਸਿਆਵਾਂ ਨੂੰ ਚਿਤਰਦੇ ਹੋਏ ਤੀਜੇ ਲਿੰਗ ਦੀਆਂ ਸਮੱਸਿਆਵਾਂ ਵੱਲ ਸੰਕੇਤ ਕੀਤਾ ਗਿਆ ਹੈ ਅਤੇ ਸੰਖੇਪ ਵਿੱਚ ਇਸ ਵਰਗ ਦੀ ਵੇਦਨਾ ਨੂੰ ਉਲੀਕਿਆ ਗਿਆ ਹੈ। ਇਸ ਸਾਰੀ ਗੱਲਬਾਤ ਨੂੰ ਅਸੀਂ ਵਿਸਥਾਰਮਈ ਚਿੰਤਨ ਮਗਰੋਂ ਹੀ ਸਮਝ ਸਕਦੇ ਹਾਂ:

**ਨਾਰੀ**

ਪਿਤਰਕੀ ਸਮਾਜ ਵਿੱਚ ਔਰਤ ਨੂੰ ਦੂਜੈਲਾ ਸਥਾਨ ਪ੍ਰਾਪਤ ਹੈ ਜਿਸ ਕਰਕੇ ਉਸ ਨੂੰ ਮਰਦ ਤੋਂ ਹੀਣਾ ਮੰਨਿਆ ਜਾਂਦਾ ਹੈ। ਭਾਵੇਂ ਅੱਜ ਹਾਲਾਤਾਂ ਵਿੱਚ ਬਹੁਤ ਸੁਧਾਰ ਹੋ ਗਿਆ ਹੈ ਤਾਂ ਵੀ ਧਰਾਤਲ ਉੱਤੇ ਕਈ ਮਸਲੇ ਮੌਜੂਦ ਹਨ। ਇਸ ਨਾਟਕ ਅੰਦਰ ਮੱਧਕਾਲ ਵਿਚ ਔਰਤ ਨੂੰ ਕਿਵੇਂ ਪਿਤਰਕੀ-ਪ੍ਰਬੰਧ ਹੇਠ ਹਾਸ਼ੀਏ ਉੱਤੇ ਧੱਕਿਆ ਗਿਆ ਸੀ ਅਤੇ ਕਿਵੇਂ ਔਰਤ ਦੀ ਹੋਂਦ ਦੱਬੀ-ਘੁੱਟੀ ਸੀ, ਇਨ੍ਹਾਂ ਸਥਿਤੀਆਂ ਨੂੰ ਰੂਪਮਾਨ ਕੀਤਾ ਗਿਆ ਹੈ। ਨਾਟਕਕਾਰ ਨਾਰੀ ਦੇ ਹਾਸ਼ੀਆਗਤ ਮਸਲਿਆਂ ਦਾ ਚਿੰਤਨ-ਮਨਨ ਕਰਦੇ ਹੋਏ, ਔਰਤ ਦੀ ਸਵੈ-ਹੋਂਦ ਪ੍ਰਤੀ ਚੇਤਨਤਾ ਨੂੰ ਕਲਾਤਮਕ ਢੰਗ ਨਾਲ ਨਾਰੀ ਦੀ ਦ੍ਰਿਸ਼ਟੀ ਤੋਂ ਸਿਰਜਦਾ ਹੈ। ਇਸ ਨਾਟ-ਰਚਨਾ ਵਿਚੋਂ ਉਪਜੇ ਨਾਰੀ ਵਰਗ ਸੰਬੰਧੀ ਕੁਝ ਅਹਿਮ ਮੁੱਦੇ ਇਸ ਪ੍ਰਕਾਰ ਹਨ:

**ਸਵੈ-ਚੋਣ ਦੀ ਘਾਟ** - ਔਰਤ ਨੂੰ ਆਪਣੀ ਸਵੈ-ਚੋਣ ਤਹਿਤ ਜਿਉਣ ਦੀ ਆਜ਼ਾਦੀ ਹਾਸਲ ਨਹੀਂ ਸੀ। ਉਹ ਆਪਣੀ ਜ਼ਿੰਦਗੀ ਦੇ ਕਿਸੀ ਵੀ ਪੱਖ ਉੱਤੇ ਸਵੈ-ਇੱਛਾ ਨਾਲ ਫ਼ੈਸਲਾ ਕਰਨ ਦੀ ਹੱਕਦਾਰ ਨਹੀਂ ਸੀ। ਜਿਵੇਂ ਆਪਣਾ ਜੀਵਨਸਾਥੀ ਚੁਣਨ ਦੀ ਵੀ ਉਸ ਨੂੰ ਖੁੱਲ ਨਹੀਂ ਸੀ। ਪਿਤਰਕੀ ਪ੍ਰਬੰਧ ਦੀਆਂ ਕਦਰਾਂ-ਕੀਮਤਾਂ ਨਾਰੀ ਦੇ ਪ੍ਰੇਮ ਸੰਬੰਧ ਨੂੰ ਗੁਨਾਹ ਵਜੋਂ ਸਵੀਕਾਰਦੀਆਂ ਹਨ। ਨਾਟ-ਰਚਨਾ ਦੀ ਮੁੱਖ ਪਾਤਰ 'ਆਇਸ਼ਾ' ਸਮਾਜ ਦੀ ਇਸ ਹੱਦ-ਬੰਦੀ ਨੂੰ ਤੋੜਦੀ, ਆਪਣੀ ਇੱਛਾ ਅਨੁਸਾਰ ਆਪਣੇ ਪ੍ਰੇਮੀ ਨਾਲ ਘਰੋਂ ਭੱਜ ਗਈ। ਫਲਸਰੂਪ ਸਮਾਜ ਵੱਲੋਂ ਇਹ ਮੰਨਿਆ ਗਿਆ ਕਿ ਉਸ ਨੇ ਪਰਿਵਾਰ ਅਤੇ ਪਿੰਡ ਦੀ ਇੱਜ਼ਤ ਨੂੰ ਵੱਟਾ ਲਾਇਆ ਹੈ। ਇਸ ਤਰ੍ਹਾਂ ਕਿਵੇਂ ਪਰਿਵਾਰ, ਪਿੰਡ, ਸਮਾਜ ਔਰਤ ਦੇ ਮੋਢਿਆਂ ਉੱਤੇ ਇੱਜ਼ਤ ਦਾ ਭਾਰ ਰੱਖ ਕੇ ਉਸ ਦੀਆਂ ਇੱਛਾਵਾਂ, ਲਾਲਸਾਵਾਂ ਦਾ ਕਤਲ ਕਰਦਾ ਹੈ ਤੇ ਉਸ ਦੀ ਹਾਸ਼ੀਆਕ੍ਰਿਤ ਹੋਂਦ ਆਪਣੇ ਆਪ ਦੋਸ਼ ਭਾਵਨਾ ਨਾਲ ਭਰ ਜਾਂਦੀ ਹੈ। ਇੰਝ ਨਾਟਕਕਾਰ ਆਪਣੀ ਰਚਨਾ ਰਾਹੀਂ ਮੱਧਕਾਲ ਤੋਂ ਪਰਪੱਕ ਹੋ ਰਹੀਆਂ ਨਾਰੀ ਹੋਂਦ ਪੱਖੋਂ ਦਮਨਕਾਰੀ ਕਦਰਾਂ-ਕੀਮਤਾਂ ਨਾਲ ਸੰਵਾਦ ਸਿਰਜਦਾ ਹੈ। ਇਨ੍ਹਾਂ ਹੱਦ-ਬੰਨਿਆ ਵਿਚ ਘਿਰੀ ਨਾਰੀ ਦੇ ਚੱਕਰਵਿਊ ਨੂੰ ਤੋੜਦੀ ਪੀਰੋ ਪਾਤਰ ਔਰਤ ਨੂੰ ਸਵੈ-ਇੱਛਾ ਨਾਲ ਜਿਉਣ ਲਈ ਪ੍ਰੇਰਿਤ ਕਰਦੀ ਹੈ। ਜੇਕਰ ਸਮਕਾਲ ਬਾਰੇ ਗੱਲ ਕਰੀਏ ਤਾਂ ਅੱਜ ਇੱਕੀਵੀਂ ਸਦੀ ਵਿਚ ਵੀ ਔਰਤ ਨੂੰ ਅਨੇਕ ਥਾਵਾਂ ਉੱਤੇ ਇਸ ਬੰਦਿਸ਼ ਦਾ ਸਾਹਮਣਾ ਕਰਨਾ ਪੈਂਦਾ ਹੈ। ਆਨਰ ਕਿਲਿੰਗ ਵਰਗੇ ਮਸਲੇ ਅੱਜ ਵੀ ਸਮਾਜ ਵਿਚ ਆਮ ਹੀ ਹਨ। ਔਰਤ ਨੂੰ ਅੱਜ ਵੀ ਆਪਣੀ ਇੱਛਾ ਮੁਤਾਬਿਕ ਵਿਆਹ ਕਰਨ ਦੀ ਇਜਾਜ਼ਤ ਨਹੀਂ ਹੈ। ਉਸ ਨੂੰ ਇੱਜ਼ਤ ਦਾ ਆਲੰਬਰਦਾਰ ਬਣਾ ਕੇ ਜੀਵਨ ਮੁੱਲਾਂ ਅਤੇ ਨੈਤਿਕਤਾ ਦੀ ਪੰਡ ਉਸ ਦੇ ਸਿਰ ਰੱਖ ਦਿੱਤੀ ਗਈ ਹੈ ਤੇ ਉਹ ਇਸ ਭਾਰ ਹੇਠ ਦੱਬੀ, ਦਮਨਕਾਰੀ ਸਥਿਤੀਆਂ ਨੂੰ ਭੋਗਦੀ ਆ ਰਹੀ ਹੈ।

**ਵਸਤੂ ਮੂਲਕ ਹੋਂਦ -** ਘਰ ਦੀ ਚਾਰ ਦੀਵਾਰਾਂ ਅੰਦਰ ਔਰਤ ਸਮਾਜਕ ਨੇਮਾਂ ਕਰਕੇ ਵਸਤੂ ਵਰਗੀ ਹੋਂਦ ਭੋਗਦੀ ਹੈ, ਉਸ ਨੂੰ ਵੱਡੀਆਂ ਦਾ ਸਤਿਕਾਰ ਕਰਨਾ, ਕਿਸੀ ਅੱਗੇ ਉੱਚਾ ਨਾ ਬੋਲਣਾ, ਗਾਂ ਵਰਗਾ ਬਣਨਾ ਆਦਿ ਸਿੱਖਿਆਵਾਂ ਰਾਹੀਂ ਵਸਤੂ ਬਣਾ ਦਿੱਤਾ ਜਾਂਦਾ ਹੈ ਤਾਂ ਜਦੋਂ ਔਰਤ ਸਮਾਜਕ ਤਾਣੇ-ਬਾਣੇ ਦਾ ਵਿਰੋਧ ਕਰ ਕਿਸੀ ਨਾਲ ਪਿਆਰ-ਸੰਬੰਧ ਸਥਾਪਿਤ ਕਰਦੀ ਹੈ ਤਾਂ ਅਨੇਕ ਵਾਰੀਂ ਮਰਦ ਦੀ ਮਾਨਸਿਕਤਾ ਉਸ ਨੂੰ ਭੋਗ-ਵਿਲਾਸ ਦੀ ਵਸਤੂ ਤੋਂ ਵੱਧ ਕੁਝ ਨਹੀਂ ਸਮਝਦੀ। ਮਰਦ ਔਰਤ ਦੇ ਸਰੀਰ ਤੋਂ ਅੱਗੇ ਉਸ ਦੀ ਭਾਵੁਕਤਾ, ਹੋਂਦ ਆਦਿ ਸਾਰੀਆਂ ਅਨਮੋਲ ਚੀਜ਼ਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ। ਔਰਤ ਪ੍ਰਤੀ ਮਰਦ ਦੀ ਇਸ ਸੋਚ ਦਾ ਪ੍ਰਗਟਾਵਾ ਨਾਟਕ ਅੰਦਰ 'ਰਹਿਮਤ ਅਲੀ' ਅਤੇ 'ਇਲਾਹੀ ਬਖਸ਼' ਦੇ ਪਾਤਰਾਂ ਰਾਹੀਂ ਕੀਤਾ ਗਿਆ ਹੈ। ਮਰਦ ਵਲੋਂ ਔਰਤ ਨੂੰ ਵਸਤੂ ਵਜੋਂ ਦੇਖਣ ਦੀ ਇਸ

ਮਾਨਸਿਕਤਾ ਨੇ ਪਿਆਰ ਵਰਗੇ ਅਹਿਸਾਸਾਂ ਦਾ ਵੀ ਮੁੱਲ ਨਹੀਂ ਪਾਇਆ। ਇੰਝ ਪਿਆਰ ਦੀ ਘਾਟ ਤੇ ਸਵੈ ਚੋਣ ਦੀ ਸਜ਼ਾ ਉਸ ਨੂੰ ਪਰਿਵਾਰ ਵੱਲੋਂ ਰਿਸ਼ਤਿਆਂ ਦਾ ਸੇਕ ਗੁਆ ਕੇ ਤੇ ਮਰਦ ਵੱਲੋਂ ਜਿਸਮਾਨੀ ਸੋਸ਼ਣ ਰਾਹੀਂ ਦਿੱਤੀ ਜਾਂਦੀ ਹੈ। ਔਰਤ ਦੀ ਆਜ਼ਾਦ ਸੋਚ ਆਪਣੇ ਸਵੈ ਨੂੰ ਤਰਜੀਹ ਦਿੰਦੇ ਹੋਏ ਜੇਕਰ ਕੋਈ ਕਦਮ ਚੁੱਕਦੀ ਹੈ ਤਾਂ ਉਸ ਦਾ ਚੌਗਿਰਦਾ ਵਿਰੋਧੀ ਧਿਰ ਵਜੋਂ ਖੜ੍ਹ ਕੇ ਉਸ ਦੀ ਹਸਤੀ ਨੂੰ ਦਰਕਿਨਾਰ ਕਰਦਾ ਹੈ ਅਤੇ ਉਹ ਪਿਤਰਕੀ ਸਮਾਜ ਤੋਂ ਮਰਦ ਦੀ ਹਵਸੀ ਦੁਨੀਆ ਵਿਚ ਫੱਸ ਜਾਂਦੀ ਹੈ। ਇਸ ਵਿਚ ਉਸ ਕੋਲ ਸਰੀਰਕ ਆਨੰਦ ਮਾਣਨ ਦੀ ਤਾਂ ਖੁੱਲ ਹੈ ਪਰ ਸਤਿਕਾਰ ਦੀ ਪ੍ਰਾਪਤੀ ਵੱਲੋਂ ਬੇਮੁਖ ਹੋ ਜਾਂਦੀ ਹੈ। ਔਰਤ ਲਈ ਲੈਂਗਿਕਤਾ ਬਾਰੇ ਗੱਲ ਕਰਨਾ ਤਾਂ ਬਿਲਕੁਲ ਪਾਪ ਸੀ, ਇਸ ਸੰਬੰਧੀ ਕੇਟ ਮਿਲਟ ਦੇ ਵਿਚਾਰ ਹਨ:

> "In terms of activity, sex roles assigns domestic service and attendance upon infants to the female, the rest of human achievement, interest, and ambition to the male. The limited role allotted the female tends to arrest her at the level of biological experience. Therefore nearly all that can be described as distinctly human rather than animal activity (in their own way animals also give birth and care for their young) is largely reserved for the male"[3]

ਇਸ ਨਾਟਕ ਅੰਦਰ ਆਇਸ਼ਾ ਆਪਣੀ ਕਾਮੁਕਤਾ, ਲੈਂਗਿਕਤਾ, ਜਿਨਸੀ ਚਾਹਤਾਂ ਆਦਿ ਬਾਰੇ ਬੇਬਾਕੀ ਸਹਿਤ ਗੱਲ ਕਰਦੀ ਹੈ, ਜਦੋਂ ਸਮਾਜਕ ਨੇਮਾਂ ਦੀ ਪਰਵਾਹ ਨਾ ਕਰਦੇ ਹੋਏ ਔਰਤ ਆਪਣੀ ਹੋਂਦ, ਆਪਣੀ ਚਾਹਤਾਂ, ਆਪਣੀ ਇੱਛਾਵਾਂ ਨੂੰ ਪੂਰਨ ਕਰਨ ਲਈ ਸਮਾਜਕ ਬਣਤਰ ਨੂੰ ਭੰਨਦੀ ਹੈ ਤਾਂ ਇਹ ਸਮਾਜ ਉਸ ਨੂੰ ਬਦ-ਕਿਰਦਾਰ/ ਚਰਿੱਤਰਹੀਨ ਵਜੋਂ ਪੇਸ਼ ਕਰਨ ਲੱਗਦਾ ਹੈ ਜਿਸ ਰਾਹੀਂ ਅਜਿਹੀ ਮਿਸਾਲ ਬਣਾਈ ਜਾ ਸਕੇ ਕਿ ਦੂਜੀ ਔਰਤ ਇਸ ਰਾਹ ਉੱਤੇ ਤੁਰਨ ਦਾ ਜੇਰਾ ਨਾ ਕਰੇ।

**ਸਿੱਖਿਆ ਦੇ ਖੇਤਰ ਵਿਚ ਵਰਜਨਾ -** ਔਰਤ ਨੇ ਆਪਣੀ ਆਜ਼ਾਦੀ ਦਾ ਦੂਜਾ ਸਰੋਤ ਸਿੱਖਿਆ ਨੂੰ ਸਮਝਿਆ। ਪਿਤਰਕੀ ਸਮਾਜ ਵਿੱਚ ਮੰਨਿਆ ਜਾਂਦਾ ਸੀ ਕਿ ਗਿਆਨ ਹਾਸਲ ਕਰਨਾ ਕੇਵਲ ਮਰਦ ਲਈ ਲੋੜੀਂਦਾ ਹੈ। ਔਰਤ ਨੂੰ ਪੜ੍ਹਨ-ਲਿਖਣ ਦੀ ਆਜ਼ਾਦੀ ਨਹੀਂ ਸੀ ਉਸ ਨੂੰ ਸਿੱਖਿਆ ਦੇ ਖੇਤਰ ਤੋਂ ਵਰਜਿਤ ਰੱਖਿਆ ਜਾਂਦਾ ਸੀ। ਇਸ ਸੰਬੰਧੀ ਗੇਰਦਾ ਲੇਰਨੇਰ ਦਾ ਵਿਚਾਰ ਹੈ:

> "The system of patriarchy can function only with the cooperation of women. This cooperation is secured by a variety of means : gender indoctrination; educational deprivation; the denial to women of knowledge of their history; the dividing of women, one from the other, by defining "respectability" and "deviance" according to women's sexual activities; by restraints the outright coercion; by discrimination in access to economic resources and political powers; and by awarding class privileges to conforming women"[4]

ਔਰਤ ਮਰਦ ਤੋਂ ਉੱਪਰ ਨਾ ਉੱਠ ਜਾਵੇ, ਉਸ ਦਾ ਮਾਨਸਿਕ ਵਿਕਾਸ ਮਰਦ ਦੀ ਘੜੀ ਔਰਤ ਲਈ ਟੁੱਟ-ਭੱਜ ਦਾ ਮਾਰਗ ਨਾ ਬਣ ਜਾਵੇ, ਉਸ ਦੀ ਸਿਰਜੀ ਦੁਨਿਆ ਵਿਚ ਔਰਤ ਕੋਈ ਮੁਕਾਮ ਹਾਸਲ ਕਰ ਉਸ ਤੋਂ ਉੱਚੇ ਅਹੁਦੇ ਉੱਤੇ ਨਾ ਪੁੱਜ ਜਾਵੇ ਆਦਿ ਡਰਾਂ ਕਾਰਨ ਔਰਤ ਨੂੰ ਪੜ੍ਹਨ-ਲਿੱਖਣ ਤੋਂ ਵਰਜਿਆ ਜਾਂਦਾ ਸੀ। ਇਸ ਸੰਬੰਧੀ ਡਾ. ਮਨਮੋਹਨ ਦੇ ਵਿਚਾਰ ਹਨ:

> "ਸਮਾਜ, ਸੱਤਾ ਪਿਤਰਕੀ ਦਾਬੇ ਨੂੰ ਇਹ ਕਤਈ ਬਰਦਾਸ਼ਤ ਨਹੀਂ ਕਿ ਨਾਰੀ ਇਲਮ, ਸੁਖ਼ਨ, ਫਲ ਦੀ ਸਾਧਨਾ ਕਰੇ ਕਿਉਂਕਿ ਇਸ ਅਧਿਕਾਰ ਖੇਤਰ ਵਿਚ ਪਿਤਰਕੀ/ਮਰਦ ਦੀ ਸੱਤਾ/ਸ਼ਕਤੀ ਵਿਆਪਤ ਹੈ।"[5]

ਇਹ ਗੱਲ ਇੱਥੇ ਹੀ ਨਹੀਂ ਰੁਕਦੀ ਸਗੋਂ ਜੇਕਰ ਕੋਈ ਔਰਤ ਇਸ ਰੋਕ-ਟੋਕ ਤੋਂ ਬਾਅਦ ਵੀ ਇਲਮ ਹਾਸਲ ਕਰ ਸਿਰਜਣਾਤਮਕ ਖੇਤਰ ਵਿੱਚ ਆਪਣੀ ਕਲਮ ਅਜ਼ਮਾਉਂਦੀ ਹੈ ਤਾਂ ਉਸ ਦਾ ਜ਼ੋਰਦਾਰ ਵਿਰੋਧ ਕੀਤਾ ਜਾਂਦਾ ਸੀ, ਇਸ ਦਾ ਵਿਰੋਧ ਸਿਰਫ਼ ਮਰਦ ਹੀ ਨਹੀਂ ਕਰਦੇ ਸੀ ਸਗੋਂ ਮਰਦ ਮਾਨਸਿਕਤਾ ਦੁਆਰਾ ਘੜੀਆਂ ਔਰਤਾਂ ਵੀ ਇਸ ਦੇ ਵਿਰੋਧ ਵਿਚ ਹੀ ਖੜ੍ਹੀਆਂ ਦਿੱਸਦੀਆਂ ਸਨ। ਇਸ ਨੂੰ ਨਾਟਕ ਵਿੱਚ ਇੰਝ ਪੇਸ਼ ਕੀਤਾ ਗਿਆ ਹੈ:

> "ਦੂਸਰੀ ਔਰਤ: ਨੀ ਇਹ ਤਾਂ ਸ਼ਾਇਰੀ ਕਰਕੇ ਬੰਦੇ ਭਰਮਾਉਂਦੀ ਐ!
> ਪਹਿਲੀ ਔਰਤ: ਨੀ, ਤੀਵੀਂ ਸ਼ਾਇਰੀ ਕਰੇ!
> ਦੂਸਰੀ ਔਰਤ: ਇਹ ਤਾਂ ਕੁਫ਼ਰ ਹੈ!" (ਪੰਨਾ 32)

**ਅਧਿਆਤਮਕ ਖੇਤਰ ਵਿਚ ਸ਼ਾਮਲ ਹੋਣ ਦੀ ਮਨਾਹੀ -** ਔਰਤ ਨੇ ਜਦ ਪਰਮਾਤਮਾ ਨਾਲ ਅਭੇਦ ਹੋਣ ਦਾ ਯਤਨ ਕੀਤਾ ਤੇ ਇਸ ਸਮਾਜ ਤੇ ਸੰਸਾਰ ਤੋਂ ਉੱਪਰ ਉੱਠਣ ਨੂੰ ਜਦ ਆਜ਼ਾਦੀ ਦਾ ਮਾਰਗ ਸਮਝਿਆ ਤਾਂ ਔਰਤ ਨੂੰ ਅਧਿਆਤਮਕ ਖੇਤਰ ਵਿਚ ਜਾਣ ਦੀ ਆਜ਼ਾਦੀ ਨਹੀਂ ਦਿੱਤੀ ਗਈ। ਨਾਥ-ਜੋਗੀਆਂ ਦੇ ਵੇਲੇ ਮੰਨਿਆ ਜਾਂਦਾ ਸੀ ਕਿ ਔਰਤ ਤਾਂ ਭਰਮਾਉਂਦੀ ਹੈ, ਸੰਤਾਂ, ਪੀਰਾਂ ਦੀ ਆਸਥਾ ਭੰਗ ਕਰਦੀ ਹੈ। ਆਇਸ਼ਾ ਨੇ ਇਸ ਸੋਚ ਨਾਲ ਵੀ ਟੱਕਰ ਲਈ ਤੇ ਫਕੀਰ ਨਾਲ ਰਾਬਤਾ ਕਰ ਫਕੀਰੀ ਧਾਰਨ ਕੀਤੀ, ਸੰਤ ਗੁਲਾਬਦਾਸ ਦੇ ਡੇਰੇ ਵਿਚ ਪਨਾਹ ਲਈ ਪਰ ਇੱਥੇ ਵੀ ਉਸ ਦਾ ਨਿਰਾਦਰ ਹੋਇਆ। ਇਸ ਖੇਤਰ ਵਿਚ ਮੌਜੂਦ ਔਰਤ ਸੰਬੰਧੀ ਇਸ ਸੋਚ ਨੂੰ ਹੇਠ ਲਿਖੇ ਸੰਵਾਦ ਰਾਹੀਂ ਪੇਸ਼ ਕੀਤਾ ਗਿਆ ਹੈ:

> "ਦਿੱਤਾ ਰਾਮ: ....ਪੁਰਾਣੇ ਨਾਥ ਯੋਗੀ ਸਨ ਕਿ ਆਪਣੇ ਆਪ ਉੱਤੇ ਨਾਰੀ ਦਾ ਪਰਛਾਵਾ ਵੀ ਨਹੀਂ ਸੀ ਪੈਣ ਦਿੰਦੇ!
> ਮਈਆ ਦਾਸ: ਤੇ ਉਹ ਵੀ ਸੂਦਰ!
> ਧਰਮ ਦਾਸ: ਸੂਦਰ ਵੀ ਤੇ ਮੁਸਲਮਾਨ ਵੀ ਮਲੇਛ ਤੇ ਕੁਜਾਤ!" (ਪੰਨਾ 163)

ਨਾਟਕ ਸ਼ਾਇਰੀ ਵਿਚ ਸਵਰਾਜਬੀਰ ਨੇ ਔਰਤ ਤੇ ਮਰਦ ਕੇਂਦਰਿਤ ਸਮਾਜ ਵਿਚ ਸੰਘਰਸ਼, ਜ਼ੋਰ-ਜਬਰ ਦਾ ਸ਼ਿਕਾਰ ਹੋਣਾ, ਭੋਗ-ਵਿਲਾਸ ਦੀ ਵਸਤੂ ਸਮਝੇ ਜਾਣਾ ਅਤੇ ਉਸ ਹੋਂਦ ਉੱਤੇ ਉੱਠੇ ਸਵਾਲਾਂ ਰਾਹੀਂ ਤਤਕਾਲਿਤ, ਸਮਾਜਕ ਯਥਾਰਥ ਦਾ ਪ੍ਰਗਟਾਵਾ ਕਰਦਿਆਂ ਵਿਭਿੰਨ ਪ੍ਰਸਥਿਤੀਆਂ ਵਿਚ ਔਰਤ ਦੀ ਆਪਣੀ ਹੋਂਦ ਪ੍ਰਤੀ ਚੇਤਨਤਾ ਅਤੇ ਵਿਰੋਧਤਾ ਬਾਰੇ

ਬਹੁਤ ਹੀ ਕਲਾਤਮਕ ਤਰੀਕੇ ਨਾਲ ਬਿਰਤਾਂਤ ਦੀ ਸਿਰਜਣਾ ਕੀਤੀ ਹੈ। ਇਨ੍ਹਾਂ ਸਥਿਤੀਆਂ ਵਿਰੁੱਧ ਔਰਤ ਨੂੰ ਆਪਣੀ ਆਵਾਜ਼ ਬੁਲੰਦ ਕਰਦੇ ਹੋਏ ਦਰਸਾਇਆ ਗਿਆ ਹੈ। ਔਰਤ ਦੀ ਹਾਸ਼ੀਆਗਤ ਸਥਿਤੀ ਸੰਬੰਧੀ 'ਗਾਇਤਰੀ ਸਪੀਵਾਕ' ਦਾ 'can the subaltaran speak?' ਵਿਚ ਮਤ ਹੈ "ਬਸਤੀਵਾਦੀ ਪ੍ਰਸੰਗਾਂ ਵਿਚ ਮੂਲਵਾਸੀ ਔਰਤ ਦੂਹਰਾ ਸੰਤਾਪ ਝੱਲਦੀ ਹੈ। ਇਹ ਇਕ ਪਾਸੇ ਤਾਂ ਉਹ ਬਸਤੀਵਾਦ ਦੀ ਸ਼ਿਕਾਰ ਹੈ ਜਦਕਿ ਦੂਜੇ ਪਾਸੇ ਮਰਦਾਵੇ ਨਿਜ਼ਾਮ ਵਿਚ ਉਸ ਲਈ ਕੋਈ ਥਾਂ ਨਹੀਂ। ਉਹ ਹਰਗਿਜ਼ ਵੀ ਆਪਣੀ ਹੋਂਦ ਦੇ ਯਥਾਰਥ ਨੂੰ ਪੇਸ਼ ਨਹੀਂ ਕਰ ਸਕਦੀ।"[6] ਉਨ੍ਹਾਂ ਦੀ ਇਹ ਗੱਲ ਬੇਸ਼ਕ ਉਚਿਤ ਜਾਪਦੀ ਹੈ ਕਿਉਂਕਿ ਹੱਥਲੇ ਨਾਟਕ ਦੀ ਮੁੱਖ ਪਾਤਰ ਜਦੋਂ ਆਪਣੇ ਹੱਕ ਲਈ ਆਵਾਜ਼ ਬੁਲੰਦ ਕਰਦੀ ਹੈ, ਸਮਾਜਕ ਨੇਮਾਂ ਤੇ ਬਣਤਰ ਨੂੰ ਬਦਲਣ ਦੀ ਕੋਸ਼ਿਸ਼ ਕਰਦੀ ਹੈ ਤਾਂ ਇਸ ਸਮਾਜ ਵਿਚ ਉਸ ਨੂੰ ਪੈਰ-ਪੈਰ ਉੱਤੇ ਸੰਕਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਅੰਤ ਉਸ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ ਜਾਂਦਾ ਹੈ।

**ਦਲਿਤ**

ਦਲਿਤ ਸ਼ਬਦ ਦੇ ਕੋਸ਼ਗਤ ਅਰਥ ਦੱਬਿਆ, ਕੁਚਲਿਆ ਜਾਂ ਲਿਤਾੜਿਆ ਹੋਇਆ ਮਨੁੱਖ, ਪਰ ਅਜੋਕੇ ਸਮੇਂ ਇਸ ਦੀ ਵਰਤੋਂ ਸਨਾਤਨੀ ਵੰਡ ਵਿਵਸਥਾ ਜਾਂ ਜਾਤੀ ਪ੍ਰਥਾ ਅਨੁਸਾਰ ਸ਼ੂਦਰ ਜਾਂ ਅਛੂਤ ਆਖੀਆਂ ਜਾਣ ਵਾਲੀਆਂ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਸੰਦਰਭ ਵਿੱਚ ਕੀਤਾ ਜਾਂਦਾ ਹੈ। ਹਜ਼ਾਰਾਂ ਸਾਲਾਂ ਤੋਂ ਦਲਿਤਾਂ ਨੂੰ ਸੱਤਾ, ਸੰਪੱਤੀ, ਤਾਕਤ ਅਤੇ ਸਤਿਕਾਰ ਤੋਂ ਵਾਂਝੇ ਰੱਖਿਆ ਗਿਆ ਹੈ। ਦਲਿਤ ਇਸ ਵਿਵਸਥਾ ਦੇ ਵਿਰੁੱਧ ਬਗ਼ਾਵਤ ਨਾ ਕਰਨ ਇਸ ਲਈ ਇਹ ਵਿਵਸਥਾ ਈਸ਼ਵਰ ਨੇ ਬਣਾਈ ਹੈ ਅਜਿਹੀਆਂ ਕਥਾਵਾਂ ਮਨੂ ਸਿਮਰਤੀ ਅੰਤਰਗਤ ਪੇਸ਼ ਕੀਤੀਆਂ ਗਈਆਂ ਹਨ। ਇਸ ਵਰਗ-ਵੰਡ ਨੇ ਸਮਾਜ ਨੂੰ ਚਾਰ ਭਾਗਾਂ ਵਿਚ ਵੰਡ ਦਲਿਤਾਂ ਨੂੰ ਸਭ ਤੋਂ ਹੇਠਲੇ ਪੱਧਰ ਉੱਤੇ ਰੱਖ ਹਾਸ਼ੀਏ ਵੱਲ ਧੱਕਿਆ ਹੈ। ਇਸ ਸਮਾਜਕ ਬਣਤਰ ਵਿੱਚ ਦਲਿਤ ਨੂੰ ਹੇਠਲੇ ਪੱਧਰ ਉੱਤੇ ਮੰਨਿਆ ਜਾਂਦਾ ਹੈ ਤੇ ਉੱਚ ਵਰਗ ਦੀ ਔਰਤ ਦੀ ਸਥਿਤੀ ਵੀ ਤਰਸਯੋਗ ਸੀ। ਕਾਂਚਾ ਇਲਿਆ ਦੀ ਪੁਸਤਕ 'why I am not hindu' ਵਿਚ ਇਸ ਸੰਬੰਧੀ ਆਪਣੇ ਵਿਚਾਰ ਇਉ ਪੇਸ਼ ਕਰਦੀ ਹੈ:

> "...Male brahmins negate women in their own families and negate Dalitbahujans in the larger society. This is the reason why Brahminical women have to survive as sexual objects or as subjects who only cook and serve."[7]

ਦਲਿਤ ਵਰਗ ਦੀ ਨਾਰੀ ਤਾਂ ਦੋਹਰੀ ਮਾਰ ਝੱਲਦੀ ਸੀ ਕਿਉਂਕਿ ਸਰਮਾਏ ਦੀ ਸਰਦਾਰੀ ਵਾਲੇ ਮਰਦ ਪ੍ਰਧਾਨ ਸਮਾਜ ਵਿੱਚ ਨੀਵੀਆਂ ਜਾਤਾਂ ਨਾਲ ਸੰਬੰਧਿਤ ਔਰਤਾਂ ਦੀ ਸਥਿਤੀ ਤਾਂ ਹੋਰ ਵੀ ਬਦਤਰ ਹੈ। ਇਕ ਪਾਸੇ ਉਹਨੂੰ ਮਰਦ ਦੀ ਅਧੀਨਗੀ ਕਬੂਲ ਕਰਨੀ ਪੈਂਦੀ ਹੈ ਤੇ ਦੂਜੇ ਪਾਸੇ ਉੱਚ-ਵਰਗ ਦੀਆਂ ਔਰਤਾਂ ਤੇ ਵੱਡੀ ਉਮਰ ਦੀਆਂ ਔਰਤਾਂ ਵੀ ਮਰਦਾਂ ਵਾਂਗ ਹੀ ਵਿਹਾਰ ਕਰਦੀਆਂ ਸਨ। ਇਸ ਤੋਂ ਇਲਾਵਾ ਉੱਚ-ਵਰਗ ਦੇ ਮਰਦ ਉਹਨੂੰ ਆਪਣੀ ਜ਼ਾਇਦਾਦ ਮੰਨ ਉਸ ਦੀ ਇੱਜ਼ਤ-ਆਬਰੂ ਉੱਤੇ ਹੱਥ ਪਾਉਣ ਨੂੰ ਆਪਣਾ ਹੱਕ ਸਮੱਝਦੇ ਹਨ। ਇਸ ਨਾਟਕ ਅੰਦਰ ਇਸ ਪੱਖ ਨੂੰ ਸੁਹਿਰਦਤਾ ਨਾਲ ਉਜਾਗਰ ਕੀਤਾ ਗਿਆ ਹੈ ਕਿ ਦਲਿਤ ਵਰਗ ਦੀ ਨਾਰੀ ਉੱਚ ਵਰਗ ਦੇ ਮਰਦਾਂ ਲਈ ਭੋਗ ਦੀ ਵਸਤੂ ਸੀ, ਇਸ ਸੰਬੰਧੀ ਜਸਵਿੰਦਰ ਦੂਹੜਾ ਦੇ ਵਿਚਾਰ ਇਸ ਪ੍ਰਕਾਰ ਹਨ:

"ਨਾਟਕ ਦੀ ਮੁੱਖ ਪਾਤਰ ਪੀਰੋ ਜਿੱਥੇ ਔਰਤ ਹੋਣ ਦਾ ਸੰਤਾਪ ਭੋਗਦੀ ਹੈ, ਉੱਥੇ ਨੀਵੀਂ ਜਾਤ (ਤੇਲੀ) ਵਿਚੋਂ ਹੋਣਾ ਵੀ ਉਸ ਦੀਆਂ ਮਾੜੀ ਸਮਾਜਿਕ ਸਥਿਤੀਆਂ ਦਾ ਕਾਰਨ ਬਣਦਾ ਹੈ।"[8]

ਇਸ ਵਰਗ ਨਾਲ ਸੰਬੰਧਿਤ ਲੋਕਾਂ ਨੇ ਆਪਣੀ ਸਥਿਤੀ ਨੂੰ ਬਦਲਣ ਲਈ ਕਈ ਅਹਿਮ ਕਦਮ ਪੁੱਟੇ, ਜਿਨ੍ਹਾਂ ਦਾ ਜ਼ਿਕਰ ਇਸ ਨਾਟਕ ਵਿਚ ਇਸ ਪ੍ਰਕਾਰ ਕੀਤਾ ਗਿਆ ਹੈ:

**ਧਰਮ ਪਰਿਵਰਤਨ ਦਾ ਰਾਹ -** ਜਦੋਂ ਭਾਰਤ ਅੰਦਰ ਦੂਜੇ ਧਰਮਾਂ ਦਾ ਬੋਲਬਾਲਾ ਹੋਇਆ ਤੇ ਉਨ੍ਹਾਂ ਵੱਲੋਂ ਸਮਾਨਤਾ ਦੀ ਗੱਲ ਕੀਤੀ ਗਈ ਤਾਂ ਅਨੇਕ ਨੀਵੀਂ ਵਰਗ ਦੇ ਲੋਕ ਇਸ ਵੱਲ ਖਿੱਚੇ ਗਏ ਅਤੇ ਉਨ੍ਹਾਂ ਨੇ ਧਰਮ ਪਰਿਵਰਤਨ ਕਰ ਆਪਣੀ ਸਥਿਤੀ ਨੂੰ ਤਬਦੀਲ ਕਰਨ ਦੀ ਕੋਸ਼ਿਸ਼ ਕੀਤੀ ਇਸਲਾਮ ਧਰਮ ਅੰਦਰ ਜਾਤ-ਪਾਤ ਦਾ ਖੰਡਨ ਕਰ ਸਾਰੀਆਂ ਨੂੰ ਇੱਕ ਬਰਾਬਰ ਦਾ ਮਾਣ ਦਿੱਤਾ ਗਿਆ ਹੈ, ਜਿਸ ਕਾਰਨ ਕਈ ਲੋਕਾਂ ਨੇ ਇਸ ਧਰਮ ਨੂੰ ਅਪਣਾਇਆ। ਹੱਥਲੇ ਨਾਟਕ ਅੰਦਰ ਇਸ ਪੱਖ ਨੂੰ ਧਰਾਤਲ ਤੋਂ ਪੇਸ਼ ਕੀਤਾ ਗਿਆ ਹੈ ਕਿ ਕਿਵੇਂ ਇਹ ਜਾਤ-ਪਾਤ ਦਾ ਮਸਲਾ ਇਸ ਉਪਰਾਲੇ ਮਗਰੋਂ ਵੀ ਪ੍ਰਤੱਖ ਤੌਰ ਤੇ ਲੋਕਾਂ ਦੀ ਮਾਨਸਿਕਤਾ ਤੋਂ ਓਹਲੇ ਨਾ ਹੋ ਸਕਿਆ ਅਤੇ ਧਰਮ ਪਰਿਵਰਤਨ ਮਗਰੋਂ ਵੀ ਸਮਾਜ ਵਿਚ ਮੌਜੂਦ ਹੈ:

> "ਰਹਿਮਤ ਅਲੀ: ....ਮੈਂ ਮੁਸਲਮਾਨ ਜੱਟਾਂ ਦਾ ਪੁੱਤਰ ਆਂ..ਪਰ ਇਸਲਾਮ ਵਿੱਚ ਕੋਈ ਜਾਤ-ਪਾਤ ਨਹੀਂ ਹੁੰਦੀ!
>
> ਆਇਸ਼ਾ: ਐਵੇਂ ਜੱਲ੍ਹੀਆਂ ਨਾ ਮਾਰ! ਸਾਡੇ ਪਿੰਡ ਵਿੱਚ ਸਈਅਦ ਨੇ ਤੇ ਜੱਟ ਨੇ... ਰਾਜਪੂਤ ਨੇ ਚਮਾਰ ਨੇ!... ਅਰਾਈਂ, ਤੇਲੀ ਤੇ ਮੁਸੱਲੀ ਨੇ! ਹੈ ਤਾਂ ਸਾਰੇ ਈ ਮੁਸਲਮਾਨ... ਪਰ ਸਾਰੇ ਆਪਣੀ ਆਪਣੀ ਜਾਤ ਵਿੱਚ ਵਿਆਹ ਕਰਦੇ ਨੇ! ਲੋਕੀ ਤੇ ਸਾਨੂੰ ਸ਼ੂਦਰ ਵੀ ਕਹਿੰਦੇ ਨੇ!" (ਪੰਨਾ 26-27)

**ਸਿੱਖਿਆ ਅਤੇ ਚੇਤਨਾ -** ਸਿੱਖਿਆ ਅਤੇ ਚੇਤਨਾ ਹੀ ਦਰਅਸਲ ਉਹ ਕ੍ਰਾਂਤੀ ਲਿਆਉਂਦੀ ਹੈ ਜੋ ਹਾਸ਼ੀਅਗਤ ਸਥਿਤੀ ਤੋਂ ਬਾਹਰ ਜਾਣ ਲਈ ਜ਼ਰੂਰੀ ਹੈ। ਸਿੱਖਿਆ ਹੀ ਦਲਿਤ ਨੂੰ ਉਸ ਦੀ ਹਾਸ਼ੀਅਗਤ ਸਥਿਤੀ ਤੋਂ ਪਾਰ ਜਾਣ ਦੀ ਸੋਝੀ ਪ੍ਰਦਾਨ ਕਰਦੀ ਹੈ। ਸਿੱਖਿਆ ਦਾ ਰੋਲ ਮਨੁੱਖ ਦੇ ਸਮਾਜਕ ਵਿਕਾਸ ਵਿਚ ਬਹੁਤ ਵੱਡਾ ਹੁੰਦਾ ਹੈ। ਸਹੀ ਰੂਪ ਵਿਚ ਸਿੱਖਿਆ ਗ੍ਰਹਿਣ ਕਰਕੇ ਮਨੁੱਖ ਆਪਣੀਆਂ ਸਮੱਸਿਆਵਾਂ ਦੇ ਕਾਰਨਾਂ ਨੂੰ ਸਮਝਣ ਅਤੇ ਉਨ੍ਹਾਂ ਨੂੰ ਹੱਲ ਕਰਨ ਦੇ ਯੋਗ ਹੋ ਜਾਂਦੇ ਹਨ। ਹੱਥਲੇ ਨਾਟਕ ਅੰਦਰ ਆਇਸ਼ਾ ਨੂੰ ਉਸ ਦੇ ਪਿਓ ਨੇ ਮੌਲਵੀ ਕੋਲੋਂ ਇਲਮ ਹਾਸਲ ਕਰਾਇਆ ਤਾਂ ਜੋ ਉਹ 'ਤੇਲੀਆਂ ਦੀ ਧੀ' ਇਸ ਸਮਾਜ ਵਿੱਚ ਵਿਚਰਨ ਲਈ ਸਹਿਜ ਹੋ ਸਕੇ ਸਿੱਖਿਆ ਦੀ ਪ੍ਰਾਪਤੀ ਨੇ ਆਇਸ਼ਾ ਨੂੰ ਆਪਣੀ ਹੋਂਦ ਬਾਬਤ ਸੋਚਣ ਲਈ ਪ੍ਰੇਰਿਆ ਉਸ ਅੰਦਰਲੇ ਸਮਾਜਿਕ ਬਣਤਰ ਦੇ ਨੇਮਾਂ ਸੰਬੰਧੀ ਸਵਾਲਾਂ ਨੇ ਉਸ ਨੂੰ ਆਪਣੇ ਹੱਕਾਂ ਪ੍ਰਤੀ ਆਵਾਜ਼ ਬੁਲੰਦ ਕਰਨ ਦੀ ਹਿੰਮਤ ਦਿੱਤੀ ਤੇ ਸਿੱਖਿਆ ਕਰਕੇ ਸਹੀ-ਗਲਤ ਵਿਚਕਾਰਲਾ ਅੰਤਰ ਸਮਝ ਆਇਆ।

**ਆਰਥਿਕ ਹੈਸੀਅਤ ਵਿਚ ਸੁਧਾਰ -** ਆਪਣੇ ਸਮਾਜਿਕ ਅਹੁਦੇ ਨੂੰ ਤਬਦੀਲ ਕਰਨ ਦਾ ਇੱਕ ਹੋਰ ਢੰਗ ਲੋਕਾਂ ਨੂੰ ਆਪਣੀ ਆਰਥਿਕ ਹੈਸੀਅਤ ਨੂੰ ਬਦਲਣ ਨਾਲ ਮਹਿਸੂਸ ਹੋਇਆ। ਪਰ ਇਹ ਵੀ ਉਨ੍ਹਾਂ ਦੀ ਉਸ ਸਥਿਤੀ ਨੂੰ ਬਦਲਣ ਵਿੱਚ ਸਹਾਇਕ ਨਾ ਹੋਈ। ਜਿੱਥੇ ਪੈਸਾ ਹੀ ਸਭ ਤੋਂ ਵੱਡੀ ਤਾਕਤ ਮੰਨੀ ਜਾਂਦੀ ਹੈ ਉਸ ਦੀ ਪ੍ਰਾਪਤੀ ਵੀ ਇਨ੍ਹਾਂ

ਨੂੰ ਸਮਾਜ ਅੰਦਰ ਬਰਾਬਰੀ ਜਾਂ ਉੱਚ ਹੈਸੀਅਤ ਦਿਵਾਉਣ ਵਿਚ ਅਯੋਗ ਰਹੀ। ਰਾਜ-ਮੱਹਲਾਂ, ਹਵੇਲੀਆਂ ਅੰਦਰ ਰਹਿਣ ਤੇ ਸ਼ਾਹੀ ਤੌਰ ਤਰੀਕੇ ਨਾਲ ਜਿਉਣ ਮਗਰੋਂ ਵੀ ਨੀਵੀਂ ਜਾਤ ਦੀ ਮੋਹਰ ਨੂੰ ਮਿਟਾਉਣ ਵਿਚ ਉਹ ਕਾਮਯਾਬ ਨਾ ਹੋ ਸਕੇ। ਇਹ ਸਿਰਫ਼ ਇਨ੍ਹਾਂ ਲੋਕਾਂ ਦਾ ਹੀ ਨਹੀਂ ਸਗੋਂ ਸਾਰੇ ਸਮਾਜ ਦਾ ਦੁਖਾਂਤ ਹੈ ਕਿ ਇਸ ਵਿਚ ਕਿਸੀ ਮਨੁੱਖ ਨੂੰ ਵਿਕਾਸ ਕਰਨ, ਆਪਣੀ ਹੈਸੀਅਤ ਨੂੰ ਤਬਦੀਲ ਕਰਨ ਦੇ ਮੌਕੇ ਹੀ ਨਹੀਂ ਦਿੱਤੇ ਜਾਂਦੇ। ਉਸ ਨੂੰ ਕੇਵਲ ਪਿੱਛੇ ਖਿੱਚਿਆ ਜਾਂਦਾ ਹੈ। ਬਿਹਤਰ ਹੋਣ ਦੇ ਅਹਿਸਾਸ (superiority complex)[9] ਨਾਲ ਗ੍ਰਸਤ ਦੂਜਿਆਂ ਦਾ ਦਮਨ ਕਰ ਹਾਸਲ ਕਰਨ ਵਾਲੀ ਖ਼ੁਸ਼ੀ ਇਨ੍ਹਾਂ ਦੀ ਮਾਨਸਿਕਤਾ ਵਿਚ ਇੰਨੀ ਰਚ-ਮਿਚ ਗਈ ਹੈ ਕਿ ਇਹ ਵਿਕਾਸ ਦੀਆਂ ਪੌੜੀਆਂ ਨਾ ਆਪ ਚੜ੍ਹ ਸਕਦੇ ਹਨ ਨਾ ਕਿਸੀ ਹੋਰ ਨੂੰ ਚੜ੍ਹਨ ਦੇ ਸਕਦੇ ਹਾਂ। ਇਸ ਦਮਨ ਦੀ ਪ੍ਰਵਿਰਤੀ ਕਾਰਨ ਉੱਚ ਆਰਥਿਕ ਅਹੁਦੇ ਦਾ ਵੀ ਕੋਈ ਮੁੱਲ ਨਹੀਂ ਰਹਿੰਦਾ:

> "ਅਸ਼ਰਫ: ...ਅੱਜ ਤੇ ਸਾਨੂੰ ਆਪਣੀ ਜਾਤ ਤੋਂ ਵੀ ਨੀਵੀਂ ਜਾਤ ਦੀ ਤੀਵੀ ਨੂੰ ਮੋਢਿਆਂ ਉੱਤੇ ਚੁੱਕਣਾ ਪੈਣਾ ਏ!
>
> .....
>
> ਸ਼ੀਦਾ: ਉਏ ਸ਼ੁਕਰ ਕਰੋ... ਉਹ ਤੇਲਣ ਐ!...ਜੇ ਇਲਾਹੀ ਬਖਸ਼ ਹੋਰੀਂ ਕੋਈ ਚੂੜ੍ਹੀ ਚਮਿਆਰੀ ਵੀ ਲੈ ਆਉਣ ਤਾਂ ਸਾਨੂੰ ਉਹ ਵੀ ਚੁੱਕਣੀ ਈ ਪੈਣੀ ਐ!" (ਪੰਨਾ 63)

ਇਸ ਨਾਟਕ ਅੰਦਰ ਨਾਟਕਕਾਰ ਨੇ ਦਲਿਤ ਵਰਗ ਦੀ ਚੇਤਨਾ, ਦਲਿਤ ਵਰਗ ਦੇ ਆਪਣੀ ਸਥਿਤੀ ਨੂੰ ਤਬਦੀਲ ਕਰਨ ਦੀ ਚਾਹ ਤੇ ਸੰਘਰਸ਼ ਨੂੰ ਕਈ ਸੂਖ਼ਮ ਢੰਗ ਨਾਲ ਬਿਆਨ ਕੀਤਾ ਗਿਆ ਹੈ। ਇਹ ਲੋਕ ਆਪਣੀ ਸਥਿਤੀ ਨੂੰ ਬਦਲਣ ਦੀ ਬੇਚੈਨੀ, ਝੁੰਝਲਾਹਟ ਤੇ ਤਤਪਰਤਾ ਨੂੰ ਪੇਸ਼ ਕਰ ਇਨ੍ਹਾਂ ਯਤਨਾਂ ਦੀ ਅਸਫਲਤਾ ਦੇ ਦੁਖਾਂਤ ਨੂੰ ਪੇਸ਼ ਕਰਦੇ ਹੋਏ ਦਲਿਤ ਵਰਗ ਦੀ ਔਰਤ ਦੀ ਸਮਾਜਿਕ ਹੈਸੀਅਤ ਨੂੰ ਨਿਗੂਣਾ ਸਾਕਾਰ ਕੀਤਾ ਹੈ।

**ਤੀਜਾ ਲਿੰਗ**

ਇਸ ਵਰਗ ਨੂੰ ਸਦੀਆਂ ਤੋਂ ਸਮਾਜ ਅੰਦਰ ਅਣਗੌਲਿਆ ਗਿਆ ਹੈ। ਇਸ ਵਰਗ ਨਾਲ ਸੰਬੰਧਿਤ ਲੋਕ ਸਮਾਜ ਤੋਂ ਛੇਕੇ ਹੋਏ ਹਨ। ਉਨ੍ਹਾਂ ਦੀ ਹੋਂਦ ਨੂੰ ਚੁੱਪ ਹੇਠ ਦੱਬਿਆ ਗਿਆ ਹੈ। ਭਾਵੇਂ ਨਾਰੀ ਚੇਤਨਾ ਤੇ ਦਲਿਤ ਚੇਤਨਾ ਨੇ ਇਨ੍ਹਾਂ ਹਾਸ਼ੀਆਗਤ ਧਿਰਾਂ ਦੇ ਹੱਕਾਂ ਪ੍ਰਤੀ ਆਵਾਜ਼ ਚੁੱਕੀ ਹੈ ਪਰ, ਇਸ ਵਰਗ ਸੰਬੰਧੀ ਗੱਲਬਾਤ 15 ਅਪ੍ਰੈਲ 2014 ਦੇ ਸੁਪਰੀਮ ਕੋਰਟ ਦੇ ਤੀਜੇ ਜੈਂਡਰ ਵਜੋਂ ਮਾਨਤਾ ਦੇਣ ਮਗਰੋਂ ਹੀ ਪ੍ਰਤੱਖ ਤੌਰ ਉੱਤੇ ਸ਼ੁਰੂ ਹੋਈ ਹੈ। ਇਸ ਤੋਂ ਪਹਿਲਾਂ ਇਨ੍ਹਾਂ ਦਾ ਸਮਾਜ ਵਿੱਚ ਇੱਕ ਬਿੰਬ (images) ਬਣਾਇਆ ਗਿਆ ਸੀ ਤੇ ਇਸ ਨੂੰ ਹੀ ਇਨ੍ਹਾਂ ਉੱਤੇ ਥੋਪਿਆ ਜਾਂਦਾ ਸੀ। ਇਸ ਨੁਮਾਇਸ਼ੀ ਸ਼ਿੰਗਾਰ (loud makeup), ਭਾਰੀ ਗਹਿਣੇ ਤੇ ਭੜਕੀਲੀ ਪੋਸ਼ਾਕ ਦੇ ਪਿਛੋਕੜ ਵਿੱਚ ਮੌਜੂਦ ਸੰਵੇਦਨਸ਼ੀਲ ਮਨਾਂ ਨੂੰ, ਉਨ੍ਹਾਂ ਦੀਆਂ ਮਾਨਸਿਕ ਗੁੰਝਲਾਂ, ਤਕਲੀਫਾਂ, ਸਮੱਸਿਆਵਾਂ ਆਦਿ ਨੂੰ ਸਮਝਣ ਦੇ ਯਤਨ ਕਦੇ ਨਹੀਂ ਕੀਤੇ ਗਏ। ਨਾਟਕਕਾਰ ਨੇ ਇਸ ਨੂੰ ਹੱਥਲੇ ਨਾਟਕ ਅੰਦਰ ਇੰਝ ਬਿਆਨ ਕਰਨ ਦਾ ਉਪਰਾਲਾ ਕੀਤਾ ਹੈ। ਇਸ ਵਰਗ ਨਾਲ ਸੰਬੰਧਿਤ ਲੋਕ ਆਪਣੀ ਹੋਂਦ ਪ੍ਰਤੀ ਚੇਤੰਨ ਨਹੀਂ ਹਨ। ਇਨ੍ਹਾਂ ਦੀ ਜਿਹੜੀ ਰਹਿਣੀ-ਸਹਿਣੀ ਤੇ ਕਿਰਤ ਦਾ ਢੰਗ ਸਮਾਜ ਨੇ ਨਿਰਧਾਰਿਤ ਕੀਤਾ ਹੈ, ਉਸ ਅਨੁਸਾਰ ਇਹ ਵਿਚਰਨ ਲਈ ਮਜ਼ਬੂਰ

ਹਨ। ਇਸ ਅਮਾਨਵੀਂ ਵਿਹਾਰ ਕਾਰਨ ਇਹ ਆਪਣੀ ਸਮੱਰਥਾਵਾਂ ਨੂੰ ਸਮਝਣ ਤੋਂ ਵਾਂਝੇ ਹਨ ਤੇ ਆਪਣੀਆਂ ਲਾਲਸਾਵਾਂ, ਇੱਛਾਵਾਂ, ਸੱਧਰਾਂ ਦੀ ਪੂਰਤੀ ਕਰਨ ਆਪਣੇ ਮਾਨਸਿਕ ਵਿਕਾਸ ਵੱਲ ਵੱਧਣ ਵਿਚ ਨਾ-ਕਾਮਯਾਬ ਹਨ। ਜਿਸ ਕਾਰਨ ਇਨ੍ਹਾਂ ਅੰਦਰ ਸਵੈ-ਵਿਸ਼ਵਾਸ ਦੀ ਘਾਟ ਹੈ। ਆਪਣੇ ਆਪ ਨੂੰ ਨੀਵਾਂ ਸਮਝਣ ਕਰਕੇ ਇਹ ਹੀਣ-ਭਾਵਨਾ (inferiority complex)[10] ਦਾ ਸ਼ਿਕਾਰ ਹੋ ਜਾਂਦੇ ਹਨ। ਜਿਸ ਕਰਕੇ ਇਹ ਖ਼ੁਦ ਨੂੰ ਮਨੁੱਖ ਵੀ ਸਮਝਣ ਤੋਂ ਡਰਦੇ ਹਨ, ਨਾਟਕ ਵਿਚ ਇਸ ਤਰਸਯੋਗ ਸਥਿਤੀ ਵੱਲ ਈਸਨ ਪਾਤਰ ਦੀ ਆਵਾਜ਼ ਰਾਹੀਂ ਇੰਞ ਇਸ਼ਾਰਾ ਕੀਤਾ ਗਿਆ ਹੈ:

> ਈਸਨ: ਸਤਿਗੁਰੂ ਨੇ ਮੇਰੇ ਸਿਰ ਤੇ ਹੱਥ ਰੱਖਿਆ ਤਾਂ ਮੈਨੂੰ ਪਤਾ ਲੱਗਾ.. ਕਿ ਮੈਂ ਵੀ ਕੁਝ ਹਾਂ... ਸ਼ਾਇਦ ਕੁਝ ਕੁਝ ਇਨਸਾਨ ਵੀ ਹਾਂ.... ਇਨਸਾਨ ਹਾਂ ਤੇ ਜੀ ਸਕਦਾ ਹੈ... ਤੇ ਇਹ ਜਿਉਣਾ ਮੇਰਾ ਹੱਕ ਵੀ ਏ... ਤੇ ਫਿਰ ਸਤਿਗੁਰਾਂ ਦੀ ਲਿਵ ਲੱਗ ਗਈ! (ਪੰਨਾ 116)

ਇਹ ਲੋਕ ਭਾਵਨਤਮਕ ਜਗਤ ਵਿਚ ਦਾਖ਼ਲ ਹੋਣ ਲਈ ਸੰਘਰਸ਼ ਕਰ ਰਹੇ ਹਨ। ਇਸ ਵਰਗ ਦੀ ਸੰਵੇਦਨਾ ਨੂੰ ਪੇਸ਼ ਕਰਦੇ ਹੋਏ ਨਾਟਕਕਾਰ ਨੇ ਇਨ੍ਹਾਂ ਦੇ ਹੋਂਦ-ਮੂਲਕ ਸੰਘਰਸ਼ ਨੂੰ ਚਿਤਰਿਆ ਹੈ।

ਇਸ ਸਾਰੀ ਵਿਚਾਰ-ਚਰਚਾ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਹੱਥਲੇ ਨਾਟਕ ਵਿਚ ਨਾਟਕਕਾਰ ਨੇ ਹਾਸ਼ੀਆਗਤ ਧਿਰਾਂ - ਨਾਰੀ, ਦਲਿਤ ਤੇ ਤੀਜਾ ਲਿੰਗ ਨੂੰ ਪੇਸ਼ ਕੀਤਾ ਹੈ। 'ਆਇਸ਼ਾ/ਪੀਰੋ' ਤੇ 'ਈਸਨ' ਦਮਨਕਾਰੀ ਸ਼ਕਤੀਆਂ ਦਾ ਵਿਦਰੋਹ ਕਰਦੇ ਆਪਣੀ ਸਵੈ-ਹੋਂਦ ਪ੍ਰਤੀ ਚੇਤੰਨ ਦਿੱਸਦੇ ਹਨ। ਇਹ ਪਾਤਰ ਸਮਾਜਕ ਤਾਣੇ-ਬਾਣੇ ਹੇਠ ਆਪਣੀ ਸਥਿਤੀ ਬਦਲਣ ਦੇ ਇੱਛੁਕ ਤੇ ਸੰਘਰਸ਼ਸ਼ੀਲ ਹਨ। ਨਾਰੀ ਵਰਗ ਦੀ ਸਥਿਤੀ ਪ੍ਰਤੀ ਪੀਰੋ ਦੀ 'ਤਿੱਖੀ ਸੁਰ' ਹੈ ਤਾਂ ਦਲਿਤ ਵਰਗ ਦੀਆਂ ਸਮੱਸਿਆਵਾਂ, ਪਰੇਸ਼ਾਨੀਆਂ ਪ੍ਰਤੀ ਉਸ ਦੇ ਅੰਦਰ ਸਵਾਲ ਤਾਂ ਹਨ ਪਰ ਉਹ ਇਸ ਪ੍ਰਤੀ ਖੁੱਲਾ ਵਿਰੋਧ ਕਰਨ ਦੀ ਥਾਂ 'ਮੱਧਮ ਸੁਰ' ਵਿਚ ਆਵਾਜ਼ ਚੁੱਕਦੀ ਹੈ। ਇਸ ਦੇ ਪਿਛੋਕੜ ਵਿਚ ਸਮਾਜਕ ਤਾਣੇ-ਬਾਣੇ ਨੂੰ ਬਦਲਣ ਦੀ ਦਲਿਤ-ਵਰਗ ਦੇ ਯਤਨਾਂ ਦੀ ਅਸਫਲਤਾ ਤੇ ਔਰਤ ਦੀ ਦੂਜੈਲੀ ਸਥਿਤੀ ਕਾਰਜਸ਼ੀਲ ਹੈ। ਤੀਜੇ ਲਿੰਗ ਦੇ ਲੋਕਾਂ ਦੀ ਤਰਸਯੋਗ ਸਥਿਤੀ ਕਾਰਨ ਉਨ੍ਹਾਂ ਅੰਦਰ ਹੀਣਤਾ ਦੇ ਭਾਵ ਮੌਜੂਦ ਹਨ। ਇਸ ਬੇਬਸੀ ਅਧੀਨ ਉਹ ਸਾਰੀਆਂ ਦਮਨਕਾਰੀ ਗੱਲਾਂ ਝੱਲਣ ਲਈ ਮਜ਼ਬੂਰ ਹਨ ਪਰ ਉਹ ਇਸ ਨਾਲ ਨਾ-ਖ਼ੁਸ਼ ਵੀ ਹਨ ਇਸ ਕਰਕੇ ਈਸਨ ਪਾਤਰ ਦੀ ਬਗ਼ਾਵਤ ਭਾਵੇਂ ਹਜੇ 'ਨੀਵੀਂ ਸੁਰ' ਵਿਚ ਹੈ ਪਰ ਇਹ ਉਨ੍ਹਾਂ ਦੀ ਗਦਰ ਦਾ ਧਰਾਤਲ ਜ਼ਰੂਰ ਸਿਰਜ ਰਹੀ ਹੈ।


**ਹਵਾਲੇ ਅਤੇ ਟਿੱਪਣੀਆਂ :-**


1. ਡਾ. ਹਰਜੋਧ ਸਿੰਘ (ਸੰਪਾ.), ਸਵਰਾਜਬੀਰ ਦਾ ਨਾਟ ਜਗਤ (ਪਿਤਰਕੀ ਪ੍ਰਬੰਧ ਨੂੰ ਲਲਕਾਰ), ਚੇਤਨਾ ਪ੍ਰਕਾਸ਼ਕ, ਪੰਨਾ- 109
2. ਸਵਰਾਜਬੀਰ, ਸ਼ਾਇਰੀ, ਚੇਤਨਾ ਪ੍ਰਕਾਸ਼ਨ, 2004, ਪੰਨਾ-185
3. Kate millet, Sexual politics, University of Illinois press, Urbana and Chicago, 1969, P. 26
4. Gerda lerner, The creation of patriarchy, Oxford university press, New York, Oxford, 1986, P. 217
5. ਕੇਵਲ ਧਾਲੀਵਾਲ, ਸਵਰਾਜਬੀਰ ਸਿਰਜਕ ਤੇ ਸਿਰਜਨਾ, ਚੇਤਨਾ ਪ੍ਰਕਾਸ਼ਕ, 2015, ਪੰਨਾ 122

6. ਆਤਮ ਸਿੰਘ ਰੰਧਾਵਾ (ਡਾ.), ਸੰਵਾਦ, ਅੰਕ-15, ਜਨਵਰੀ-ਜੂਨ 2022, ਪੰਨਾ- 125
7. Kancha Ilaiah, why I am not Hindu: A sudra critique of Hindutava philosophy, cultural and political economy, Calcutta, Samya, 1996, P. 32
8. https://www.punjabijagran.com/lifestyle/sahit-andsabhyachar-poetry-is-the-narrative-of-the-existence-of-a-concious-woman-9492031.html
9. Superiority complex – a psychological state where an individual believes they are superior to others, often with an inflated sense of self-importance and tendency to belittle or dismiss the contributions of others.
10. Inferiority complex – a persistent feeling of inadequacy, insecurity, and the belief that one is somehow inferior to others.

# ਪੁਸਤਕ ਰੀਵਿਊ

- ## ਖ਼ਾਮੋਸ਼ ਰਾਹਾਂ ਦੇ ਭੇਦ ਰੂਹ ਦੀ ਅੰਤਹੀਣ ਯਾਤਰਾ(ਵਾਰਤਕ)




- **ਖ਼ਾਮੋਸ਼ ਰਾਹਾਂ ਦੇ ਭੇਦ**

**ਰੂਹ ਦੀ ਅੰਤਹੀਣ ਯਾਤਰਾ(ਵਾਰਤਕ): ਡਾ.ਪਰਮਿੰਦਰ ਸਿੰਘ ਸ਼ੌਂਕੀ**

- **ਰੀਵਿਊਕਾਰ : ਸਿਫ਼ਰਨਵੀਸ ਇਕਵਿੰਦਰ ਪਾਲ ਸਿੰਘ**
- **ਪ੍ਰਕਾਸ਼ਕ: ਰੀਥਿੰਕ ਬੁੱਕਸ**

---

ਮਨੁੱਖੀ ਚੇਤਨਾ ਆਰੰਭ ਤੋਂ ਆਪਣੇ ਅਨੁਭਵ ਨਾਲ ਮੁਖ਼ਾਤਿਬ ਹੁੰਦਿਆਂ ਬੇਮੁਖ ਹੁੰਦੀ ਆਈ ਹੈ, ਸਮੇਂ ਸਮੇਂ ਤੇ ਇਸਨੂੰ ਆਲਸ, ਉਦਾਸੀ ਜਾਂ ਫਿਰ ਡੂੰਘੀ ਨੀਂਦਰ ਦੇ ਰੂਪ ਵਿਚ ਅਸੀਂ ਚਿਤਰਦੇ ਜਾਂ ਚਿਤਵਦੇ ਆਏ ਹਾਂ। ਕਦੇ ਤੁਸੀਂ ਅਜਿਹਾ ਮਹਿਸੂਸ ਕੀਤਾ ਕਿ ਸਾਡੀ ਵੇਦਨਾ ਸਾਡੇ ਸ਼ਬਦਾਂ ਦੀ ਮੁਥਾਜ ਨਾ ਹੋ ਕੇ ਵੀ ਸਾਡੇ ਸ਼ਬਦਾਂ ਲਈ ਤ੍ਰਿਹਾਈ ਕਿਉਂ ਰਹਿੰਦੀ ਹੈ? ਅਸੀਂ ਜਾਣਦੇ ਹਾਂ ਕਿ ਅਸੀਂ ਕਰਮ ਧਰਤੀ ਅੰਦਰ ਆਏ ਹਾਂ, ਸਾਡੇ ਸਰੀਰ ਤੇ ਵੱਜਿਆ ਫੱਟ ਸਾਡੇ ਚੀਖਣ ਨਾਲ ਠੀਕ ਨਹੀਂ ਹੋ ਜਾਂਦਾ, ਸਾਨੂੰ ਕੋਈ ਮੋਹ ਭਿੱਜੀ ਠੰਡੀ ਹਵਾ ਸਾਡੇ ਖਿੜਖਿੜਾਉਣ ਤੇ ਹੱਸਣ ਦੇ ਨਾਲ ਦੁੱਗਣੀ ਨਹੀਂ ਹੋ ਜਾਂਦੀ ਪਰ ਅਸੀਂ ਉਸ ਕਿਰਿਆ ਤੋਂ ਪਿਆਸੇ ਜਿਹੇ ਹੋਏ ਢੁੱਕਵੇਂ ਮੌਕੇ ਢੁੱਕਵੀਂ ਕਿਰਿਆ ਕਿਉਂ ਕਰਦੇ ਹਾਂ? ਇਹ ਨਾ ਤਾਂ ਕੋਈ ਅਤਿਕਥਨੀ ਹੈ ਨਾ ਹੀ ਕੋਈ ਬੇਲੋੜਾ ਸਵਾਲ, ਬਲਕਿ ਸਾਡੀਆਂ ਬੇਲੋੜੀਆਂ ਗੱਲਾਂ ਦੇ ਜਵਾਬ ਦੇ ਰੂਪ ਵਿਚ ਇਹ ਤੱਥ ਜ਼ਰੂਰ ਨੇ, ਜੋ ਸਿਰਫ਼ ਇਹ ਦਰਸਾਉਂਦੇ ਹਨ ਕਿ ਜਨਮ ਜਨਮਾਂਤਰਾਂ ਦੇ ਸਫ਼ਰ ਦੀ ਅਨੰਤਤਾ ਨੂੰ ਸਮਝੀਏ ਜਾਂ ਫਿਰ ਤਰਕਸ਼ੀਲ ਹੋ ਕੇ ਖ਼ੁਦ ਨੂੰ ਇਸ ਜਨਮ ਦਾ ਹੀ ਸਰਵ-ਸੰਪੰਨ ਧਾਰਨੀ ਮੰਨੀਏ, ਸਾਡੀ ਸੁਰਤ ਕਿਸੇ ਅਣਜਾਣ ਵਹਿਣ ਵਿਚ ਵਹਿੰਦੀ ਹੀ ਹੈ। ਇਮਾਰਤ-ਕਲਾ ਆਪਣੇ ਆਪ ਵਿਚ ਬਹੁਤ ਸੋਹਣੀ ਉਦਾਹਰਣ ਹੈ, ਕੁਦਰਤ ਦੇ ਵੱਡੇ ਪਸਾਰੇ ਅੰਦਰ ਮਨੁੱਖ ਆਪਣੀ ਊਰਜਾ ਤੇ ਆਪਣੀ ਚੇਤੰਨਤਾ ਨੂੰ ਕਿਤੇ ਕੇਂਦਰਤ ਕਰਨ ਦੀ ਜਦੋਂ ਸ਼ੁਰੂਆਤ ਕਰਨ ਲੱਗਾ ਤਾਂ ਉਸਨੇ ਆਪਣੇ ਘਰ ਤੋਂ ਅਲੱਗ ਇਕ ਅਜਿਹਾ ਪ੍ਰਤੀਰੂਪ ਬਣਾਇਆ ਜਿਸਨੂੰ ਉਸਨੇ ਪ੍ਰਤੀਕਾਤਮਕ ਰੂਪ ਵਿਚ ਉਸ ਅਦਿੱਖ ਸ਼ਕਤੀ ਜਿਸਨੂੰ ਉਸਨੇ ਪਰਿਭਾਸ਼ਿਤ ਵੀ ਕਰਨਾ ਸ਼ੁਰੂ ਨਹੀਂ ਸੀ ਕੀਤਾ ਉਸਨੂੰ ਸਮਰਪਿਤ ਕਰਕੇ ਖਾਲੀ ਗ੍ਰਹਿ ਸਿਰਜਿਆ, ਜਿਸਨੂੰ ਸੰਭਾਲਣਾ ਉਸਦੇ ਅਦਿੱਖ ਮਾਲਕ ਦੀ ਪਰਿਕਲਪਨਾ ਕਰਕੇ ਉਸਨੂੰ ਚਿਤਰਣਾ ਉਸਦੀ ਬਾਤ

ਪਾਉਣੀ ਉਸਦੇ ਬਾਰੇ ਸ਼ੰਕਾਵਾਂ ਤੇ ਵਿਸ਼ਵਾਸ ਸਾਂਝੇ ਕਰਨੇ, ਇਹ ਸਭ ਸਿਲਸਿਲੇ ਹੋਂਦ ਵਿਚ ਆਏ। ਕਿਉਂਕਿ ਇਮਾਰਤ ਇੱਕ ਥਾਂਵੇਂ ਜੜ੍ਹ ਅਵਸਥਾ ਅੰਦਰ ਰਹਿੰਦੀ ਹੈ ਤਾਂ ਸਫ਼ਰ ਦੀ ਇਬਾਰਤ ਖ਼ਤਮ ਨਹੀਂ ਹੋ ਗਈ, ਪਰ ਮੁਸਾਫ਼ਰ ਤੇ ਠਉਰ ਦੇ ਮਾਲਕ ਬਣਨ ਤੱਕ ਮਨੁੱਖ ਦੀ ਚੇਤਨਾ ਜ਼ਰੂਰ ਆਪਣੇ ਅਨੁਭਵ ਤੋਂ ਬੇਮੁਖ ਹੁੰਦੀ ਗਈ। ਇਸ ਆਲਸ ਤੋਂ ਜਾਗ੍ਰਤੀ ਨੂੰ ਸੰਬੋਧਿਤ ਹੋਣ ਲਈ ਸੱਭਿਅਤਾ ਵਿਕਸਿਤ ਹੋਈ, ਅਨੇਕਾਂ ਸਵਾਲ ਤੇ ਜਵਾਬ, ਜਿੰਨਾ ਕੁ ਨਿਰਮਲ ਅਨੁਭਵ ਓਨੇ ਕੁ ਸਹਿਜ ਵੀਚਾਰ, ਜਿੰਨੀ ਜਟਿਲਤਾ ਸਾਹਮਣੇ ਆਉਂਦੀ ਹੈ ਓਨੇ ਅਸਹਿਜ ਜਿਹੇ ਸੰਸਾਰ ਦੀ ਵਿਵਸਥਾ ਬਣਦੀ ਗਈ।

ਆਧੁਨਿਕ ਪੰਜਾਬੀ ਸਾਹਿਤ ਅੰਦਰ ਜਟਿਲਤਾ ਦਾ ਬਹੁਤ ਸਾਰਾ ਭੰਡਾਰ ਹੈ, ਨਿਰੁਕਤ ਨਿਰੂਪਣ ਕਿਸੇ ਲਿਖਾਰੀ ਕੋਲੋਂ ਸੰਭਵ ਨਹੀਂ ਹੋ ਸਕਿਆ, ਕਿਉਂਕਿ ਬਾਹਰਮੁਖੀ ਵਿਆਖਿਆ ਦੇ ਰਾਹੀਂ ਅੰਤਰਮੁਖੀ ਵਿਸ਼ਲੇਸ਼ਣ ਕਰਨ ਦਾ ਪ੍ਰਗਟਾਵਾ ਸਾਡੇ ਜੀਵਨ ਦਾ ਸਭ ਤੋਂ ਵਡੇਰਾ ਭਰਮ ਹੈ ਜੋ ਸ਼ਾਇਦ ਅਨੁਭਵ ਦੇ ਸੰਸਾਰ ਦੀ ਸਭ ਤੋਂ ਵੱਡੀ ਕੰਧ ਬਣ ਕੇ ਖੜ੍ਹ ਗਿਆ। ਵਾਰਤਕ ਰਚਨਾਵਾਂ ਦਾ ਮੌਲਿਕ ਸਰੂਪ ਇਹੀ ਹੁੰਦਾ ਹੈ ਕਿ ਵਾਰਤਕ ਨੂੰ ਦਰਸ਼ਨ ਤੋਂ ਨਿਰੁਕਤ ਅਤੇ ਦਰਸ਼ਨ ਦਾ ਪ੍ਰਤੀਰੂਪ, ਦੋਵਾਂ ਤਰੀਕਿਆਂ ਨਾਲ ਚਿਤਰਿਆ ਜਾ ਸਕਦਾ ਹੈ, ਪਰ ਮੌਲਿਕਤਾ ਦਾ ਅਸਲ ਰੂਪ ਇਹੀ ਹੁੰਦਾ ਹੈ ਕਿ ਉਸ ਦਰਸ਼ਨ ਨੂੰ ਪੜ੍ਹਦਿਆਂ ਜਾਣਦਿਆਂ ਜਾਂ ਪਰਿਕਲਪਨਾ ਅੰਦਰ ਜਗਾਉਂਦਿਆਂ ਤੁਸੀਂ ਸਹਿਜਤਾ ਦਾ ਅਨੁਭਵ ਕਰੋ, ਰਚਨਾ ਜਦੋਂ ਖ਼ੁਦ ਨੂੰ ਕਿਸੇ ਵਾਦ ਤੋਂ ਮੁਕਤ ਕਰਕੇ ਅੱਖਰਾਂ ਨਾਲ ਭਾਵਾਂ ਨੂੰ ਆਪਣੇ ਰੌਂਅ ਵਿਚ ਵਹਾਉਣਾ ਸਿੱਖ ਲਵੇ ਤਾਂ ਉਹ ਇਕ ਵਿਲੱਖਣਤਾ ਧਾਰ ਲੈਂਦੀ ਹੈ। ਜਦੋਂ ਇਸ ਵੀਚਾਰ ਨੂੰ ਅਸੀਂ ਪਰਖਣਾ ਚਾਹ ਰਹੇ ਹਾਂ, ਉਸ ਵੇਲੇ ਸਾਡੇ ਜ਼ਿਹਨ ਅੰਦਰ ਪੰਜਾਬੀ ਆਲੋਚਨਾ ਜਗਤ ਦਾ ਇਕ ਵੇਲਾ ਵਿਹਾਅ ਚੁੱਕਾ ਢਾਂਚਾ ਸਾਹਮਣੇ ਆਉਂਦਾ ਹੈ ਜਿਸ ਵਿਚ ਕਿਸੇ ਪੁਸਤਕ ਅਧਿਐਨ ਨੂੰ ਉਸਦੀ ਸ਼ਬਦਾਵਲੀ, ਰਚਨਾਤਮਕਤਾ ਜਾਂ ਮੁਹਾਵਰੇ ਪੱਖੋਂ ਤੁਲਨਾਤਮਕ ਰੂਪ ਵਿਚ ਘੋਖਣਾ ਆਲੋਚਕਾਂ ਦੀ ਪ੍ਰਵਿਰਤੀ ਬਣ ਚੁੱਕੀ ਹੈ, ਇਸਨੂੰ ਅਸੀਂ ਉਸੇ ਨਜ਼ਰੀਏ ਤੋਂ ਵੇਖ ਪਾ ਰਹੇ ਹਾਂ ਜਿਸ ਨਜ਼ਰੀਏ ਤੋਂ ਮਨੁੱਖ ਚੇਤਨਾ ਅਨੁਭਵ ਤੋਂ ਬੇਮੁਖ ਹੁੰਦੀ ਮਹਿਸੂਸ ਕੀਤੀ, ਸਾਹਿਤ ਵੀ ਇਸ ਕਾਰਨ ਨਵੀਨਤਾ ਦੇ ਕਿਸੇ ਵੀ ਰੰਗ ਨੂੰ ਅਪਨਾਉਣ ਜਾਂ ਪਛਾਣਨ ਤੋਂ ਕੋਰਾ ਜਾਪ ਰਿਹਾ ਹੈ। ਕਿਉਂਕਿ ਸਾਡੇ ਸਾਹਮਣੇ ਇਕ ਵਾਰਤਕ ਅਜਿਹੀ ਆਈ ਹੈ ਜਿਸ ਅੰਦਰ ਅਬ੍ਰਾਹਮਿਕ ਪ੍ਰਵਚਨ ਤੋਂ ਮੁਕਤ ਵਿਚਾਰ ਸਾਹਮਣੇ ਆਈ ਹੈ, ਜਿਸਦੇ ਅੰਦਰ ਤੱਤ ਦਰਸ਼ਨ ਦੀ ਸੀਮਾਵਾਂ ਤੋਂ ਪਾਰ ਜਾਣ ਦੀ ਸਮਰੱਥਾ ਨਜ਼ਰੀਂ ਆਈ, ਜਾਂ ਇਉਂ ਸਮਝ ਲਈਏ ਕਿ ਜਿਸ ਵਿਚ ਸਾਨੂੰ ਦੇਵ ਦੈਂਤ, ਜਪੁ-ਤਪੁ ਤੋਂ ਦੂਰ ਇਕ ਨਿਰਮਲ ਵਹਿਣ ਦਾ ਅਨੁਭਵ ਉਭਰਦਾ ਦਿਖਿਆ, ਜਿਸਨੂੰ ਅਸੀਂ ਸੱਚਮੁੱਚ ਆਪਣੇ ਅੰਤਰੀਵੀਂ ਸਫ਼ਰ ਦਾ ਹਾਣੀ ਮੰਨ ਸਕਦੇ ਹਾਂ। ਉਸ ਵਾਰਤਕ ਪੁਸਤਕ ਦਾ ਨਾਂਅ ਹੈ 'ਖ਼ਾਮੋਸ਼ ਰਾਹਾਂ ਦੇ ਭੇਦ' ਜਿਸਨੂੰ ਡਾ.ਪਰਮਿੰਦਰ ਸਿੰਘ ਸ਼ੌਂਕੀ ਨੇ ਸੂਖ਼ਮਤਾ ਦੀ ਮਿਸਾਲੀ ਪੇਸ਼ਕਾਰੀ ਦਿੱਤੀ ਹੈ।

ਵਾਰਤਕ ਰਚਨਾ ਅੰਦਰ ਅਸੀਂ ਕਾਵਿਮਈ ਵਹਿਣ ਜਦੋਂ ਨਿਰੁਕਤ ਰੂਪ ਵਿਚ ਮਹਿਸੂਸ ਕਰੀਏ ਤਾਂ ਸਾਡੇ ਸਾਹਮਣੇ ਉਹ ਅਨੁਭਵ ਆਉਂਦੇ ਹਨ ਜਿਹੜੇ ਨੰਗੀਆਂ ਅੱਖਾਂ ਨਾਲ ਨਜ਼ਰ ਤਾਂ ਆਉਂਦੇ ਨੇ ਪਰ ਸਮਝੇ ਨਹੀਂ ਜਾ ਸਕਦੇ। ਜਿਵੇਂ ਮੱਕੇ ਕਾਅਬੇ ਦੀ ਇਮਾਰਤ ਕਲਾ, ਦਰਬਾਰ ਸਾਹਿਬ ਦੀ ਇਮਾਰਤ ਕਲਾ ਅਤੇ ਕਿਸੇ ਸੁੰਨਸਾਨ ਕਿਲ੍ਹੇ ਦੀ ਇਮਾਰਤ ਕਲਾ ਦਾ ਅਨੁਭਵ ਲੂੰ ਕੰਡੇ ਖੜ੍ਹੇ ਕਰਦਾ ਹੈ, ਪਰ ਇਸਨੂੰ ਲਗਭਗ ਹਰ ਕੋਈ ਬਾਹਰੀ ਦ੍ਰਿਸ਼ ਤੋਂ ਹੀ ਬਿਆਨ ਤੇ ਤੁਲਨਾ ਕਰਦਾ ਆਇਆ ਹੈ, ਇਸਦੀ ਆਪਣੀ ਸੂਖ਼ਮਤਾ ਤੱਕ ਜਾਣ ਲਈ ਆਪਣੇ

ਅੰਦਰ ਦੇ ਅਨੁਭਵ ਨੂੰ ਸਮਝਣਾ ਹਰ ਕਿਸੇ ਲਈ ਮੁਸ਼ਕਿਲ ਕਾਰਜ ਹੀ ਰਿਹਾ ਹੈ। ਗੁਰਬਾਣੀ ਅੰਦਰ ਕੁਝ ਦ੍ਰਿਸ਼ ਇਸ ਮੌਕੇ ਧਿਆਨ ਦੇਣ ਲਾਇਕ ਯਾਦ ਆ ਰਹੇ ਹਨ:

ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ॥ ਝੂਠੁ ਝੂਠੁ ਝੂਠੁ ਝੂਠੁ ਦੁਨੀ ਗੁਮਾਨੁ॥ ਰਹਾਉ॥ ਨਗਜ ਤੇਰੇ ਬੰਦੇ ਦੀਦਾਰੁ ਅਪਾਰੁ॥ ਨਾਮ ਬਿਨਾ ਸਭ ਦੁਨੀਆ ਛਾਰੁ॥1॥ ਅਚਰਜੁ ਤੇਰੀ ਕੁਦਰਤਿ ਤੇਰੇ ਕਦਮ ਸਲਾਹ॥ ਗਨੀਵ ਤੇਰੀ ਸਿਫਤਿ ਸਚੇ ਪਾਤਿਸਾਹ॥2॥ ਨੀਧਰਿਆ ਧਰ ਪਨਹ ਖੁਦਾਇ॥ ਗਰੀਬ ਨਿਵਾਜੁ ਦਿਨ ਰੈਣਿ ਧਿਆਇ॥3॥ ਨਾਨਕ ਕਉ ਖੁਦਿ ਖਸਮ ਮਿਹਰਵਾਨ॥ ਅਲਹੁ ਨ ਵਿਸਰੈ ਦਿਲ ਜੀਅ ਪਰਾਨ॥4॥10॥ (ਸ੍ਰੀ ਗੁਰੂ ਗ੍ਰੰਥ ਸਾਹਿਬ, 1137)

ਇਹ ਗੁਰਵਾਕ ਆਪਣੇ ਆਪ ਵਿਚ ਮੌਲਿਕ ਸਾਹਿਤ ਦਾ ਵਾਰਤਕ ਰੂਪ ਹੈ, ਤੁਸੀਂ ਨਿਰੁਕਤ ਹੋ ਕੇ ਇਉਂ ਮਹਿਸੂਸ ਕਰਦੇ ਹੋ ਇਸ ਵੱਡੇ ਬ੍ਰਹਿਮੰਡ ਅੱਗੇ ਇਕ ਕੀਟੂ ਸਮਾਨ ਆਪਣੇ ਨਿਗੂਣੇ ਵਜੂਦ ਨੂੰ ਸਮਰਪਿਤ ਕਰਕੇ ਸੰਬੋਧਤ ਹੋ ਰਹੇ ਹੋਵੋ ਤੇ ਇੰਤਹਾ ਸਿਫਤ ਸਲਾਹ ਜ਼ਿਹਨ ਵਿਚੋਂ ਨਿਕਲੇ ਕਿ ਇਹ ਨਾਮੁ ਰੂਪ ਜੀਵਨ ਖੂਬ ਖੂਬ ਖੂਬ ਖੂਬ ਬਹੁਤ ਖੂਬ ਹੈ, ਜਿਸਦੇ ਅੱਗੇ ਦੁਨੀਆ ਅੰਦਰ ਜਿੰਨੀਆਂ ਵੀ ਸਿਆਣਪਾਂ ਦਾ ਗੁਮਾਨ ਹੈ ਉਹ ਨਰਕ ਹੈ, ਸੰਤਾਪ ਹੈ ਭਾਵ ਝੂਠ ਝੂਠ ਝੂਠ ਝੂਠ ਨਿਰਾ ਹੀ ਝੂਠ ਹੈ। ਇਸ ਦਰਸੁ ਨੂੰ (ਜਾਂ ਦੂਜੇ ਸ਼ਬਦਾਂ ਵਿਚ ਸੋਝੀ ਨੂੰ) ਕਿਵੇਂ ਬਿਆਨ ਕੀਤਾ ਜਾਵੇ, ਸਵਾਲ ਇਹ ਹੈ। ਕਿਉਂਕਿ ਨਾਮੁ ਰੂਪੀ ਜੀਵਨ ਨੂੰ ਜਦੋਂ ਅਸੀਂ ਸਾਹਿਤਕ ਬੇੜੀ ਵਿਚ ਬੰਨ੍ਹਣਾ ਹੋਵੇ ਤਾਂ ਤੁਸੀਂ ਸ਼ਬਦ ਵੀਚਾਰ ਵਾਂਗ ਥੰਮ੍ਹ ਨਹੀਂ ਸਕਦੇ। ਇਸਨੂੰ ਵਾਰਤਕ ਸਾਹਿਤ ਵਿਚ ਪੜ੍ਹਣ ਜਾਣਨ ਵਾਲੇ ਪਾਠਕ ਲਈ ਵੀ ਇਹ ਸਫਰ ਦਿਲਚਸਪ ਹੁੰਦਾ ਹੈ ਜਦੋਂ ਉਸਨੂੰ ਇੰਨਾ ਕੁ ਅਹਿਸਾਸ ਹੋ ਜਾਵੇ ਕਿ ਪੁਸਤਕ ਜਾਂ ਵੀਚਾਰ ਕਿਸੇ ਲੇਖਕ ਦਾ ਮੌਲਿਕ ਦਰਸ਼ਨ ਤਾਂ ਹੈ, ਪਰ ਉਹ ਕੇਵਲ ਉਸਦੀ ਆਪਣੀ ਸੀਮਿਤ ਯਾਤਰਾ ਦਾ ਵਹਿਣ ਨਹੀਂ ਹੈ ਸਗੋਂ ਉਸ ਅਨੁਭਵ ਨੂੰ ਤੁਸੀਂ ਆਪਣੇ ਨਿਰੰਤਰ ਵਹਿ ਰਹੇ ਵਹਿਣ ਦੇ ਨਾਲ ਮਿਲਾ ਸਕਦੇ ਹੋ, ਜਿਵੇਂ ਇਸ ਪੁਸਤਕ ਵਿਚ ਇਹ ਜ਼ਿਕਰ ਵੀ ਆਇਆ ਹੈ ਕਿ "ਤੁਸੀਂ ਸਮੁੰਦਰ ਵਿਚ ਜਾ ਕੇ ਬੂੰਦ ਨਹੀਂ ਰਹਿ ਜਾਂਦੇ ਬਲਕਿ ਪੂਰਾ ਸਮੁੰਦਰ ਬਣ ਜਾਂਦੇ ਹੋ।" ਇਹ ਉਦਾਹਰਨਾਂ ਮਨ ਪਰਚਾਵੇ ਲਈ ਨਹੀਂ ਹਨ, ਨਾ ਹੀ ਗੁਰਬਾਣੀ ਕੋਈ ਉਪਦੇਸ਼ ਮਾਤਰ ਹੈ, ਦਰਸ਼ਨ ਦਾ ਪ੍ਰਬੁੱਧ ਵਿੱਦਿਆਰਥੀ ਜਦੋਂ ਵਿਦਵਤਾ ਨੂੰ ਮੰਥਨ ਰਾਹੀਂ ਆਪਣੇ ਅਨੁਭਵ ਰਾਹੀਂ ਪ੍ਰਗਟਾਉਂਦਾ ਹੈ ਤਾਂ ਨਿਸਚਿਤ ਰੂਪ ਵਿਚ ਉਸਦੀ ਹੱਦਬੰਦੀ ਵੱਧਦੀ ਹੀ ਹੈ। ਇਸਨੂੰ ਅਸੀਮ ਨਹੀਂ ਕਿਹਾ ਜਾ ਸਕਦਾ, ਪਰ ਜਿਵੇਂ ਜਿਵੇਂ ਪਾਠਕ ਆਪਣੇ ਅਨੁਭਵ ਦੀਆਂ ਬੂੰਦਾਂ ਸ਼ਾਮਿਲ ਕਰਦੇ ਜਾਂਦੇ ਹਨ ਤਾਂ ਇਹ ਵਾਰਤਕ ਰਚਨਾ ਉਨ੍ਹਾਂ ਨੂੰ ਆਪੋ ਆਪਣੇ ਵੱਡੇ ਸੰਸਾਰ ਨਾਲ ਸਮਾਉਂਦੀ ਜਾਪਦੀ ਹੈ, ਇਹੀ ਲੇਖਕ ਤੇ ਵਾਰਤਕ ਰਚਨਾ ਦੀ ਸਫ਼ਲਤਾ ਹੈ।

ਹੁਣ ਗੱਲ ਕਰਦੇ ਹਾਂ ਇਸ ਕਿਤਾਬ ਦੀ ਭੂਮਿਕਾ ਤੋਂ ਅੱਗੇ ਵੱਧ ਕੇ ਪਾਠਕ ਦੇ ਨਾਲ ਸੰਬੰਧ ਦੇ ਭੇਦ ਬਾਰੇ, ਗੁਰੂ ਨਾਨਕ ਪਾਤਿਸ਼ਾਹ ਆਪਣੇ ਇਕ ਸਲੋਕ ਵਿਚ ਜ਼ਿਕਰ ਕਰਦੇ ਹਨ:

'ਸਰਵਰ ਹੰਸ ਧੁਰੇ ਹੀ ਮੇਲਾ ਖਸਮੈ ਏਵੈ ਭਾਣਾ॥ ਸਰਵਰ ਅੰਦਰਿ ਹੀਰਾ ਮੋਤੀ ਸੋ ਹੰਸਾ ਕਾ ਖਾਣਾ॥ ਬਗੁਲਾ ਕਾਗੁ ਨ ਰਹਈ ਸਰਵਰਿ ਜੇ ਹੋਵੈ ਅਤਿ ਸਿਆਣਾ॥ ਓਨਾ ਰਿਜਕੁ ਨ ਪਇਓ ਓਥੈ ਓਨ੍ਹ੍ਹਹਾ ਹੋਰੋ ਖਾਣਾ॥

ਸਚਿ ਕਮਾਣੈ ਸਚੋ ਪਾਈਐ ਕੂੜੈ ਕੂੜਾ ਮਾਣਾ॥ ਨਾਨਕ ਤਿਨ ਕੌ ਸਤਿਗੁਰੁ ਮਿਲਿਆ ਜਿਨਾ ਧੁਰੇ ਪੈਯਾ ਪਰਵਾਣਾ॥' (ਸ੍ਰੀ ਗੁਰੂ ਗ੍ਰੰਥ ਸਾਹਿਬ, 956)

ਇਕ ਪਾਠਕ ਦੇ ਰੂਪ ਵਿਚ, ਇਸ ਵੱਡੇ ਸਾਹਿਤ ਭੰਡਾਰ ਅੰਦਰ ਅਸੀਂ ਵੱਖ ਵੱਖ ਵਿਚਾਰਾਂ ਦੇ ਸਮੁੰਦਰਾਂ ਅੰਦਰ ਤੈਰਦੇ ਹਾਂ, ਮੋਤੀਆਂ ਜਿਹੇ ਭਾਵ ਹਾਸਲ ਕਰਨ ਲਈ ਅਸੀਂ ਮਾਨਸਰੋਵਰ ਨੂੰ ਕਿਵੇਂ ਚੁਣ ਸਕਦੇ ਹਾਂ? ਅਕਸਰ, ਵੱਖ-ਵੱਖ ਮਨੋਬਿਰਤੀ ਲੋਕਾਂ ਨਾਲ ਰਾਬਤਾ ਕਰਦਿਆਂ ਉਨ੍ਹਾਂ ਦੇ ਵਿਸ਼ਵਾਸ ਤੇ ਸ਼ਰਧਾ ਦੇ ਅਨੁਰੂਪ ਸਾਨੂੰ ਆਪਣੀ ਬੋਲਬਾਣੀ ਨੂੰ ਸੰਕੋਚਣਾ ਪੈਂਦਾ ਹੈ, ਇਕ ਬੁਤਪ੍ਰਸਤ ਵਿਅਕਤੀ ਤੱਤ ਦਰਸ਼ਨ ਨੂੰ ਸੰਬੋਧਿਤ ਹੋਣ ਲੱਗਿਆਂ ਵੀ ਬੁੱਧ ਨੂੰ ਮੱਠ ਦਾ ਪ੍ਰਤੀਰੂਪ ਮੰਨਦਾ ਹੈ, ਅਤੇ ਅਦਵੈਤਵਾਦੀ ਵਿਅਕਤੀ ਮੀਰਾ ਦੇ ਕ੍ਰਿਸ਼ਨ ਬਿਰਤਾਂਤ ਅੰਦਰ ਪ੍ਰੇਮਾ ਭਗਤੀ ਤੱਕ ਸੀਮਾ ਬੰਨ੍ਹਦਾ ਹੈ, ਉਸ ਲਈ ਇਹ ਤੈਅ ਕਰਨਾ ਔਖਾ ਹੈ ਕਿ ਲੋਕਾਚਾਰ ਦੇ ਅੰਦਰ ਹੀ ਪਾਰਬ੍ਰਹਮ ਹੈ, ਕਿਉਂਕਿ ਅਸੀਂ ਅਨੰਤਤਾ ਨੂੰ ਆਪਣੀ ਸੀਮਾਵਾਂ ਵਿਚ ਬੰਨ੍ਹ ਕੇ ਚੱਲਦੇ ਹਾਂ। ਪੱਛਮੀ ਦਾਰਸ਼ਨਿਕ ਗੈਬਰੀਅਲ ਗਾਰਸ਼ੀਆ ਮਾਰਕੇਜ਼ ਆਧੁਨਿਕ ਸਾਹਿਤ ਦਾ ਉੱਤਮ ਦਾਰਸ਼ਨਿਕ ਹੈ, ਜਿਸਦੇ ਕਥਨ ਅਨੁਸਾਰ ਜੀਵਨ ਦਾ ਮੌਤ ਤੋਂ ਜ਼ਿਆਦਾ ਅਨੰਤਤਾ ਨਾਲ ਸੰਬੰਧ ਹੈ, ਜੀਵਨ ਤੋਂ ਬਾਅਦ ਦੀ ਅਨਿਸਚਿਤਤਾ ਸਾਡੀ ਕਲਪਨਾ ਤੋਂ ਬਾਹਰ ਕੁਝ ਵੀ ਨਹੀਂ ਪਰ ਜੀਵਨ ਦੇ ਅੰਦਰ ਵਾਪਰਣ ਵਾਲਾ ਅਨੁਭਵ ਸਾਡੀ ਕਲਪਨਾ ਤੋਂ ਕਿਤੇ ਬਾਹਰ ਹੁੰਦਾ ਹੈ। ਤੁਸੀਂ ਅਜਿਹਾ ਵਿਚਾਰ ਜਦੋਂ ਪੰਜਾਬੀ ਸਾਹਿਤ ਦੇ ਮੌਲਿਕ ਪੱਖ ਅੰਦਰ ਵਿਚਾਰਨਾ ਹੋਵੇ ਤਾਂ ਇਸ ਗੱਲ ਦੀ ਸ਼ਦੀਦ ਕਮੀ ਸਾਹਮਣੇ ਆਉਂਦੀ ਹੈ ਕਿ ਇੱਥੇ ਮੱਧ-ਕਾਲੀਨ ਸਾਹਿਤ ਦੇ ਰੂਪਕ ਅਤੇ ਅਲੰਕਾਰਾਂ ਨੂੰ ਦੁਹਰਾਉਣ ਤੋਂ ਇਲਾਵਾ ਨਵੀਨਤਾ ਦੇ ਨਾਂਅ ਹੇਠ ਸਿਰਫ਼ ਅਨੈਤਿਕਤਾ ਹੀ ਬਚੀ ਹੈ। ਪਾਠਕ ਇਸ ਗੱਲ ਲਈ ਵੀ ਸੁਚੇਤ ਰਹੇ ਕਿ ਇਸ ਖਲਾਅ ਲਈ ਲੇਖਕ ਨਹੀਂ ਵਾਤਾਵਰਣ ਜ਼ਿੰਮੇਵਾਰ ਹੈ ਜੋ ਅਜੋਕੇ ਪ੍ਰਕਾਸ਼ਨ ਘਰਾਂ ਦੀ ਦਲਦਲ ਅੰਦਰ ਮੌਲਿਕ ਵਿਚਾਰਾਂ ਨੂੰ ਕੁਦਰਤੀ ਪੰਘਰਣ ਨੂੰ ਥਾਂ ਨਹੀਂ ਦੇਂਦਾ ਕਿਉਂਕਿ 'ਖ਼ਾਮੋਸ਼ ਰਾਹਾਂ ਦੇ ਭੇਦ' ਸੂਖ਼ਮ ਤੇ ਸੋਹਲ ਹੀ ਨਹੀਂ ਹਨ, ਇਸ ਅੰਦਰ ਅਨੇਕਾਂ ਕੌੜੀਆਂ ਤੇ ਭਿਆਨਕ ਕੜੀਆਂ ਵੀ ਜੁੜਦੀਆਂ ਹਨ। ਸਮੁੰਦਰ ਹੈ ਜੋ ਖਾਰਾ ਵੀ ਹੈ, ਡੂੰਘਾ ਵੀ ਤੇ ਬਿਖਮੁ ਸੰਸਾਰ ਜਿਹਾ ਅਨੰਤ ਵੀ। ਇਸ ਕਿਤਾਬ ਅੰਦਰ ਉਲੇਖ ਖਾਸ ਧਿਆਨਯੋਗ ਹੈ:

"ਦਰਿਆ ਦੀ ਸੱਚੀ ਯਾਤਰਾ ਕੋਈ ਬਾਹਰਲਾ ਸਫ਼ਰ ਨਹੀਂ, ਇਸ ਅੰਦਰਲੇ ਦੀ ਘਰ ਵਾਪਸੀ ਹੈ। ਜਿਸ ਪਲ ਮਨੁੱਖ ਇਹ ਪਛਾਣਦਾ ਹੈ, ਉਸ ਪਲ ਉਸ ਦੇ ਅੰਦਰ ਇਕ ਨਵਾਂ ਸੂਰਜ ਚੜ੍ਹਦਾ ਹੈ, ਜੋ ਬਾਹਰਲੇ ਆਕਾਸ਼ ਤੋਂ ਨਹੀਂ, ਸਗੋਂ ਉਸਦੀ ਆਪਣੀ ਆਤਮਾ ਦੀ ਗਹਿਰਾਈ ਤੋਂ ਚਮਕਦਾ ਹੈ।" (ਸਫਾ:59)


ਹੁਣ ਸਵਾਲ ਖ਼ੁਦ ਨੂੰ ਪਾਠਕ ਦੇ ਤੌਰ 'ਤੇ ਕਰੋ ਕਿ ਹੁਣ ਤੱਕ ਸਫ਼ਰ ਕਿਸਦਾ ਕੀਤਾ ਹੈ? ਵਿਅਕਤੀਆਂ ਦੀ ਦਾਸਤਾਨ ਦਾ, ਜਿਸਨੂੰ ਅਸੀਂ ਸ਼ਖ਼ਸੀਅਤਪ੍ਰਸਤੀ ਕਹਿ ਸਕਦੇ ਹਾਂ... ਜਾਂ ਫਿਰ ਰਾਜ, ਸਾਮਰਾਜਾਂ ਦੇ ਭੇੜ ਦਾ ਉਨ੍ਹਾਂ ਦੇ ਉਭਰਣ ਤੇ ਪਤਨ ਦਾ? ਧਨ ਪਦਾਰਥਾਂ ਦੀ ਕਥਾਵਾਂ ਦਾ ਜਿਸਦਾ ਸਮਤੋਲ ਭਾਵ ਕਿਸੇ ਨਿਰਜੀਵ ਪੱਥਰਾਂ ਤੋਂ ਵੱਧ ਨਿਗੂਣਾ ਹੈ, ਇਹ ਸਭ ਵਿਚਾਰਨ ਦੀ ਸਹਿਜਤਾ ਕਿਸ ਕੋਲ ਹੋਏਗੀ? ਅਗਿਆਨਤਾ ਤੇ ਗਿਆਨ ਅੰਦਰ ਇਕ ਫਰਕ ਇਸ ਗੱਲ ਦਾ ਵੀ ਹੈ ਕਿ ਸਾਡੇ ਅਨੁਭਵ ਦੀ ਸਮਾਧੀ ਕਿਸ ਅਵਸਥਾ ਨੂੰ ਅੱਪੜਦੀ ਹੈ,

ਜਿਸਦੀ ਮਨੋਵਿਗਿਆਨਕ ਪਰਿਭਾਸ਼ਾ ਕਈ ਰੂਪ ਸਿਰਜ ਸਕਦੀ ਹੈ, ਅਤੇ ਇਹ ਰੂਪ ਪਾਠਕ ਦੀ ਮਰਜ਼ੀ ਜਾਂ ਰੁਚੀ ਤੇ ਨਿਰਭਰ ਕਰਦੇ ਹਨ ਕਿ ਉਹ ਕਾਵਿਕ ਰੂਪ ਹੋਣ, ਜਾਤਕ ਕਥਾਵਾਂ ਦਾ ਰੂਪ, ਵੇਦ ਸ਼ਾਸਤ੍ਰ ਜਾਂ ਕਿਸੇ ਦਰਸ਼ਨ ਵੀਚਾਰ ਰੂਪ... ਆਪਣੇ ਆਪ ਵਿਚ ਸਭ ਇਕੋ ਹੀ ਹਨ, ਨਿਰੁਕਤ ਅਤੇ ਸੰਪੂਰਣ ਰੂਪ ਵਿਚ ਮੁਕਤ। ਇਸ ਮੁਕਤ ਰੂਪ ਨੂੰ ਹੀ ਪ੍ਰੇਮ ਕਹੀਦਾ ਹੈ, ਉਹ ਪ੍ਰੇਮ ਜਿਸਦਾ ਸੰਬੰਧ ਜੀਵਨ ਨਾਲ ਹੈ, ਪਾਰਬ੍ਰਹਮ ਨਾਲ ਵੀ, ਜੀਵੰਤਤਾ ਨਾਲ ਵੀ, ਅੰਤ ਨਾਲ ਵੀ... ਮੁਕਤੀ ਅੰਤ ਦਾ ਨਾਂ ਨਹੀਂ, ਮੁਕਤੀ ਜੀਵਨ ਅੰਦਰ ਧਾਰਨ ਹੁੰਦੀ ਹੈ, ਇਹ ਦਰਸ਼ਨ ਹੈ ਇਹੀ ਸਹਿਜ ਵੀਚਾਰ ਵੀ। ਅਤੇ ਇਹ ਸਭ ਦੀ ਸੋਭਾ ਸਾਡੇ ਅੱਗੇ ਇਸ ਸਮੇਂ ਸਾਹਿਤਕ ਵਾਰਤਕ ਰੂਪ ਅੰਦਰ ਇਹ ਕਿਤਾਬ ਦੇ ਰੂਪ ਵਿਚ ਹਾਜ਼ਰ ਹੈ। ਇਹ ਕਿਤਾਬ ਆਪਣੇ ਆਪ ਵਿਚ ਵਿਆਖਿਆ ਹੈ ਤੇ ਆਪਣੀ ਵਿਆਖਿਆ ਦਾ ਸਾਰ ਵੀ... ਇਹ ਇਸ ਕਿਤਾਬ ਦਾ ਤੱਤਸਾਰ ਵੀ ਕਿਹਾ ਜਾ ਸਕਦਾ ਹੈ। ਇਕ ਲੇਖਕ ਲਈ ਇਹ ਕਿਤਾਬ ਸਿੱਖਿਆ ਹੈ ਮੌਲਿਕ ਰਚਨਾ ਦੀ, ਇਕ ਪਾਠਕ ਲਈ ਸੰਜਮ ਸਹਿਜਤਾ ਭਰਿਆ ਸਫ਼ਰ, ਵੀਚਾਰਕ ਦੇ ਲਈ ਦਰਸ਼ਨ ਵੀਚਾਰ ਅਤੇ ਇਕ ਅਬੋਧ ਬਾਲ ਮਨ ਦੇ ਲਈ ਨੈਤਿਕਤਾ ਭਰਿਆ ਉਹ ਸਫ਼ਰ ਜਿਸਨੂੰ ਹੰਢਾਉਂਦਾ ਹੋਇਆ ਜੇਕਰ ਸੱਚਮੁੱਚ ਉਹ ਉੱਦਮੀ ਹੋ ਗਿਆ ਤਾਂ ਉਸਦਾ ਨਿਤਾਰਾ ਗੁਰਬਾਣੀ ਦੇ ਦਰਸ਼ਨ ਵੀਚਾਰ ਨਾਲ ਆਪਣੇ ਆਪ ਹੋ ਜਾਏਗਾ। ਇਸ ਕਿਤਾਬ ਅੰਦਰ ਆ ਕੇ ਲੇਖਕ ਪਾਠਕ ਵਿਚਲੀ ਲਕੀਰ ਮੁੱਕ ਚੁੱਕੀ ਹੈ ਜਿਸਤੋਂ ਬਾਹਰ ਨਿਕਲ ਕੇ ਇਹ ਕਿਤਾਬ ਲੇਖਕ ਦੀ ਨਹੀਂ ਹਰ ਪਾਠਕ ਦੀ ਆਪਣੀ ਹੋ ਨਿੱਬੜ ਰਹੀ ਹੈ। ਇਸ ਗੱਲ ਨੇ ਲੇਖਣੀ ਅੰਦਰ ਵਿਲੱਖਣਤਾ ਦਾ ਪ੍ਰਗਟਾਵਾ ਕਰਨ ਦੇ ਨਾਲ ਹੈਰਾਨ ਵੀ ਕੀਤਾ ਹੈ ਕਿ ਕਿਤਾਬ ਇਵੇਂ ਵੀ ਲਿਖੀ ਜਾ ਸਕਦੀ ਹੈ?

ਸਿਫ਼ਰਨਵੀਸ ਇਕਵਿੰਦਰ ਪਾਲ ਸਿੰਘ

19-02-2026

- ## ਨਾਵਲ ਘਰ : ਬਦਲਦੇ ਸਭਿਆਚਾਰ ਅਤੇ ਜ਼ਿੰਦਗੀ ਦੀ ਜੰਗ ਦੀ ਮੂੰਹ ਬੋਲਦੀ ਤਸਵੀਰ




- **ਘਰ(ਨਾਵਲ) : ਹਰਜੀਤ ਅਟਵਾਲ**
- **ਰੀਵਿਊਕਾਰ : ਜਗਮੀਤ ਸਿੰਘ**
- **ਪ੍ਰਕਾਸ਼ਕ: ਸੰਗਮ ਪਬਲੀਕੇਸ਼ਨ**

---

ਹਰਜੀਤ ਅਟਵਾਲ ਦਾ ਜਨਮ ਪਿੰਡ ਫਰਾਲਾ, ਜ਼ਿਲ੍ਹਾ ਜਲੰਧਰ (ਹੁਣ ਜ਼ਿਲ੍ਹਾ ਨਵਾਂ ਸ਼ਹਿਰ ਪੰਜਾਬ, ਭਾਰਤ) ਵਿੱਚ, 8 ਸਤੰਬਰ 1952 ਨੂੰ ਹੋਇਆ ਸੀ। ਉਸ ਦੇ ਪਿਤਾ ਦਾ ਨਾਮ ਦਰਸ਼ਨ ਸਿੰਘ ਹੈ ਅਤੇ ਮਾਤਾ ਦਾ ਨਾਮ ਬਲਬੀਰ ਕੌਰ ਹੈ। ਉਸ ਨੇ ਬੀ.ਏ., ਐਲ. ਐਲ. ਬੀ. ਤੱਕ ਦੀ ਵਿੱਦਿਆ ਪ੍ਰਾਪਤ ਕੀਤੀ ਅਤੇ 1975 ਤੋਂ 1977 ਤੱਕ ਨਵਾਂ ਸ਼ਹਿਰ ਵਿਖੇ ਵਕਾਲਤ ਕੀਤੀ। ਜੁਲਾਈ 1977 ਵਿੱਚ ਇਸ ਨੇ ਪਰਵਾਸ ਕੀਤਾ ਅਤੇ ਇੰਗਲੈਂਡ ਵਿੱਚ ਰਹਿਣਾ ਸ਼ੁਰੂ ਕੀਤਾ। ਹਰਜੀਤ ਅਟਵਾਲ ਨੂੰ ਨਾਵਲ 'ਮੋਰ ਉਡਾਰੀ' ਲਈ ਢਾਹਾਂ ਪੁਰਸਕਾਰ ਮਿਲ ਚੁਕਿਆ ਹੈ। ਇਨ੍ਹਾਂ ਦਿਨਾਂ ਵਿੱਚ ਨਾਵਲ 'ਘਰ' ਪ੍ਰਕਾਸ਼ਿਤ ਹੋਇਆ ਹੈ।

ਹਰਜੀਤ ਅਟਵਾਲ ਦੀਆਂ ਰਚਨਾਵਾਂ ਦਾ ਵਿਸ਼ਾ ਵਸਤੂ ਪ੍ਰਮੁੱਖ ਤੌਰ 'ਤੇ ਪਰਵਾਸੀ ਪੰਜਾਬੀਆਂ ਦੀਆਂ ਪਦਾਰਥਕ ਲਾਲਸਾਵਾਂ ਅਤੇ ਵਰਜਿਤ ਜਿਨਸੀ ਰਿਸ਼ਤਿਆਂ ਦਾ ਸੰਸਾਰ ਬਣਦਾ ਹੈ। ਬੇਬਾਕ ਬਿਆਨੀ, ਮਨੋਵਿਗਿਆਨਕ ਛੋਹਾਂ ਰਾਹੀਂ ਕੀਤੀ ਪਾਤਰ ਉਸਾਰੀ ਅਤੇ ਕਥਾ-ਰਸ ਉਸ ਦੀਆਂ ਵਿਸ਼ੇਸ਼ ਕਥਾ-ਜੁਗਤਾਂ ਹਨ।

ਹਰਜੀਤ ਅਟਵਾਲ ਪਰਵਾਸੀ ਪੰਜਾਬੀ ਨਾਵਲ ਸਾਹਿਤ ਵਿਚ ਚਰਚਿਤ ਨਾਂ ਹੈ। ਹਰਜੀਤ ਅਟਵਾਲ ਦੇ ਨਾਵਲਾਂ ਦੇ ਇਲਾਵਾਂ ਪੰਜ ਕਹਾਣੀ-ਸੰਗ੍ਰਹਿ ਵੀ ਪਰਵਾਸੀ/ਆਵਾਸੀ ਜੀਵਨ ਸ਼ੈਲੀ ਨਾਲ ਸੰਬੰਧਿਤ ਹਨ। ਉਸ ਨੇ ਆਪਣੇ ਜੀਵਨ ਦਾ ਕੁਝ ਸਮਾਂ ਪਰਵਾਸੀ ਧਰਤੀ ਤੇ ਬਿਤਾਇਆ ਹੈ ਜਿਸ ਕਾਰਨ ਉਸ ਨੂੰ ਉੱਥੋਂ ਦੇ ਜੀਵਨ ਢੰਗ ਦਾ ਕਾਫ਼ੀ ਅਨੁਭਵ ਪ੍ਰਾਪਤ ਹੈ। ਅਟਵਾਲ ਨੇ ਆਪਣੇ ਨਾਵਲਾਂ ਵਿਚ ਪਰਵਾਸੀ ਜੀਵਨ ਹੰਢਾ ਰਹੇ ਵਿਅਕਤੀ ਦੇ ਉਪਭੋਗੀ, ਖੁੱਲ ਤੇ ਵਿਲਾਸਤਾ ਦੀ ਰੁਚੀ ਅਧੀਨ ਫਿਰ ਵੀ ਮਾਨਸਿਕ ਟੁੱਟ-ਭੱਜ, ਰਿਸ਼ਤਿਆਂ ਦੀ ਭੌਤਿਕ ਤੇ ਥੋੜ੍ਹਚਿਰੀ ਹੋਂਦ, ਰੋਜ਼ਗਾਰ ਪ੍ਰਾਪਤ ਕਰਨ ਅਤੇ ਆਪਣੇ ਕਿੱਤੇ ਨੂੰ ਸੁਚੱਜੇ ਢੰਗ ਨਾਲ ਚਲਾਉਣ ਵਿਚ ਆਉਣ ਵਾਲੀਆਂ ਮੁਸ਼ਕਿਲਾਂ ਦੀ ਪੇਸ਼ਕਾਰੀ ਕੀਤੀ ਹੈ।

ਉਸਨੇ ਆਪਣੇ ਨਾਵਲਾਂ ਵਿਚ ਪੇਸ਼ ਕੀਤਾ ਹੈ ਕਿ ਕਿਸ ਪ੍ਰਕਾਰ ਰੋਜ਼ਗਾਰ ਦੀ ਭਾਲ ਵਿਚ ਆਏ ਭਾਰਤੀ/ਪੰਜਾਬੀ ਨੂੰ ਸਮਾਂ, ਹਾਲਾਤ, ਸਮਾਜਕ ਅਤੇ ਆਰਥਿਕ ਪ੍ਰਸਥਿਤੀਆਂ ਪਰਵਾਸ ਵਿਚ ਆਵਾਸ ਕਰਨ ਲਈ ਮਜ਼ਬੂਰ ਕਰ ਦਿੰਦੀਆਂ ਹਨ ਜਿੱਥੇ ਕਿ ਉਹ ਆਪਣੀ ਖ਼ੁਸੀ ਲਈ ਨਹੀਂ ਬਲਕਿ ਹਾਲਾਤਾਂ ਨਾਲ ਸਮਝੌਤਾ ਕਰਦਾ ਹੋਇਆ ਸਥਾਪਿਤ ਹੁੰਦਾ ਹੈ। " ਬਹੁਤਿਆਂ ਦੀ ਖ਼ਾਹਿਸ਼ ਕੁਝ ਸਾਲ ਮਨ ਮਾਰ ਕੇ ਕੰਮ ਕਰਨ ਮਗਰੋਂ ਦੇਸ਼ ਪਰਤ ਕੇ ਸੁੱਖ ਆਰਾਮ ਦੀ ਜਿੰਦਗੀ ਬਤੀਤ ਕਰਨ ਦੀ ਹੁੰਦੀ ਹੈ ਪਰ ਨਿੱਤ ਵੱਧਦੀਆਂ ਲੋੜਾਂ, ਔਰਤਾਂ ਦੇ ਉੱਥੇ ਜੰਮੇ ਬੱਚਿਆਂ ਦੀ ਦੇਸ਼ ਵੱਲੋਂ ਬੇਰੁਖੀ ਉਨ੍ਹਾਂ ਦੇ ਇਸ ਸੁਪਨੇ ਨੂੰ ਅਸਲੀਅਤ ਨਹੀਂ ਬਣਨ ਦਿੰਦੀ। ਉਥੋਂ ਦੇ ਸੁੱਖ ਆਰਾਮਾਂ ਤੇ ਖਪਤਕਾਰੀ ਸਭਿਆਚਾਰ ਦੀ ਆਦਤ ਤੇ ਦੇਸ਼ ਅੰਦਰਲਾ ਸਿਆਸੀ-ਆਰਥਿਕ ਭ੍ਰਿਸ਼ਟਾਚਾਰ ਵੀ ਉਨ੍ਹਾਂ ਨੂੰ ਇਥੇ ਪਰਤਣੋਂ ਹੋੜਦਾ ਹੈ।"

ਹਰਜੀਤ ਅਟਵਾਲ ਦਾ ਨਾਵਲ "ਘਰ" ਅਜੋਕੇ ਪ੍ਰਵਾਸੀ ਪੰਜਾਬੀ ਸਾਹਿਤ ਵਿੱਚ ਅਹਿਮ ਰਚਨਾ ਹੈ। ਇਹ ਨਾਵਲ ਸਿਰਫ਼ ਕਹਾਣੀ ਨਹੀਂ, ਮਨੁੱਖੀ ਅਸਤਿਤਵ, ਜੜ੍ਹਾਂ ਨਾਲ ਜੁੜੇ ਅਤੇ ਪਰਵਾਸੀ ਜੀਵਨ ਦੇ ਅੰਦਰੂਨੀ ਸੰਘਰਸ਼ਾਂ ਦੀ ਪੇਸ਼ਕਾਰੀ ਕਰਦੀ ਉੱਤਮ ਰਚਨਾ ਹੈ। ਲੇਖਕ ਨੇ ਇਸ ਰਚਨਾ ਰਾਹੀਂ "ਘਰ" ਦੇ ਅਰਥਾਂ ਨੂੰ ਇੱਕ ਨਵੀਂ ਦ੍ਰਿਸ਼ਟੀ ਨਾਲ ਪੇਸ਼ ਕੀਤਾ ਹੈ,ਇਹ ਸਿਰਫ਼ ਰਹਿਣ ਲਈ ਥਾਂ ਹੀ ਨਹੀਂ, ਬਲਕਿ ਯਾਦਾਂ, ਸੰਬੰਧਾਂ ਅਤੇ ਆਪਣੀ ਪਛਾਣ ਦੇ ਮਸਲੇ ਨਾਲ ਜੋੜਦਾ ਹੈ।

ਨਾਵਲ ਦੀ ਕਥਾ ਆਰਵ ਪਰਵਾਸੀ ਪੰਜਾਬੀ ਪਾਤਰ ਦੇ ਦੁਆਲੇ ਘੁੰਮਦੀ ਹੈ ਜੋ ਵਿਦੇਸ਼ ਵਿੱਚ ਰਹਿੰਦਾ ਹੋਇਆ ਵੀ ਆਪਣੇ ਪਿੰਡ, ਆਪਣੇ ਪਰਿਵਾਰ ਅਤੇ ਆਪਣੇ ਮੂਲ ਨਾਲ ਡੂੰਘੀ ਤਰ੍ਹਾਂ ਜੁੜਿਆ ਰਹਿੰਦਾ ਹੈ। ਵਿਦੇਸ਼ ਦੀ ਸੁੱਖ-ਸੁਵਿਧਾ ਅਤੇ ਆਰਥਿਕ ਸਥਿਰਤਾ ਉਸਨੂੰ ਇੱਕ ਪਾਸੇ ਖਿੱਚਦੀ ਹੈ, ਜਦਕਿ ਆਪਣੇ ਘਰ ਦੀਆਂ ਯਾਦਾਂ, ਮਾਂ-ਪਿਉ ਦਾ ਪਿਆਰ ਅਤੇ ਪਿੰਡ ਦੀ ਮਿੱਟੀ ਦੀ ਖੁਸ਼ਬੂ ਉਸਨੂੰ ਦੂਜੇ ਪਾਸੇ ਖਿੱਚਦੀ ਹੈ। ਇਹ ਦਵੰਦ ਉਸਦੇ ਮਨ ਵਿੱਚ ਲਗਾਤਾਰ ਸੰਘਰਸ਼ ਪੈਦਾ ਕਰਦਾ ਹੈ, ਜਿਸ ਨੂੰ ਲੇਖਕ ਨੇ ਬੜੀ ਸ਼ਿੱਦਤ ਅਤੇ ਸੰਵੇਦਨਸ਼ੀਲ ਢੰਗ ਨਾਲ ਪੇਸ਼ ਕੀਤਾ ਹੈ।

ਮੁੱਖ ਪਾਤਰ ਇੱਕ ਆਮ ਮਨੁੱਖ ਦੀ ਨੁਮਾਇੰਦਗੀ ਕਰਦਾ ਹੈ,ਉਹ ਨਾ ਕੋਈ ਨਾਇਕ ਹੈ ਅਤੇ ਨਾ ਹੀ ਕੋਈ ਅਸਧਾਰਣ ਵਿਅਕਤੀ। ਉਸਦੀ ਸਾਦਗੀ ਹੀ ਉਸਦੀ ਸਭ ਤੋਂ ਵੱਡੀ ਖੂਬੀ ਹੈ। ਉਸਦੇ ਅੰਦਰ ਦੀ ਖਾਲੀਪਨ, ਇਕੱਲਤਾ ਅਤੇ ਘਰ ਪਰਤਣ ਦੀ ਲਾਲਸਾ ਪਾਠਕ ਨੂੰ ਅੰਦਰੋਂ ਛੂਹ ਲੈਂਦੀ ਹੈ। ਉਹ ਆਪਣੇ ਫੈਸਲਿਆਂ, ਆਪਣੇ ਜੀਵਨ ਅਤੇ ਆਪਣੇ ਸੰਬੰਧਾਂ ਬਾਰੇ ਵਾਰ-ਵਾਰ ਸੋਚਦਾ ਹੈ, ਜੋ ਉਸਦੀ ਮਨੋਵਿਗਿਆਨਕ ਗਹਿਰਾਈ ਨੂੰ ਦਰਸਾਉਂਦਾ ਹੈ।

ਸਹਾਇਕ ਪਾਤਰ ਵੀ ਨਾਵਲ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਪਰਿਵਾਰਕ ਮੈਂਬਰਾਂ ਦੇ ਰੂਪ ਵਿੱਚ ਮਾਂ-ਪਿਉ ਦੀ ਮਮਤਾ, ਪਤਨੀ ਨਾਲ ਸੰਬੰਧਾਂ ਦੀ ਨਜ਼ਾਕਤ ਅਤੇ ਦੋਸਤਾਂ ਨਾਲ ਬਦਲਦੇ ਰਿਸ਼ਤੇ-ਸਭ ਮਿਲ ਕੇ ਇੱਕ ਜੀਵੰਤ ਸਮਾਜਕ ਤਸਵੀਰ ਪੇਸ਼ ਕਰਦੇ ਹਨ। ਇਹ ਪਾਤਰ ਸਿਰਫ਼ ਕਹਾਣੀ ਨੂੰ ਅੱਗੇ ਨਹੀਂ ਵਧਾਉਂਦੇ, ਸਗੋਂ ਨਾਵਲ ਦੇ ਕੇਂਦਰੀ ਵਿਚਾਰ-"ਘਰ ਦੀ ਮਹੱਤਤਾ"-ਨੂੰ ਹੋਰ ਮਜ਼ਬੂਤ ਕਰਦੇ ਹਨ। ਮਾਂ ਦਾ ਪਾਤਰ ਖਾਸ ਤੌਰ 'ਤੇ ਦਿਲ ਨੂੰ ਛੂਹਣ ਵਾਲਾ ਹੈ, ਜੋ ਆਪਣੇ ਬੱਚੇ ਦੀ ਵਾਪਸੀ ਦੀ ਉਡੀਕ ਕਰਦੀ ਹੈ ਅਤੇ ਉਸਦੇ ਨਾਲ ਜੁੜੀਆਂ ਯਾਦਾਂ ਵਿੱਚ ਜੀਉਂਦੀ ਰਹਿੰਦੀ ਹੈ।

ਨਾਵਲ ਦੇ ਕੇਂਦਰ ਵਿੱਚ "ਘਰ" ਦੀ ਧਾਰਨਾ ਹੈ, ਜਿਸਨੂੰ ਲੇਖਕ ਨੇ ਬਹੁਤ ਹੀ ਵਿਸ਼ਾਲ ਅਰਥਾਂ ਵਿੱਚ ਲਿਆ ਹੈ। ਘਰ ਸਿਰਫ਼ ਇੱਟਾਂ ਅਤੇ ਸਿਮੇਂਟ ਦੀ ਬਣੀ ਇਕ ਇਮਾਰਤ ਨਹੀਂ, ਬਲਕਿ ਉਹ ਅਹਿਸਾਸ ਹੈ ਜਿੱਥੇ ਮਨੁੱਖ ਨੂੰ ਆਪਣਾਪਣ

ਮਿਲਦਾ ਹੈ। ਵਿਦੇਸ਼ ਵਿੱਚ ਰਹਿੰਦਾ ਹੋਇਆ ਮਨੁੱਖ ਭਾਵੇਂ ਕਿੰਨੀ ਵੀ ਤਰੱਕੀ ਕਰ ਲਏ, ਉਸਦੇ ਮਨ ਦੇ ਕਿਸੇ ਕੋਨੇ ਵਿੱਚ ਆਪਣੇ ਘਰ ਲਈ ਤਰਸ ਬਰਕਰਾਰ ਰਹਿੰਦਾ ਹੈ। ਇਹੀ ਤਰਸ ਨਾਵਲ ਨੂੰ ਇੱਕ ਭਾਵਪੂਰਣ ਅਤੇ ਦਰਸ਼ਨਿਕ ਪੱਧਰ 'ਤੇ ਲੈ ਜਾਂਦਾ ਹੈ।

ਹਰਜੀਤ ਅਟਵਾਲ ਦੀ ਭਾਸ਼ਾ ਇਸ ਨਾਵਲ ਦੀ ਸਭ ਤੋਂ ਵੱਡੀ ਤਾਕਤ ਹੈ। ਉਹ ਬਿਨਾ ਕਿਸੇ ਜਟਿਲ ਸ਼ਬਦਾਵਲੀ ਦੇ, ਸਧਾਰਣ ਅਤੇ ਪ੍ਰਭਾਵਸ਼ਾਲੀ ਅੰਦਾਜ਼ ਵਿੱਚ ਗਹਿਰੇ ਭਾਵ ਪ੍ਰਗਟ ਕਰਦੇ ਹਨ। ਉਨ੍ਹਾਂ ਦੀ ਲਿਖਤ ਵਿੱਚ ਇੱਕ ਸਹਿਜਤਾ ਹੈ ਜੋ ਪਾਠਕ ਨੂੰ ਆਪਣੇ ਨਾਲ ਜੋੜੀ ਰੱਖਦੀ ਹੈ। ਬਿਰਤਾਂਤ ਦੀ ਰਫ਼ਤਾਰ ਹੌਲੀ ਹੈ, ਪਰ ਇਹ ਹੌਲਾਪਣ ਹੀ ਪਾਠਕ ਨੂੰ ਪਾਤਰਾਂ ਦੇ ਅੰਦਰੂਨੀ ਜਗਤ ਵਿੱਚ ਝਾਤ ਮਾਰਨ ਦਾ ਮੌਕਾ ਦਿੰਦਾ ਹੈ।

ਸਮੂਹਿਕ ਤੌਰ 'ਤੇ ਵੇਖਿਆ ਜਾਵੇ ਤਾਂ "ਘਰ" ਇੱਕ ਅਜਿਹਾ ਨਾਵਲ ਹੈ ਜੋ ਪਾਠਕ ਨੂੰ ਸਿਰਫ਼ ਪੜ੍ਹਨ ਲਈ ਨਹੀਂ, ਸਗੋਂ ਮਹਿਸੂਸ ਕਰਨ ਲਈ ਮਜਬੂਰ ਕਰਦਾ ਹੈ। ਇਹ ਨਾਵਲ ਸਾਨੂੰ ਆਪਣੇ ਜੀਵਨ ਦੇ ਮੁੱਖ ਸਵਾਲਾਂ-ਅਸੀਂ ਕਿੱਥੋਂ ਆਏ ਹਾਂ, ਕਿੱਥੇ ਜਾ ਰਹੇ ਹਾਂ ਅਤੇ ਸਾਡਾ ਅਸਲੀ ਘਰ ਕਿਹੜਾ ਹੈ-ਬਾਰੇ ਸੋਚਣ ਲਈ ਪ੍ਰੇਰਿਤ ਕਰਦਾ ਹੈ। ਇਹ ਰਚਨਾ ਪਰਵਾਸੀ ਜੀਵਨ ਦੀ ਸੱਚਾਈ ਨੂੰ ਬਹੁਤ ਹੀ ਸੂਝਬੂਝ ਅਤੇ ਸੰਵੇਦਨਸ਼ੀਲਤਾ ਨਾਲ ਦਰਸਾਉਂਦੀ ਹੈ ਅਤੇ ਇਸ ਕਾਰਨ ਇਹ ਪੰਜਾਬੀ ਸਾਹਿਤ ਵਿੱਚ ਇੱਕ ਯਾਦਗਾਰ ਕਿਰਤੀ ਬਣ ਜਾਂਦੀ ਹੈ।

ਜਗਮੀਤ ਸਿੰਘ

**ਪੀਐਚ.ਡੀ. ਖੋਜਾਰਥੀ**

**ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ**

15-03-2026